**ਠਹਿਰਾਵ :** ਬਲਿਯਾ, ਗਾਜੀਪੁਰ ਸਿਟੀ, ਓਂਡਿਹਾਰ ਜੰ:, ਜੌਨਪੁਰ ਜੰ:, ਵਾਰਾਣਸੀ, ਮਿਰਜਾਪੁਰ, ਪ੍ਰਯਾਗਰਾਜ ਛਿਵਕੀ, ਮਾਨਿਕਪੁਰ ਜੰ:, ਸਤਨਾ, ਕਟਨੀ ਮੁੜਵਾਰਾ, ਦਮੋਹ, ਸਾਗਰ, ਬੀਨਾ ਜੰ:, ਸੰਤ ਹਿਰਦਾਰਾਮ ਨਗਰ, ਊਜੈਨ ਜ:, ਰਤਲਾਮ ਜੰ:, ਗੋਧਰਾ ਜੰ:, ਵਡੋਦਰਾ ਜੰ:, ਭਰੂਚ ਜੰ: ਅਤੇ ਸੂਰਤ ਸਟੇਸ਼ਨ।
**ਜਗ੍ਹਾਂ :** 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ।

**05736/05735 ਕਟਿਹਾਰ - ਅੰਮ੍ਰਿਤਸਰ - ਕਟਿਹਾਰ ਰਿਜ਼ਰਵ ਤਿਉਹਾਰ ਵਿਸ਼ੇਸ਼ ਐਕਸਪ੍ਰੈਸ (ਸਪਤਾਹਿਕ)** — 14 ਫੇਰੇ

| ਰੇਲਗੱਡੀ ਨੰ: 05736 | | ↓ ਸਟੇਸ਼ਨ ↑ | ਰੇਲਗੱਡੀ ਨੰ: 05735 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| ---- | 21:00 | ਕਟਿਹਾਰ | 23:45 | ---- |
| 09:45 | ---- | ਅੰਮ੍ਰਿਤਸਰ | ---- | 13:25 |

**ਚਲਨ ਦੇ ਦਿਨ : 05736 ਕਟਿਹਾਰ** ਤੋਂ ਹਰੇਕ ਬੁੱਧਵਾਰ ਨੂੰ ਮਿਤੀ 17.09.2025 ਤੋਂ 05.11.2025 ਤਕ (24.09.2025 ਨੂੰ ਛੱਡਕੇ) ਅਤੇ **05735 ਅੰਮ੍ਰਿਤਸਰ** ਤੋਂ ਹਰੇਕ ਸ਼ੁੱਕਰਵਾਰ ਨੂੰ ਮਿਤੀ 19.09.2025 ਤੋਂ 07.11.2025 ਤਕ (26.09.2025 ਨੂੰ ਛੱਡਕੇ)।
**ਠਹਿਰਾਵ :** ਪੂਰਨਿਯਾ ਜੰ:, ਅਰਰਿਯਾ ਕੋਰਟ, ਫਾਰਬਿਸਗੰਜ, ਲਲਿਤਗ੍ਰਾਮ, ਰਾਧੋਪੁਰ, ਸਰਾਯਗੜ੍ਹ, ਨਿਰਮਲੀ, ਝੰਝਾਰਪੁਰ, ਸਕਰੀ ਜੰ:, ਸ਼ਿਸ਼ੋ, ਸੀਤਾਮੜ੍ਹੀ, ਰਕਸੋਲ ਜੰ:, ਨਰਕਟਿਯਾਗੰਜ ਜੰ:, ਕਪਤਾਨਗੰਜ ਜੰ:, ਗੋਰਖਪੁਰ ਜੰ:, ਬਸਤੀ, ਗੋਂਡਾ ਜੰ:, ਸੀਤਾਪੁਰ ਜੰ:, ਸ਼ਾਹਜਹਾਂਪੁਰ, ਬਰੇਲੀ, ਮੁਰਾਦਾਬਾਦ, ਲਕਸਰ ਜੰ:, ਰੁੜਕੀ, ਸਹਾਰਨਪੁਰ ਜੰ:, ਅੰਬਾਲਾ ਕੈਂਟ ਜੰ:, ਰਾਜਪੁਰਾ ਜੰ:, ਢੰਢਾਰੀ ਕਲਾਂ, ਜਲੰਧਰ ਸਿਟੀ ਅਤੇ ਬਯਾਸ ਸਟੇਸ਼ਨ।
**ਜਗ੍ਹਾਂ :** 2 ਟੀਯਰ ਵਾਤਾ., 3 ਟੀਯਰ ਵਾਤਾ., ਸਲੀਪਰ ਅਤੇ ਸਮਾਨਯ।

**ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਸੂਚਨਾ ਅਤੇ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://enquiry.indianrail.gov.in ਜਾਂ NTES ਐਪ ਦੇਖੋ।**

**ਉੱਤਰ ਰੇਲਵੇ**
ਸਾਨੂੰ www.nr.indianrailways.gov.in ਉਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — ਉਤੇ ਸਾਨੂੰ ਫਾਲੋ ਕਰੋ

# ਬਰਸਾਤੀ ਮੌਸਮ 'ਚ ਲੋਕਾਂ ਦੇ ਜੀਅ ਦਾ ਜੰਜਾਲ ਬਣੇ ਰੇਲਵੇ ਅੰਡਰਬ੍ਰਿਜ

**ਕੌਮੀ ਪਤ੍ਰਿਕਾ**

ਲਹਿਰਾਗਾਗਾ 2 ਸਤੰਬਰ। ਸ਼ਹਿਰ ਨਿਵਾਸੀਆਂ ਦੀ ਸਹੂਲਤ ਲਈ ਬਣਾਇਆ ਗਿਆ ਰੇਲਵੇ ਅੰਡਰਬ੍ਰਿਜ ਬਰਸਾਤੀ ਮੌਸਮ ਦੇ ਦੌਰਾਨ ਲੋਕਾਂ ਦੇ ਜੀਅ ਦਾ ਜੰਜਾਲ ਬਣ ਜਾਂਦਾ ਹੈ। ਬੇਸ਼ੱਕ ਪੁਲ ਬਣਨ ਨਾਲ ਸ਼ਹਿਰ ਨਿਵਾਸੀਆਂ ਨੂੰ ਸਹੂਲਤਾਂ ਹੋਈ ਹੈ ਪਰ ਥੋੜ੍ਹੀ ਜਿਹੀ ਬਰਸਾਤ ਪੈਣ 'ਤੇ ਪੁਲ ਅੰਦਰ ਪਾਣੀ ਭਰ ਜਾਂਦਾ ਹੈ ਤੇ ਨਗਰ ਕੌਂਸਲ ਵੱਲੋਂ ਪਾਣੀ ਕੱਢਣ ਦਾ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ, ਜਿਸ ਕਾਰਨ ਕਈ ਵਾਰ ਕੁਝ ਵਿਅਕਤੀਆਂ ਦੀ ਜਾਨ ਵੀ ਜੋਖ਼ਮ 'ਚ ਪੈ ਗਈ ਪਰ ਫਿਰ ਵੀ ਨਗਰ ਕੌਂਸਲ/ਪ੍ਰਸ਼ਾਸਨ ਨੇ ਕੋਈ ਸਬਕ ਨਹੀਂ ਲਿਆ। ਪਿਛਲੇ ਦੋ ਦਿਨਾਂ ਤੋਂ ਪੈ ਰਹੀ ਭਾਰੀ ਬਰਸਾਤ ਦੇ ਕਾਰਨ ਪੁਲ ਪੂਰੀ ਤਰ੍ਹਾਂ ਪਾਣੀ ਨਾਲ ਭਰ ਚੁੱਕਿਆ ਹੈ ਪਰ ਨਗਰ ਕੌਂਸਲ ਜਾਂ ਪ੍ਰਸ਼ਾਸਨ ਨੇ ਕਿਸੇ ਵੀ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਉਸ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ, ਜਿਸ ਕਾਰਨ ਰੇਲਵੇ ਅੰਡਰਬ੍ਰਿਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਦੀ ਕਥਿਤ ਲਾਪ੍ਰਵਾਹੀ ਕਾਰਨ ਸ਼ਹਿਰ ਨਿਵਾਸੀਆਂ ਲਈ ਖੌਫ ਬਣਿਆ ਹੋਇਆ ਹੈ। ਪੁਲ ਵਿਚ ਪੂਰਾ ਪਾਣੀ ਭਰ ਜਾਣ ਕਾਰਨ ਹੁਣ ਪੁਲ ਦਾ ਪਾਣੀ ਸ਼ਹਿਰ ਵਾਲੇ ਅੰਡਰਗਰਾਊਂਡ ਪਾਈਪ ਲਾਈਨ 'ਚ ਪੈ ਰਿਹਾ ਹੈ, ਜਿਸ ਕਾਰਨ ਸ਼ਹਿਰ ਅੰਦਰ ਨਿਕਾਸੀ ਪਾਣੀ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ ਅਤੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ, ਮੁਹੱਲਿਆਂ 'ਚ ਖੜ੍ਹਿਆ ਪਾਣੀ ਲੋਕਾਂ ਲਈ ਮੁਸੀਬਤਾਂ ਪੈਦਾ ਕਰ ਰਿਹਾ ਹੈ। ਕਈ ਵਾਰਡਾਂ 'ਚ ਤਾਂ ਲੋਕਾਂ ਦੇ ਘਰਾਂ 'ਚ ਵੀ ਪਾਣੀ ਵੜ ਗਿਆ ਅਤੇ ਇਧਰ-ਉਧਰ ਜਾਣ ਲਈ ਲੋਕਾਂ ਨੂੰ



ਕਈ ਫੁੱਟ ਪਾਣੀ 'ਚੋਂ ਲੰਘਣਾ ਪੈ ਰਿਹਾ ਹੈ। ਕੁੱਲ ਮਿਲਾ ਕੇ ਦੇਖਿਆ ਜਾਵੇ ਤਾਂ ਸ਼ਹਿਰ ਅੰਦਰ ਭਾਰੀ ਮੀਂਹ ਕਾਰਨ ਪਾਣੀ ਦੀ ਨਿਕਾਸੀ ਸ਼ਹਿਰ ਨਿਵਾਸੀਆਂ ਦੇ ਜੀਅ ਦਾ ਜੰਜਾਲ ਬਣੀ ਹੋਈ ਹੈ , ਜ਼ਰੂਰਤ ਹੈ ਕਿ ਨਗਰ ਕੌਂਸਲ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਇਸ ਦਾ ਸਥਾਈ ਹੱਲ ਕਰੇ। ਸੂਤਰਾਂ ਤੋਂ ਪਤਾ ਚੱਲਿਆ ਕਿ ਅੰਡਰਬ੍ਰਿਜ 'ਚੋਂ ਪਾਣੀ ਕੱਢਣ ਲਈ ਕਾਂਗਰਸ ਸਰਕਾਰ ਸਮੇਂ ਅਤੇ 'ਆਪ' ਸਰਕਾਰ 'ਚ ਵੀ ਮੋਟਰਾਂ ਦਾ ਪ੍ਰਬੰਧ ਕੀਤਾ ਗਿਆ ਸੀ ਪਰ ਆਖਿਰਕਾਰ ਉਹ ਮੋਟਰਾਂ ਕਿੱਥੇ ਗਈਆਂ ਜਾਂ ਫਿਰ ਕਿਉਂ ਨਹੀਂ ਚੱਲਦੀਆਂ? ਇਸ ਦਾ ਜਵਾਬ ਕੌਣ ਦੇਵੇਗਾ ਪਰ ਹੁਣ ਦੇਖਣਾ ਇਹ ਹੋਵੇਗਾ ਕਿ ਮਸਲਾ ਹੱਲ ਹੁੰਦਾ ਹੈ ਜਾਂ ਆਉਣ ਵਾਲੇ ਸਮੇਂ 'ਚ ਵੀ ਸ਼ਹਿਰ ਨਿਵਾਸੀਆਂ ਨੂੰ ਗੰਦੇ ਪਾਣੀ ਦੇ ਨਾਲ-ਨਾਲ ਬਰਸਾਤੀ ਪਾਣੀ ਦੀ ਸੁਚਾਰੂ ਨਿਕਾਸੀ ਸਬੰਧੀ ਇਸੇ ਤਰ੍ਹਾਂ ਸਮੱਸਿਆਵਾਂ ਨਾਲ ਦੋ ਚਾਰ ਹੁੰਦਾ ਰਹਿਣਾ ਪਵੇਗਾ। ਬੀਤੇ ਦਿਨੀਂ ਰੇਲਵੇ ਅੰਡਰਬ੍ਰਿਜ 'ਚ ਘੱਟ ਪਾਣੀ ਹੋਣ ਕਾਰਨ ਬਾਹਰੋਂ ਆਏ ਚਾਰ ਨੌਜਵਾਨਾਂ ਨੇ ਆਪਣੀ ਗੱਡੀ ਅੰਡਰਬ੍ਰਿਜ 'ਚੋਂ ਲੰਘਾਉਣ ਦੀ ਕੋਸ਼ਿਸ਼ ਕੀਤੀ ਤਾਂ ਗੱਡੀ ਪੁਲ ਦੇ ਵਿਚਕਾਰ ਹੀ ਬੰਦ ਹੋ ਗਈ ਅਤੇ ਤਾਕੀਆਂ ਬੰਦ ਹੋ ਗਈਆਂ, ਜਿਸ ਕਾਰਨਨੌਜਵਾਨ ਤਾਂ ਕਾਰ ਸ਼ੀਸ਼ੇ ਤੋੜ ਕੇ ਬਾਹਰ ਨਿਕਲ ਗਏ ਪਰ ਦੇਖਦੇ ਹੀ ਦੇਖਦੇ ਗੱਡੀ ਪਾਣੀ 'ਚ ਡੁੱਬ ਗਈ, ਜਿਸ ਕਾਰਨ ਨੌਜਵਾਨ ਗੱਡੀ ਪੁਲ ਵਿਚਕਾਰ ਹੀ ਛੱਡ ਕੇ ਖੁਦ ਬਾਹਰ ਨਿਕਲ ਆਏ ਪਰ ਉਨ੍ਹਾਂ ਦੀ ਗੱਡੀ ਅੱਜ ਵੀ ਰੇਲਵੇ ਅੰਡਰਬ੍ਰਿਜ 'ਚ ਫਸੀ ਹੋਈ ਹੈ। ਜਿਸ ਵਿਚ ਨੌਜਵਾਨਾਂ ਦਾ ਹਜ਼ਾਰਾਂ ਰੁਪਏ ਕੈਸ਼ ਹੋਣ ਦੀ ਵੀ ਜਾਣਕਾਰੀ ਮਿਲੀ ਹੈ। ਹੁਣ ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਬਰਸਾਤੀ ਮੌਸਮ 'ਚ ਵੀ ਪ੍ਰਸ਼ਾਸਨ ਵੱਲੋਂ ਰੇਲਵੇ ਅੰਡਰਬ੍ਰਿਜ ਦੇ ਕੋਲ ਲੋਕਾਂ ਦੀ ਸੁਰੱਖਿਆ ਦੇ ਪੁਖਤਾ ਪ੍ਰਬੰਧ ਕਿਉਂ ਨਹੀਂ ਕੀਤੇ ਜਾਂਦੇ। ਜੇਕਰ ਉਕਤ ਨੌਜਵਾਨਾਂ ਨਾਲ ਕੋਈ ਅਣਸਖਾਵੀਂ ਘਟਨਾ ਹੋ ਜਾਂਦੀ ਤਾਂ ਉਸ ਦੇ ਲਈ ਜ਼ਿੰਮੇਵਾਰ ਹੁੰਦਾ ਤਾਂ ਹੁੰਦਾ ਕੌਣ? ਇਹ ਬਹੁਤ ਵੱਡਾ ਸਵਾਲ ਹੈ। ਪਿਛਲੇ ਸਮੇਂ ਨਗਰ ਕੌਂਸਲ ਵੱਲੋਂ ਨਗਰ ਕੌਂਸਲ ਦਫਤਰ ਅਤੇ ਐੱਸ.ਡੀ.ਐੱਮ. ਦਫਤਰ ਅੱਗੋਂ ਲੰਘਦੇ ਬਰਸਾਤੀ ਨਿਕਾਸੀ ਨਾਲੇ ਨੂੰ ਅੰਡਰਗਰਾਊਂਡ ਪਾਈਪ ਨਾਲ ਕਵਰ ਕਰ ਦਿੱਤਾ ਗਿਆ। ਦੂਜੇ ਪਾਸੇ ਵਾਰਡ ਨੰਬਰ 4 ਅਤੇ 13 'ਚ ਵੀ ਨਗਰ ਕੌਂਸਲ ਨੇ ਅੰਡਰਗਰਾਊਂਡ ਪਾਈਪ ਲਾਈਨ ਪਾ ਦਿੱਤੀਆਂ, ਜਿਸ ਦਾ ਖਮਿਆਜ਼ਾ ਅੱਜ ਸਬੰਧਤ ਵਾਰਡਾਂ ਅਤੇ ਅੜਕਵਾਸ ਰੋਡ ਦੇ ਬਸ਼ਿੰਦਿਆਂ ਨੂੰ ਭੁਗਤਣਾ ਪੈ ਰਿਹਾ ਹੈ। ਲੋਕ ਸਪੱਸ਼ਟ ਸ਼ਬਦਾਂ 'ਚ ਕਹਿ ਰਹੇ ਹਨ ਕਿ ਅੰਡਰਗਰਾਊਂਡ ਪਾਈਪਲਾਈਨ ਲੋਕਾਂ ਲਈ ਸਹੂਲਤ ਨਹੀਂ ਬਲਕਿ ਮੁਸੀਬਤ ਬਣ ਗਈ ਹੈ। ਮੌਕੇ 'ਤੇ ਦੇਖਿਆ ਗਿਆ ਕਿ ਅੰਡਰਗਰਾਊਂਡ ਪਾਈਪ ਲਾਈਨ ਦੇ ਕਾਰਨ ਐੱਸ.ਡੀ.ਐੱਮ. ਦਫਤਰ ਅਤੇ ਨਗਰ ਕੌਂਸਲ ਦੇ ਗੇਟਾਂ ਅੱਗੇ ਵੀ ਪਾਣੀ ਖੜ੍ਹਾ ਸੀ , ਜਿੱਥੇ ਕਿ ਲੋਕ ਪਹੁੰਚ ਨਹੀਂ ਸਕਦੇ ਸਨ। ਜ਼ਰੂਰਤ ਹੈ ਕਿ ਨਗਰ ਕੌਂਸਲ ਤੁਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਕੇ ਪਾਈ ਗਈ ਅੰਡਰ ਗਰਾਊਂਡ ਪਾਈਪਲਾਈਨ ਨੂੰ ਕੱਢ ਕੇ ਨਾਲੀਆਂ ਨੂੰ ਓਪਨ ਕੀਤਾ ਜਾਵੇ ਤਾਂ ਜੋ ਬਰਸਾਤੀ ਸਮੇਂ 'ਚ ਨਿਕਾਸੀ ਪਾਣੀ ਦੀ ਸਮੱਸਿਆ ਦਾ ਹੱਲ ਹੋ ਸਕੇ।

# ਸਿਖਿਆ ਮੰਤਰੀ ਮਹੀਪਾਲ ਢਾਂਡਾ ਨੇ ਪੈਰਿਸ ਵਿੱਚ ਕੀਤਾ ਰਾਜ ਦਾ ਪ੍ਰਤੀਨਿਧੀਤਵ

ਚੰਡੀਗੜ੍ਹ, 2 ਸਤੰਬਰਃ ਹਰਿਆਣਾ ਦੇ ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਯੂਨੇਸਕੋ (ਓਟਥਛਙ+) ਦੇ ਸੱਦੇ 'ਤੇ ਪੈਰਿਸ ਵਿੱਚ 1 ਤੋਂ 5 ਸਤੰਬਰ ਤੱਕ ਆਯੋਜਿਤ ਯੂਨੇਸਕੋ ਡਿਜੀਟਲ ਲਰਨਿੰਗ ਵੀਕ-2025 ਵਿੱਚ ਹਿੱਸਾ ਲੈ ਰਹੇ ਹਨ। ਇਹ ਪ੍ਰਤਿਸ਼ਠਤ ਵਿਸ਼ਵ ਆਯੋਜਨ ਸਿਖਿਆ ਦੇ ਭਵਿੱਖ, ਡਿਜੀਟਲ ਲਰਨਿੰਗ, ਆਰਟੀਫੀਸ਼ਿਅਲ ਇੰਟੈਲੀਜੈਂਸ ਅਤੇ ਨਵੀਨਤਮ ਤਕਨੀਕਾਂ 'ਤੇ ਕੇਂਦ੍ਰਿਤ ਹਨ, ਜਿਸ ਵਿੱਚ ਕੌਮਾਂਤਰੀ ਸੰਗਠਨ, ਨੀਤੀ ਨਿਰਮਾਤਾ, ਸਿਖਿਆ ਮਾਹਰ ਅਤੇ ਤਕਨੀਕੀ ਵਿਦਵਾਨ ਸ਼ਾਮਿਲ ਹੋਏ ਹਨ। ਇਸ ਮੌਕੇ 'ਤੇ ਸਿਖਿਆ ਮੰਤਰੀ ਨੇ ਵੱਖ-ਵੱਖ ਦੇਸ਼ਾਂ ਦੇ ਸਿਖਿਆ ਮੰਤਰੀਆਂ ਅਤੇ ਪ੍ਰਤੀਨਿਧੀਆਂ ਦੇ ਨਾਲ ਵਿਚਾਰ-ਵਟਾਂਦਰਾਂ ਕੀਤਾ ਅਤੇ ਹਰਿਆਣਾ ਰਾਜ ਵੱਲੋਂ ਭਾਰਤ ਦੀ ਸੀਖਿਆ ਨੀਤੀ 2020 ਦੇ ਵਿਜਨ ਅਨੁਰੂਪ ਵਿਸ਼ਵ ਪੱਧਰ 'ਤੇ ਸਿਖਿਆ ਖੇਤਰ ਵਿੱਚ ਆ ਰਹੇ ਬਦਲਾਅ ਵਿੱਚ ਵਿਚਾਰ-ਵਟਾਂਦਰਾਂ ਕੀਤਾ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਵਿੱਚ ਸਿਖਿਆ ਨੀਤੀ ਨੂੰ ਇਸੀ ਵਿਦਿਅਕ ਪੱਧਰ ਤੋਂ ਲਾਗੂ ਕੀਤਾ ਜਾ ਰਿਹਾ ਹਨ, ਜੋ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਡਿਜੀਟਲ ਭਾਰਤ ਦੇ ਵਿਜਨ ਨੂੰ ਸਾਕਾਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਨੇ ਦਸਿਆ ਕਿ ਇਹ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਦੂਰਦਰਸ਼ੀ ਅਗਵਾਈ ਹੇਠ ਸੂਬੇ ਦੀ ਸਿਖਿਆ ਵਿਵਸਥਾ ਲਗਾਤਾਰ ਪ੍ਰਗਤੀ ਦੇ ਨਵੇਂ ਮੁਕਾਮ ਛੋਹ ਰਿਹਾ ਹੈ ਅਤੇ ਵਿਸ਼ਵ ਪੱਧਰ 'ਤੇ ਆਪਣੀ ਪਹਿਚਾਣ ਬਣਾ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਨੇ ਸਕੂਲਾਂ ਵਿੱਚ ਸਮਾਰਟ ਕਲਾਸਰੂਮ, ਈ-ਲਰਨਿੰਗ ਕੰਟੇਂਟ, ਡਿਜੀਟਲ ਲੈਬਸ, ਅਧਿਆਪਕਾਂ ਦੇ ਸਿਖਲਾਈ ਪ੍ਰੋਗਰਾਮ ਅਤੇ ਵਿਦਿਆਰਥੀਆਂ ਲਈ ਤਕਨੀਕੀ ਅਧਾਰਿਤ ਸਿੱਖਣ ਦੇ ਮੌਕੇ ਉਪਲਬਧ ਕਰਾ ਕੇ ਸਿਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਕੀਤੇ ਹਨ। ਸ੍ਰੀ ਢਾਂਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਸਿਖਿਆ ਨੂੰ ਸਿਰਫ ਰਿਵਾਇਤੀ ਢਾਂਚੇ ਤੱਕ ਸੀਮਤ ਨਹੀ ਰੱਖੀ ਰਹੀ, ਸਗੋ ਨਵੀਂ ਤਕਨੀਕਾਂ ਨੂੰ ਅਪਣਾ ਕੇ ਵਿਦਿਆਰਥੀਆਂ ਨੂੰ ਭਵਿੱਖ ਦੀ ਚਣੌਤੀਆਂ ਲਈ ਤਿਆਰ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਵਰਨਣ ਕੀਤਾ ਕਿ ਹਰਿਆਣਾ ਸਰਕਾਰ ਨੇ ਡਿਜੀਟਲ ਸਿਖਿਆ ਵਿੱਚ ਸਮਾਨ ਮੌਕਾ ਯਕੀਨੀ ਕਰਨ ਲਈ ਵਿਸ਼ੇਸ਼ ਰੂਪ ਨਾਲ ਗ੍ਰਾਮੀਣ ਖੇਤਰਾਂ ਅਤੇ ਵਾਂਝੇ ਵਰਗ ਦੇ ਬੱਚਿਆ ਨੂੰ ਧਿਆਨ ਵਿੱਚ ਰੱਖ ਕੇ ਅਨੇਕ ਨਵਾਚਾਰ ਲਾਗੂ ਕੀਤੇ ਹਨ। ਯੂਨੇਸਕੋ ਵੱਲੋਂ ਹਰਿਆਣਾ ਦੀ ਇੰਨ੍ਹਾਂ ਵਾਹਨਾਂ ਨੂੰ ਮਾਨਤਾ ਦੇਣਾ ਸੂਬੇ ਲਈ ਮਾਣ ਦੀ ਗੱਲ ਹੈ। ਇਸ ਤੋਂ ਨਾ ਸਿਰਫ ਹਰਿਆਣਾ ਦਾ ਵਿਸ਼ਵ ਪੱਧਰ 'ਤੇ ਮਾਣ ਵਧਿਆ ਹੈ, ਸਗੋ ਇਸ ਨਾਲ ਸਿਖਿਆ ਜਗਤ ਦੇ ਹੋਰ ਹਿੱਤਧਾਰਕਾਂ ਦੇ ਵਿੱਚ ਵੀ ਸੂਬੇ ਦੀ ਸਾਖ ਮਜਬੂਤ ਹੋਈ ਹੈ। ਯੂਨੇਸਕੋ ਡਿਜੀਟਲ ਲਰਨਿੰਗ ਵੀਕ ਵਿੱਚ ਹਰਿਆਣਾ ਵੱਲੋਂ ਪੇਸ਼ ਮਾਡਲ ਦੀ ਵਿਸ਼ੇਸ਼ਤਾ ਇਹ ਰਹੀ ਕਿ ਕਿਵੇਂ ਰਾਜ ਨੇ ਸੂਚਨਾ ਤਕਨਾਲੋ?ੀ ਅਤੇ ਸੂਚਨਾ ਅਤੇ ਸੰਚਾਰ ਤਕਨਾਲੋਜੀ ਦੀ ਵਰਤੋ ਕਰ ਡਿਜੀਅਲ ਅੰਤਰਾਲ (ਣਜਪਜਵ.; ਣਜਡਜਦਕ) ਨੂੰ ਪਾਟਣ ਨੂੰ ਘੱਟ ਕਰਨ ਅਤੇ ਸਰਕਾਰੀ ਤੇ ਨਿਜੀ ਸਕੂਲਾਂ ਦੇ ਵਿੱਚ ਦੀ ਗੈਪ ਨੂੰ ਘੱਟ ਕਰਨ 'ਤੇ ਫੋਕਸ ਕੀਤਾ। ਸਿਖਿਆ ਮੰਤਰੀ ਦੇ ਨਾਲ ਵਫਦ ਵਿੱਚ ਹਰਿਆਣਾ ਸਿਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਨੀਤ ਗਰਗ ਤੇ ਹੋਰ ਅਧਿਕਾਰੀ ਮੌਜੂਦ ਰਹੇ।

## ਹਰ ਬੱਚੇ ਅਤੇ ਮਹਿਲਾ ਨੂੰ ਸਿਹਤ ਅਤੇ ਸਸ਼ਕਤ ਬਨਾਉਣਾ ਹੀ ਸਰਕਾਰ ਦਾ ਟੀਚਾ-ਆਰਤੀ ਸਿੰਘ ਰਾਓ

ਚੰਡੀਗੜ੍ਹ, 2 ਸਤੰਬਰਃ ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਰਾਜ ਸਰਕਾਰ ਦਾ ਟੀਚਾ ਹੈ ਕਿ ਰਾਜ ਦਾ ਹਰ ਬੱਚਾ ਅਤੇ ਹਰ ਮਹਿਲਾ ਪੂਰੀ ਤਰ੍ਹਾਂ ਸਿਹਤਮੰਦ ਅਤੇ ਸਸ਼ਕਤ ਬਨਣ। ਡਿਵਰਮਿੰਗ ਮੁਕਤੀ ਹਰਿਆਣਾ-ਸਿਹਤਮੰਦ ਹਰਿਆਣਾ ਦਾ ਸੁਪਨਾ ਉੱਦੋਂ ਪੂਰਾ ਹੋਵੇਗਾ ਜਦੋਂ ਸਮਾਜ ਦੀ ਮੂਲ ਸ਼ਕਤੀ ਮਹਿਲਾਵਾਂ ਅਤੇ ਬੱਚੇ ਪੂਰੀ ਤਰਾਂ?ਹ ਸਿਹਤਮੰਦ ਹੋਣਗੇ। ਉਨ੍ਹਾਂ ਨੇ ਅੱਜ ਮਾਪ-ਅਪ ਦਿਵਸ 'ਤੇ ਕਿਹਾ ਕਿ ਬੱਚੇ, ਯੁਵਾ ਅਤੇ ਪ੍ਰਜਨਨ ਆਯੂ ਵਰਗ ਦੀ ਮਹਿਲਾਵਾਂ ਨੂੰ ਕੀੜੇ ਦੀ ਲਾਗ ਤੋਂ ਮੁਕਤ ਕਰਨ ਲਈ ਲਗਾਤਾਰ ਠੋਸ ਕਦਮ ਚੱਕ ਰਹੀ ਹੈ। ਇਸ ਲੜੀ ਵਿੱਚ ਦੇਸ਼ਭਰ ਵਿੱਚ ਕੌਮੀ ਡਿਵਰਮਿੰਗ ਮੁਕਤੀ ਦਿਵਸ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਕੀੜੇ ਦੀ ਲਾਗ ਬੱਚਿਆਂ ਅਤੇ ਕਿਸ਼ੋਰਾਂ ਦੀ ਸਿਹਤ ਅਤੇ ਪੋਸ਼ਣ ਪੱਧਰ 'ਤੇ ਡੂੰਗਾ ਅਸਰ ਪਾਉਂਦਾ ਹੈ। ਇਸ ਕਾਰਨ ਖੂਨ ਦੀ ਕਮੀ, ਕੁਪੋਸ਼ਣ, ਭੁੱਖ ਨਾ ਲਗਣਾ, ਪੇਟ ਦਰਦ ਅਤੇ ਕਮਜੋਰੀ ਜਿਹੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਲਈ ਸਰਕਾਰ ਨੇ 1 ਤੋਂ 19 ਸਾਲ ਦੀ ਉਮਰ ਵਰਗ ਦੇ ਬੱਚਿਆਂ ਅਤੇ ਕਿਸ਼ੋਰਾਂ ਅਤੇ 20 ਤੋਂ 24 ਸਾਲ ਦੀ ਉਨ੍ਹਾਂ ਪ੍ਰਜਨਨ ਉਮਰ ਵਰਗ ਦੀ ਮਹਿਲਾਵਾਂ ਨੂੰ ਕੀੜਿਆਂ ਨੂੰ ਮਾਰਨ ਦੀ ਦਵਾਈ ਐਲਬੇਂਡਾਜੋਲ ਫ?ਰੀ ਮੁਹੱਈਆ ਕਰਵਾਈ ਹੈ। ਸਿਹਤ ਮੰਤਰੀ ਨੇ ਜਾਣਕਾਰੀ ਦਿੱਤੀ ਕਿ ਇਹ ਦਵਾਈ 26 ਅਗਸਤ 2025 ਨੂੰ ਰਾਜ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਅਤੇ ਆਂਗਨਵਾੜੀ ਕੇਂਦਰਾਂ ਰਾਹੀਂ ਬੱਚਿਆ ਅਤੇ ਮਹਿਲਾਵਾਂ ਨੂੰ ਦਿੱਤੀ ਗਈ। ਜੋ ਕਿਸੇ ਕਾਰਨ ਤੋਂ ਇਸ ਦਵਾਈ ਤੋਂ ਵਾਂਝੇ ਰਹਿ ਗਏ ਉਨ੍ਹਾਂ ਨੂੰ ਅੱਜ ਮਾਪ-ਅਪ ਦਿਵਸ 'ਤੇ 2 ਸਤੰਬਰ 2025 ਨੂੰ ਇਹ ਦਵਾਈ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਬੱਚਿਆਂ ਅਤੇ ਮਹਿਲਾਵਾਂ ਦੀ ਸਿਹਤ ਹੀ ਸਮਾਜ ਅਤੇ ਰਾਸ਼ਟਰ ਦੀ ਵਾਸਤਵਿਕ ਪੂੰਜੀ ਹੈ।

# ਨਗਰ ਨਿਗਮ ਦੀ ਵੱਡੀ ਕਾਰਵਾਈ, ਅਧਿਕਾਰੀਆਂ ਨੂੰ ਦਿੱਤੇ ਹੁਕਮ

ਅੰਮ੍ਰਿਤਸਰ 2 ਸਤੰਬਰ। ਨਗਰ ਨਿਗਮ ਦੇ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਦੇ ਦਿਸ਼ਾ-ਨਿਰਦੇਸ਼ਾ 'ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਵਧੀਕ ਕਮਿਸ਼ਨਰ ਵਲੋਂ ਸ਼ਹਿਰ ਦੀ ਬਿਹਤਰ ਸਫਾਈ ਵਿਵਸਥਾ ਲਈ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਡਿਊਟੀ ਸਮੇਂ ਤੋਂ ਉੱਪਰ ਉਠ ਕੇ ਹਰ ਸਭੰਵ ਉਪਰਾਲਾ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸ਼ਹਿਰ ਵਿਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣ ਲਈ ਸ਼ਹਿਰ ਵਾਸੀਆਂ ਨੂੰ ਜਾਗਰੂਕ ਕਰਨ ਅਤੇ ਚਲਾਨ ਕੱਟਣ ਦੀ ਕਾਰਵਾਈ ਕਰਨ ਲਈ ਕਿਹਾ ਗਿਆ। ਮੀਟਿੰਗ ਦੌਰਾਨ ਅਧਿਕਾਰੀਆਂ ਵਲੋਂ ਦੱਸਿਆ ਗਿਆ ਕਿ ਸਾਰੇ ਇਲਾਕਾ ਚੀਫ ਸੈਨੇਟਰੀ ਇੰਸਪੈਕਟਰ ਅਤੇ ਸੈਨੇਟਰੀ ਇੰਸਪੈਕਟਰ ਆਪਣੇ-ਆਪਣੇ ਇਲਾਕੇ ਵਿਚ ਰੋਜ਼ਾਨਾ ਸਫਾਈ ਵਿਵਸਥਾ ਬਣਾ ਕੇ ਰੱਖਣ ਲਈ ਸਟਾਫ ਵਲੋਂ ਕੀਤੇ ਜਾ ਰਹੇ ਕੰਮ ਦੀ ਨਿਗਰਾਨੀ ਕਰਦੇ ਹਨ ਅਤੇ ਨਾਲ ਹੀ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੇ ਚਲਾਨ ਕੱਟ ਕੇ ਜੁਰਮਾਨਾ ਪਾਇਆ ਜਾ ਰਿਹਾ ਹੈ। ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਨਵ-ਨਿਯੁਕਤ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਦੀ ਮੁੱਖ ਤਰਜੀਹ ਸ਼ਹਿਰ ਦੀ ਬਿਹਤਰ ਸਫਾਈ ਵਿਵਸਥਾ ਅਤੇ ਸਿੰਗਲ ਯੂਜ਼ ਪਲਾਸਟਿਕ ਦੇ ਲਿਫਾਫਿਆ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣਾ ਹੈ। ਰੋਜ਼ਾਨਾ ਲੱਖਾਂ ਯਾਤਰੀ ਅਤੇ ਸ਼ਰਧਾਲੂ ਇਸ




ਪਵਿੱਤਰ ਨਗਰੀ ਦੇ ਦਰਸ਼ਨਾਂ ਲਈ ਆਉਂਦੇ ਹਨ, ਇਸ ਲਈ ਨਗਰ ਨਿਗਮ ਅੰਮ੍ਰਿਤਸਰ ਦੀ ਇਹ ਜ਼ਿੰਮੇਵਾਰੀ ਹੈ ਕਿ ਸ਼ਹਿਰ ਦੀਆਂ ਸਾਰੀਆਂ ਸੜਕਾਂ ਦੀ ਬਕਾਇਦਾ ਸਾਫ-ਸਫਾਈ ਹੋਵੇ ਅਤੇ ਕੂੜੇ ਦੀ ਲਿਫਟਿੰਗ ਕੀਤੀ ਜਾਵੇ, ਤਾਂ ਜੋ ਆਉਣ ਵਾਲੇ ਯਾਤਰੀਆਂ ਨੂੰ ਅੰਮ੍ਰਿਤਸਰ ਦੀ ਦਿੱਖ ਸੁੰਦਰ ਨਜ਼ਰ ਆਵੇ ਅਤੇ ਉਹ ਆਪਣੇ ਨਾਲ ਸ਼ਹਿਰ ਦਾ ਸਾਫ-ਸੁਥਰਾ ਅਕਸ ਲੈ ਕੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੀਆ ਹਦਾਇਤਾਂ ਅਨੁਸਾਰ ਸ਼ਹਿਰ ਵਿਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਦੀ ਪਾਬੰਦੀ ਲਈ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਸਿਹਤ ਵਿਭਾਗ ਵਲੋਂ ਰੋਜ਼ਾਨਾ ਚਲਾਨ ਕੱਟੇ ਜਾ ਰਹੇ ਹਨ ਤੇ ਸਾਮਾਨ ਜ਼ਬਤ ਕਰ ਕੇ ਜੁਰਮਾਨਾ ਪਾਇਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਲੋਕਾਂ ਵਲੋਂ ਅਜੇ ਵੀ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ । ਇਹ ਪਤਾ ਹੋਣਾ ਚਾਹੀਦਾ ਹੈ ਕਿ ਪਲਾਸਟਿਕ ਦੇ ਲਿਫ਼ਾਫ਼?ਆਂ ਦੇ ਨਾਲ ਹੀ ਸੀਵਰੇਜ ਸਿਸਟਮ ਖਰਾਬ ਹੁੰਦਾ ਹੈ ਅਤੇ ਜਾਨਵਰਾਂ ਲਈ ਵੀ ਨੁਕਸਾਨ ਦਾਇਕ ਹੈ ਇਸ ਲਈ ਸਾਨੂੰ ਇਸ ਦੀ ਮੁਕੰਮਲ ਪਾਬੰਦੀ ਲਾਜ਼ਮੀ ਹੈ। ਵਧੀਕ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕੀ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਣਾਈ ਰੱਖਣ ਲਈ ਨਗਰ ਨਿਗਮ ਦਾ ਸਹਿਯੋਗ ਕੀਤਾ ਜਾਵੇ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਬੰਦ ਕੀਤੀ ਜਾਵੇ।



# ਸੱਪਾਂ ਦਾ ਸੰਸਾਰ



- ਸਾਡੇ ਦੇਸ਼ (ਭਾਰਤ) ਵਿਚ 300 ਕਿਸਮ ਦੇ ਸੱਪ ਮਿਲਦੇ ਹਨ ਜਿਨ੍ਹਾਂ ਵਿੱਚੋਂ 50 ਦੇ ਲਗਪਗ ਜ਼ਹਿਰੀਲੇ ਹੁੰਦੇ ਹਨ।
- ਜ਼ਿਆਦਾ ਠੰਢੇ ਦੇਸ਼ ਜਿਵੇਂ ਆਈਸਲੈਂਡ ਅਤੇ ਅੰਟਾਰਕਟਿਕਾ ਵਿਚ ਸੱਪ ਨਹੀਂ ਮਿਲਦੇ।
- ਪਾਣੀ ਵਾਲੇ ਸੱਪ, ਸਾਹ ਆਪਣੀ ਚਮੜੀ ਦੁਆਰਾ ਲੈਂਦੇ ਹਨ। ਜਿਸ ਕਾਰਨ ਉਹ ਪਾਣੀ ਵਿਚ ਵਧੇਰੇ ਸਮਾਂ ਲੰਘਾ ਲੈਂਦੇ ਹਨ।
- ਸਭ ਤੋਂ ਵੱਧ ਸੱਪ 'ਸਨੇਕ ਆਈਲੈਂਡ' (ਬ੍ਰਾਜੀਲ) ਵਿਚ ਹੁੰਦੇ ਹਨ।
- ਦੱਖਣੀ ਅਫਰੀਕਾ ਵਿਚ ਇਕ ਵਿਸ਼ੇਸ਼ ਕਿਸਮ ਦਾ ਸੱਪ 'ਹਾਰਨਡ ਵਾਇਪਰ' ਮਿਲਦਾ ਹੈ ਜਿਸ ਦੇ ਸਿਰ ਉਪਰ ਦੋ ਸਿੰਗ ਹੁੰਦੇ ਹਨ।
- ਸਭ ਤੋਂ ਲੰਬਾ ਸੱਪ 'ਪਾਈਥਨ ਰੇਟਿਕੁਲੇਟਸ' ਹੁੰਦਾ ਹੈ ਜਿਸ ਦੀ ਲੰਬਾਈ 30 ਫੁੱਟ ਤਕ ਹੁੰਦੀ ਹੈ।
- ਸੱਪਾਂ ਦੀਆਂ ਪਲਕਾਂ ਨਹੀਂ ਹੁੰਦੀਆਂ, ਇਨ੍ਹਾਂ ਦੀ ਜਗ੍ਹਾ 'ਤੇ ਇਕ ਬਾਰੀਕ ਅਤੇ ਪਾਰਦਰਸ਼ੀ ਝਿੱਲੀ ਹੁੰਦੀ ਹੈ ਜਿਹੜੀ ਅੱਖਾਂ ਦੀ ਸੁਰੱਖਿਆ ਲਈ ਕੰਮ ਕਰਦੀ ਹੈ।
- ਦੁਨੀਆ ਦਾ ਸਭ ਤੋਂ ਛੋਟਾ ਸੱਪ 'ਥ੍ਰੈਡ' ਹੁੰਦਾ ਹੈ ਜਿਸ ਦੀ ਲੰਬਾਈ ਲਗਪਗ 10-12 ਸੈਂਟੀਮੀਟਰ ਹੁੰਦੀ ਹੈ।
- ਹਰੇਕ ਸੱਪ ਸਾਲ ਵਿਚ ਘੱਟੋ ਘੱਟ ਤਿੰਨ ਵਾਰ ਆਪਣੀ ਕੁੰਜ (ਚਮੜੀ) ਉਤਾਰਦਾ ਹੈ।

• ਰਮੇਸ਼ ਬੱਗਾ ਚੋਹਲਾ
9463132719

---

**ਧਰਤੀ 'ਤੇ ਜੀਵਨ ਦੀ ਹੋਂਦ ਕਾਇਮ ਹੋਣ ਲਈ ਕਈ ਚੀਜ਼ਾਂ ਦੀ ਜ਼ਰੂਰਤ ਸੀ। ਜਿਵੇਂ ਆਕਸੀਜਨ, ਪਾਣੀ, ਢੁੱਕਵਾਂ ਤਾਪਮਾਨ ਤੇ ਓਜ਼ੋਨ ਪਰਤ। ਕੁਦਰਤ ਦੀਆਂ ਇਹ ਨਿਆਮਤਾਂ ਜਦੋਂ ਇਕੱਠੀਆਂ ਹੋਈਆਂ ਤਾਂ ਜੀਵਨ ਧੜਕਣਾ ਸ਼ੁਰੂ ਹੋਇਆ...**




16 ਸਤੰਬਰ ਨੂੰ ਵਿਸ਼ਵ ਓਜ਼ੋਨ ਦਿਵਸ ਮੌਕੇ

# ਕੁਦਰਤ ਦੇ ਸੁਹੱਪਣ ਲਈ ਓਜ਼ੋਨ ਪਰਤ ਦੀ ਮਹੱਤਤਾ

ਅਮਨਪ੍ਰੀਤ ਪਰਮ ਸਹੋਤਾ

ਓਜ਼ੋਨ ਪਰਤ ਧਰਤੀ ਤੋਂ 10-50 ਕਿਲੋਮੀਟਰ ਉਪਰ ਵਾਯੂਮੰਡਲ ਵਿਚ ਹੁੰਦੀ ਹੈ। ਓਜ਼ੋਨ ਇਕ ਗੈਸ ਹੈ, ਜਿਸ ਦੇ ਅਣੂਆਂ ਵਿਚ ਆਕਸੀਜਨ ਦੇ ਤਿੰਨ ਪ੍ਰਮਾਣੂ ਹੁੰਦੇ ਹਨ ਜਦਕਿ ਸਾਧਾਰਨ ਆਕਸੀਜਨ ਵਿਚ ਕੇਵਲ ਦੋ ਹੀ ਹੁੰਦੇ ਹਨ। ਸਮਤਲ ਮੰਡਲ ਵਿਚ ਸਥਿਤ ਇਹ ਪਰਤ ਸਾਡੇ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਇਹ ਪਰਤ ਸੂਰਜ ਤੋਂ ਆ ਰਹੀਆਂ ਸ਼ਕਤੀਸ਼ਾਲੀ ਪਰਾਵੈਂਗਣੀ ਕਿਰਨਾਂ ਨੂੰ ਧਰਤੀ 'ਤੇ ਪਹੁੰਚਣ ਤੋਂ ਰੋਕਦੀਆ ਹਨ। ਜੇ ਵਾਯੂਮੰਡਲ ਵਿਚ ਇਹ ਪਰਤ ਨਾ ਹੋਵੇ ਜਾਂ ਇਸ ਵਿਚ ਕੋਈ ਛੇਕ ਹੋ ਜਾਵੇ ਤਾਂ ਸੂਰਜ ਦੀਆਂ ਇਹ ਖ਼ਤਰਨਾਕ ਕਿਰਨਾਂ ਜ਼ਿਆਦਾ ਮਾਤਰਾ ਵਿਚ ਧਰਤੀ 'ਤੇ ਪੁੱਜਣਗੀਆਂ।

ਵਿਸ਼ਵ ਸਿਹਤ ਸੰਸਥਾ ਅਨੁਸਾਰ ਪਰਾਵੈਂਗਣੀ ਕਿਰਨਾਂ ਦੀ ਥੋੜ੍ਹੀ ਮਾਤਰਾ ਦੀ ਵਰਤੋਂ ਕਈ ਬਿਮਾਰੀਆ ਦੇ ਇਲਾਜ ਲਈ ਕੀਤੀ ਜਾਂਦੀ ਹੈ ਪਰ ਇਨ੍ਹਾਂ ਕਿਰਨਾਂ ਦੀ ਜ਼ਿਆਦਾ ਮਾਤਰਾ ਨਾਲ ਅੱਖਾਂ ਅਤੇ ਅੱਖ ਦੇ ਲੈਂਨਜ਼ ਨੂੰ ਨੁਕਸਾਨ ਪਹੁੰਚਦਾ ਹੈ। ਮੋਤੀਆ ਬਿੰਦ ਅਤੇ ਚਮੜੀ ਦੇ ਕੈਂਸਰ ਆਦਿ ਵਰਗੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵੱਧ ਸਕਦਾ ਹੈ। ਇਹ ਖ਼ਤਰਨਾਕ ਪਰਾਵੈਂਗਣੀ ਕਿਰਨਾਂ ਸਾਡੇ ਸਰੀਰ ਦੀ ਰੋਗ ਰੋਕੂ ਸ਼ਕਤੀ ਨੂੰ ਵੀ ਨਸ਼ਟ ਕਰ ਦਿੰਦੀਆ ਹਨ। ਇਸ ਤੋਂ ਇਲਾਵਾ ਓਜ਼ੋਨ ਪਰਤ ਦੀ ਘਾਟ ਪ੍ਰਿਥਵੀ ਦੇ ਮੌਸਮ 'ਤੇ ਵੀ ਬੁਰਾ ਪ੍ਰਭਾਵ ਪਾਉਂਦੀ ਹੈ।

ਓਜ਼ੋਨ ਪਰਤ ਨੂੰ ਨਸ਼ਟ ਕਰਨ ਵਿਚ ਕਲੋਰੋਫਲੋਰੋਕਾਰਬਨ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਰਸਾਇਣ ਕਲੋਰੀਨ, ਫਲੋਰੀਨ ਅਤੇ ਕਾਰਬਨ ਦੇ ਪ੍ਰਮਾਣੂਆਂ ਦਾ ਮਿਸ਼ਰਣ ਹੁੰਦੇ ਹਨ। ਇਨ੍ਹਾਂ ਰਸਾਇਣਾ ਦੀ ਖੋਜ 1928 ਵਿਚ ਹੋਈ। ਇਨ੍ਹਾਂ ਰਸਾਇਣਾ ਦੀ ਵਰਤੋਂ ਰੈਫਰੀਜਰੇਟਰਾਂ ਵਿਚ ਅਮੋਨੀਆ ਦੀ ਥਾਂ 'ਤੇ ਕੀਤੀ ਜਾਂਦੀ ਸੀ। ਇਨ੍ਹਾਂ ਦੀ ਵਰਤੋਂ ਏਅਰ ਕੰਡਿਸ਼ਨਰਜ਼ ਵੀ ਕੀਤੀ ਜਾਣ ਲੱਗੀ ਕਿਉਂਕਿ ਇਹ ਸਾਡੇ ਜੀਵਨ ਲਈ ਨੁਕਸਾਨ ਰਹਿਤ, ਬੇਹੱਦ ਸਥਿਰ, ਨਾ ਜਲਣਸ਼ੀਲ ਅਤੇ ਨਾ ਹੀ ਜ਼ਹਿਰੀਲੇ ਹੁੰਦੇ ਹਨ।

ਇਸ ਤੋਂ ਇਲਾਵਾ ਬਰੋਮੋਫਲੋਰੋਕਾਰਬਨ, ਕਾਰਬਨ ਟੈਟਰਾਕਲੋਰਾਈਡ ਆਦਿ ਦੀ ਵੀ ਵਰਤੋਂ ਕੀਤੀ ਜਾਣ ਲੱਗੀ ਪਰ ਇਨ੍ਹਾਂ ਦੀ ਜ਼ਿਆਦਾ ਵਰਤੋਂ ਦੇ ਖ਼ਤਰਨਾਕ ਸਿੱਟੇ ਓਜ਼ੋਨ ਪਰਤ ਦੇ ਨਸ਼ਟ ਹੋਣ ਦੇ ਰੂਪ ਵਿਚ ਸਾਹਮਣੇ ਆਏ। ਵਿਗਿਆਨੀਆਂ ਅਨੁਸਾਰ ਕਲੋਰੋਫਲੋਰੋਕਾਰਬਨ ਤੱਤ ਜਦੋਂ ਵਾਯੂਮੰਡਲ ਦੀਆਂ ਉਪਰਲੀਆਂ ਪਰਤਾਂ ਵਿਚ ਪਹੁੰਚ ਜਾਂਦਾ ਹੈ ਤਾਂ ਸੂਰਜ ਤੋ ਆ ਰਹੀਆਂ ਪਰਾਵੈਂਗਣੀ ਕਿਰਨਾਂ ਵੱਲੋਂ ਇਨ੍ਹਾਂ ਤੱਤਾ ਦੇ ਰਸਾਇਣਿਕ ਬੰਧਨ ਤੋੜੇ ਜਾਂਦੇ ਹਨ, ਜਿਸ ਨਾਲ ਕਲੋਰੀਨ ਪ੍ਰਮਾਣੂ ਪੈਦਾ ਹੋ ਜਾਂਦਾ ਹੈ। ਇਹ ਪ੍ਰਮਾਣੂ ਓਜ਼ੋਨ ਦੇ ਕਣਾਂ ਨੂੰ ਸਾਧਾਰਨ ਆਕਸੀਜਨ ਵਿਚ ਬਦਲ ਦਿੰਦੇ ਹਨ। ਇਸ ਤਰ੍ਹਾਂ ਨਾਲ ਓਜ਼ੋਨ ਦੇ ਹਜ਼ਾਰਾਂ ਕਣ ਨਸ਼ਟ ਹੋ ਜਾਂਦੇ ਹਨ। ਔਸਤ ਅਨੁਸਾਰ ਇਕ ਇਕਹਿਰਾ ਕਲੋਰੀਨ ਪਰਮਾਣੂ ਇਕ ਲੱਖ ਓਜ਼ੋਨ ਅਣੂਆਂ ਨਾਲ ਕਿਰਿਆ ਕਰ ਸਕਦਾ ਹੈ। ਸੋ ਇਸ ਤੋਂ ਪਤਾ ਲਗਦਾ ਹੈ ਕਿ ਕਲੋਰੋਫਲੋਰੋਕਾਰਬਨ, ਬਰੋਮੋਫਲੋਰੋਕਾਰਬਨ ਤੇ ਕਾਰਬਨ ਟੈਟਰਾਕਲੋਰਾਈਡ ਵਰਗੇ ਤੱਤਾਂ ਦਾ ਵਾਯੂਮੰਡਲ ਵਿਚ ਪਹੁੰਚਣਾ ਕਿੰਨ੍ਹਾ ਖ਼ਤਰਨਾਕ ਹੈ। ਇਨ੍ਹਾਂ ਰਸਾਇਣਾ ਦੇ ਖ਼ਤਰਨਾਕ ਪ੍ਰਭਾਵਾਂ ਕਰ ਕੇ ਰੈਫਰੀਜਰੇਟਰਾਂ ਤੇ ਏ ਸੀ ਵਿਚ ਹਾਈਡ੍ਰੋਕਲੋਰੋਫਲੋਰੋਕਾਰਬਨ ਨੂੰ ਇਨ੍ਹਾਂ ਦੇ ਬਦਲ ਵਜੋਂ ਵਰਤਿਆ ਜਾਣ ਲੱਗਾ।

ਇਸ ਤੋਂ ਇਲਾਵਾ ਕੁਦਰਤ ਦੀ ਸਾਂਭ-ਸੰਭਾਲ ਲਈ ਹੋਏ ਸਮਝੌਤੇ ਤਹਿਤ ਹੋਰ ਵੀ ਕਦਮ ਉਠਾਏ ਜਾ ਰਹੇ ਹਨ ਤਾਂ ਕਿ ਜੀਵਨ ਰੱਖਿਅਕ ਪਰਤ ਦੀ ਸੰਭਾਲ ਕੀਤੀ ਜਾਵੇ। ਪਿਆਰੇ ਬੱਚਿਓ ਆਓ 16 ਸਤੰਬਰ ਨੂੰ ਵਿਸ਼ਵ ਓਜ਼ੋਨ ਦਿਵਸ ਦੇ ਮੌਕੇ 'ਤੇ ਅਸੀ ਵੀ ਆਪਣੇ ਵਾਤਾਵਰਨ ਦੀ ਸੰਭਾਲ ਦੀ ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਈਏ। •

---

# ਸਮੂਹਿਕ ਆਤਮਹੱਤਿਆ ਕਰਨ ਵਾਲੇ ਜੀਵ

ਪ੍ਰੋ: ਐੱਚ.ਐੱਸ.ਡਿੰਪਲ

***ਚੂਹੇ ਦੀ ਸ਼ਕਲ ਅਤੇ ਆਕਾਰ ਵਾਲੇ ਹਜ਼ਾਰਾਂ ਜੀਵ ਜਦ ਸਮੁੰਦਰ ਵੱਲ ਦੌੜਦੇ ਹੋਏ ਛਾਲਾਂ ਮਾਰਦੇ ਵਿਖਾਈ ਦਿੰਦੇ ਹਨ ਤਾਂ ਮਨ ਵਿਚ ਇਕ ਸਵਾਲ ਉੱਠਦਾ ਹੈ। ਇਹ ਕੀ ਹੈ? ਕੀ ਇਹ ਸਮੂਹਿਕ ਖ਼ੁਦਕਸ਼ੀ ਹੈ? ਜਾਂ ਕੁਝ ਹੋਰ? ਇਹ ਕ੍ਰਮ ਲਗਾਤਾਰ ਕਈ ਦਿਨ, ਹਫ਼ਤੇ ਅਤੇ ਮਹੀਨੇ ਚਲਦਾ ਰਹਿੰਦਾ ਹੈ ਜਿਸ ਨੂੰ ਕੁਝ ਜੀਵ ਵਿਗਿਆਨੀ ਕੁਦਰਤੀ ਸਮਝੌਤਾ ਅਤੇ ਕੁਝ ਭੁਲੇਖੇ ਵਿਚ ਆਤਮ-ਹੱਤਿਆ ਆਖ ਦਿੰਦੇ ਹਨ...***

ਯੂਰਪ ਦੇ ਨਾਰਵੇ, ਸਵੀਡਨ, ਡੈਨਮਾਰਕ ਅਤੇ ਸਕੈਂਡੇਨੇਵੀਆ ਵਰਗੇ ਅਨੇਕਾਂ ਦੇਸ਼ਾਂ ਦੇ ਵਿਚ ਅਜਿਹਾ ਆਮ ਵੇਖਣ ਨੂੰ ਮਿਲਦਾ ਹੈ ਪਰ ਹਰ ਸਾਲ ਨਹੀਂ, ਸਗੋਂ ਚਾਰ ਪੰਜ ਸਾਲ ਦੇ ਬਾਅਦ!....

ਚੂਹੇ ਦੀ ਸ਼ਕਲ ਅਤੇ ਆਕਾਰ ਵਾਲੇ ਇਸ ਜੀਵ ਦਾ ਨਾਂ ਲੈਮਿੰਗ ਹੈ ਅਤੇ ਇਹ ਚਾਰ-ਪੰਜ ਇੰਚ ਲੰਮਾ ਜੀਵ ਧੜ ਵਿਚ ਚੂਹੇ ਤੋਂ ਕੁਝ ਭਾਰੀ ਹੁੰਦਾ ਹੈ ਪਰ ਵਿਗਿਆਨੀਆਂ ਅਨੁਸਾਰ ਇਹ ਚੂਹੇ ਦੀ ਜਾਤੀ ਦਾ ਹੀ ਜੀਵ ਹੈ, ਜਿਸ ਨੂੰ ਜੰਗਲੀ ਚੂਹਾ ਵੀ ਆਖਿਆ ਜਾ ਸਕਦਾ ਹੈ।

- ਇਸਦਾ ਰੰਗ ਪੀਲਾ ਹੁੰਦਾ ਹੈ ਅਤੇ ਇਸ ਦੀ ਚਮੜੀ 'ਤੇ ਕਾਲੇ ਗੂੜ੍ਹੇ ਭੂਰੇ ਧੱਬੇ ਪਾਏ ਜਾਂਦੇ ਹਨ।
- ਇਹ ਸ਼ਾਕਾਹਾਰੀ ਜੀਵ ਹੈ, ਜੋ ਰੁੱਖਾਂ ਦੇ ਪੱਤੇ ਅਤੇ ਡੱਕੇ ਆਦਿ ਖਾ ਕੇ ਗੁਜ਼ਾਰਾ ਕਰਦਾ ਹੈ।
- ਗਰੀਨ ਲੈਂਡ ਅਤੇ ਕੈਨੇਡਾ ਵਿਚ ਇਹ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ।
- ਸਰਦੀਆਂ ਵਿਚ ਇਹ ਧਰਤੀ 'ਚ ਸੁਰਾਖ਼ ਕਰਦੇ ਹਨ ਅਤੇ ਇਨ੍ਹਾਂ ਦੀ ਪ੍ਰਜਨਣ ਗਤੀ ਬਹੁਤ ਤੇਜ਼ ਮੰਨੀ ਜਾਂਦੀ ਹੈ।
- ਮਾਦਾ ਲੈਮਿੰਗ ਇਕ ਸਾਲ ਵਿਚ ਘੱਟ ਤੋਂ ਘੱਟ 10 ਬੱਚੇ ਜਣ ਦਿੰਦੀ ਹੈ। ਆਪਣੇ ਬੱਚਿਆਂ ਲਈ ਇਹ ਘਾਹ ਦਾ ਇਕ ਆਲ੍ਹਣਾ ਬਣਾਉਂਦੇ ਹਨ ਅਤੇ ਇਸ ਨੂੰ ਕੋਮਲ ਮੁਲਾਇਮ ਰੱਖਣ ਦੇ ਲਈ ਵਾਲਾਂ ਦਾ ਫ਼ਰਸ਼ ਤਿਆਰ ਕਰਦੀ ਹੈ।
- ਭਾਵੇਂ ਵਿਗਿਆਨਕ ਤੌਰ 'ਤੇ ਇਸ ਵੱਲੋਂ ਆਤਮਹੱਤਿਆ ਕਰਨ ਦੇ ਕਾਰਨ ਨੂੰ ਸਮਝਣ ਵਿਚ ਅਸਫਲ ਰਹੇ ਹਨ ਪਰ ਫਿਰ ਵੀ ਵਿਗਿਆਨੀਆਂ ਨੇ ਇਸ ਬਾਰੇ ਅਲੱਗ ਅਲੱਗ ਅਨੁਮਾਨ ਲਗਾਏ ਹਨ। ਇਕ ਅਨੁਮਾਨ ਅਨੁਸਾਰ ਲੈਮਿੰਗਾਂ ਦੀ ਗਿਣਤੀ ਜਦ ਬਹੁਤ ਵੱਧ ਜਾਂਦੀ ਹੈ ਤਾਂ ਇਨ੍ਹਾਂ ਦਾ ਭੋਜਨ ਘੱਟ ਜਾਂਦਾ ਹੈ ਅਤੇ ਭੋਜਨ ਦੀ ਭਾਲ ਵਿਚ ਲੈਮਿੰਗਾਂ ਦੇ ਝੁੰਡ ਸਮੂਹਿਕ ਰੂਪ ਵਿਚ ਭੋਜਨ ਦੀ ਭਾਲ ਵਿਚ ਜੁੱਟ ਜਾਂਦੇ ਹਨ। ਜਦ ਜੰਗਲਾਂ ਵਿਚ ਇਨ੍ਹਾਂ ਨੂੰ ਕੋਈ ਭੋਜਨ ਨਹੀਂ ਮਿਲਦਾ ਤਾਂ ਇਹ ਸਮੁੰਦਰ ਵਿਚ ਭੋਜਨ ਲੱਭਣ ਲਈ ਵੜ ਜਾਂਦੇ ਹਨ। ਸਮੁੰਦਰ ਦਾ ਪਾਣੀ ਇਨ੍ਹਾਂ ਦੇ ਸਰੀਰ ਦੇ ਅਨੁਕੂਲ ਨਾ ਹੋਣ ਕਾਰਨ ਇਹ ਸਮੁੰਦਰ ਵਿਚ ਡੁੱਬਣ ਤੋਂ ਬਾਅਦ ਮਰ ਜਾਂਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਖਾਣੇ ਦੀ ਭਾਲ 'ਚ ਜਦ ਇਹ ਇਧਰ-ਉੱਧਰ ਭਟਕਦੇ ਹਨ ਤਾਂ ਥੱਕ ਜਾਂਦੇ ਹਨ।
- ਦਿਨ ਸਮੇਂ ਭੋਜਨ ਦੀ ਭਾਲ ਕਰਦੇ ਹਨ ਅਤੇ ਰਾਤ ਸਮੇਂ ਆਰਾਮ ਕਰਦੇ ਹਨ।
- ਅਨੇਕਾਂ ਸ਼ਿਕਾਰੀ ਪੰਛੀ ਇਨ੍ਹਾਂ ਦਾ ਪਿੱਛਾ ਕਰਦੇ ਹੋਏ ਇਨ੍ਹਾਂ ਦਾ ਸਫਾਇਆ ਵੀ ਕਰ ਦਿੰਦੇ ਹਨ ਅਤੇ ਬਚੇ ਖੁਚੇ ਲੈਮਿੰਗ ਖੇਤਾਂ, ਸੜਕਾਂ, ਜੰਗਲਾਂ ਅਤੇ ਝੀਲਾਂ ਵਿਚ ਭੋਜਨ ਨਾ ਲੱਭ ਸਕਣ ਕਾਰਨ ਨਿਰਾਸ਼ ਹੋ ਕੇ ਸਮੁੰਦਰ ਵਿਚ ਤੈਰਨ ਲਗਦੇ ਹਨ ਅਤੇ ਮੱਛੀਆਂ ਆਦਿ ਫੜ ਕੇ ਗੁਜ਼ਾਰਾ ਕਰਦੇ ਹਨ।



- ਸਮੁੰਦਰ ਦੀ ਖ਼ੁਰਾਕ ਅਤੇ ਜੀਵਨ ਇਨ੍ਹਾਂ ਦੇ ਸਰੀਰ ਦੇ ਅਨੁਕੂਲ ਨਾ ਹੋਣ ਕਰ ਕੇ ਅਤੇ ਮਹੀਨਾ ਭਰ ਲਗਾਤਾਰ ਦੌੜਣ ਕਾਰਨ ਹੋਈ ਥਕਾਵਟ ਕਰਕੇ ਕੁਝ ਹੀ ਦਿਨਾਂ ਵਿਚ ਸਾਗਰ ਵਿਚ ਡੁੱਬ ਕੇ ਮਰ ਜਾਂਦੇ ਹਨ ਜਾਂ ਦੂਜੇ ਸਮੁੰਦਰੀ ਜੀਵਾਂ ਦਾ ਭੋਜਨ ਬਣਦੇ ਹਨ।
- ਸਮੁੰਦਰ ਵਿਚ ਡੁੱਬ ਜਾਣ ਦਾ ਡਰ ਜਾਂ ਅਸਮਰਥਾ ਬਾਰੇ ਵਿਗਿਆਨੀਆਂ ਨੂੰ ਅਜੇ ਤਕ ਪਤਾ ਨਹੀਂ ਲੱਗਾ। ਕੁਦਰਤ ਦੇ ਇਸ ਅਨੋਖੀ ਪ੍ਰਕਿਰਿਆ ਦੇ ਰਹੱਸ ਤੋਂ ਪਰਦਾ ਉਠਾਉਣ ਲਈ ਜੀਵ ਜੰਤੂ ਵਿਗਿਆਨੀ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਹਨ ਪਰ ਅਜੇ ਕੋਈ ਸੁਰਾਗ਼ ਜਾਂ ਆਧਾਰ ਹੱਥ ਨਹੀਂ ਲੱਗਾ।
- ਵੇਖਿਆ ਜਾਵੇ ਤਾਂ ਇਹ ਇਕ ਸੱਚਾਈ ਹੈ ਕਿ ਸਮੂਹਿਕ ਆਤਮਹੱਤਿਆ ਕਰਨ ਦਾ ਇਹ ਇਕੋ ਇਕ ਨਮੂਨਾ ਨਹੀਂ ਹੈ।
- ਆਸਾਮ 'ਚ 'ਖਾਜਿੜਾ ਨਾਮੀਂ ਪਿੰਡ ਵਿਚ ਜਤਿੰਗਾ ਨਾਂ ਦੇ ਪੰਛੀ ਵੱਡੀ ਗਿਣਤੀ ਵਿਚ ਹਰ ਸਾਲ ਖ਼ੁਦਕੁਸ਼ੀ ਕਰਨ ਲਈ ਆਉਂਦੇ ਹਨ।
- ਇਹ ਇਕ ਦੁਰਲਭ ਪ੍ਰਾਣੀ ਹੋਣ ਕਰ ਕੇ ਕਈ ਵਾਰ ਪਸ਼ੂ ਪ੍ਰੇਮੀ ਇਨ੍ਹਾਂ ਨੂੰ ਮਰਨ ਤੋਂ ਬਚਾਉਣ ਲਈ ਕੋਸ਼ਿਸ਼ ਵੀ ਕਰਦੇ ਹਨ।
- ਇਕਹਿਰੇ ਜਾਂ ਸਮੂਹਿਕ ਰੂਪ 'ਚ ਆਤਮਹੱਤਿਆ ਕਰਨ ਦੀ ਪ੍ਰਵਿਰਤੀ ਜੀਵ ਵਿਗਿਆਨੀਆਂ ਲਈ ਇਕ ਅਜੀਬ ਰਹੱਸ ਬਣੀ ਹੋਈ ਹੈ। •

---



## ਬਾਲ ਕਥਾ

# ਨਸੀਹਤ

**ਬੱਚਿਓ! ਸਾਨੂੰ ਕਦੇ ਵੀ ਕਿਸੇ ਦੀ ਨਕਲ ਨਹੀਂ ਕਰਨੀ ਚਾਹੀਦੀ। ਨਕਲ ਨਾਲ ਕੀਤਾ ਗਿਆ ਕੰਮ ਸਾਨੂੰ ਖ਼ੁਸ਼ੀ ਨਹੀਂ ਦਿੰਦਾ। ਆਓ ਜਾਣਦੇ ਹਾਂ ਕਿ ਅੱਜ ਦੀ ਕਹਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ...**

ਇਕ ਜੰਗਲ ਵਿਚ ਨਦੀ ਕਿਨਾਰੇ ਕਿੱਕਰ ਦੇ ਰੁੱਖ 'ਤੇ ਇਕ ਚਿੱਟਾ ਬਗਲਾ ਰਹਿੰਦਾ ਸੀ। ਜਿਸ ਦੇ ਨੇੜਲੇ ਰੁੱਖ ਤੇ ਇਕ ਕਾਲਾ ਕਾਂ ਵੀ ਰਹਿੰਦਾ ਸੀ। ਉਹ ਨਦੀ ਕੰਢੇ ਸ਼ਹਿ ਲਾ ਕੇ ਬੈਠੇ ਬਗਲੇ ਨੂੰ ਮੱਛੀਆਂ ਦਾ ਸ਼ਿਕਾਰ ਕਰਦਾ ਵੇਖਦਾ ਰਹਿੰਦਾ ਸੀ। ਕੁਝ ਚਿਰ ਬਾਅਦ ਹੌਲੀ-ਹੌਲੀ ਕਾਂ ਅਤੇ ਬਗਲਾ ਦੋਸਤ ਬਣ ਗਏ। ਦੁਪਹਿਰ ਤਕ ਬਗਲਾ ਮੱਛੀਆਂ ਦਾ ਕਿੰਨਾ ਸਾਰਾ ਸ਼ਿਕਾਰ ਕਰ ਲੈਂਦਾ ਫਿਰ ਦੋਵੇਂ ਮਿੱਤਰ ਇਕੱਠੇ ਖਾਣਾ ਖਾਂਦੇ। ਰੋਜ਼ ਮੱਛੀਆਂ ਦਾ ਸਵਾਦੀ ਖਾਣਾ ਖਾ ਕਾਂ ਮੋਟਾ ਤਾਜ਼ਾ ਹੋ ਗਿਆ। ਬਗਲਾ ਕਿਵੇਂ ਸ਼ਿਕਾਰ ਕਰਦਾ ਹੈ, ਕਾਂ ਰੁੱਖ 'ਤੇ ਬੈਠਾ ਵੇਖਦਾ ਰਹਿੰਦਾ। ਕਿੱਕਰ ਦੀ ਟੀਸੀ 'ਤੋਂ ਉੱਡਦਾ ਬਗਲਾ ਤੇਜ਼ੀ ਨਾਲ ਹੇਠਾਂ ਆਉਂਦਾ, ਆਪਣੀ ਲੰਮੀ ਚੁੰਝ ਖੋਲ੍ਹ ਮੱਛੀ 'ਤੇ ਝਟਪਦਾ ਤੇ ਲੈ ਜਾ ਕੇ ਅਤੇ ਨਦੀ ਕਿਨਾਰੇ ਰੇਤ 'ਤੇ ਛੁਪਾ ਆਉਂਦਾ।

ਕਾਂ ਨੇ ਸੋਚਿਆ ਕਿ ਇਹ ਕਿਹੜੀ ਵੱਡੀ ਗੱਲ ਹੈ। ਉਪਰ ਉੱਡਣਾ, ਮੱਛੀ 'ਤੇ ਨਜ਼ਰ ਟਿਕਾਈ ਰੱਖਣਾ। ਫਿਰ ਤੇਜ਼ੀ ਨਾਲ ਹੇਠਾਂ ਆਉਣਾ, ਚੁੰਝ ਨਾਲ ਪਾਣੀ 'ਚੋਂ ਮੱਛੀ ਫੜਨਾ ਅਤੇ ਕੰਢੇ ਜਾ ਬੈਠਣਾਂ। ਇਸ ਤਰ੍ਹਾਂ ਉਸ ਦੀ ਮੱਛੀ ਚੁੰਝ 'ਚ ਆ ਹੀ ਜਾਵੇਗੀ। ਹੋਰ ਕਿੱਥੇ ਜਾਵੇਗੀ? ਸਭ ਕੁਝ ਸੋਚ ਵਿਚਾਰ ਕੇ ਕਾਂ ਉਡਿਆ। ਸੁਸਤ ਉਡਾਣ ਭਰਦਾ ਨਦੀ ਉਪਰ ਆਇਆ। ਉਸਨੇ ਵੀ ਬਗਲੇ ਵਾਂਗ ਉਪਰੋਂ ਉਡਾਰੀ ਮਾਰ, ਹੇਠਾਂ ਆ, ਪੈਰ ਪਾਣੀ 'ਤੇ ਰੱਖੇ ਤੇ ਚੁੰਝ ਪਾਣੀ 'ਚ ਮਾਰ ਮੱਛੀ ਫੜਨ ਪਿਆ ਪਰ ਮੱਛੀ ਫੁਰਤੀ ਨਾਲ ਪਾਣੀ 'ਚ ਡੁੱਬਕੀ ਮਾਰ ਗਈ।

ਕਾਂ ਬੁਰੀ ਤਰਾਂ ਭਿੱਜ ਗਿਆ। ਨਿਕਲਣ ਦੀ ਕੋਸ਼ਿਸ਼ ਕਰਦਾ ਉਹ ਥੱਕ ਹਾਰ ਗਿਆ। ਉਸ ਨੂੰ ਡੁੱਬਦਾ ਵੇਖ ਬਗਲਾ ਤੇਜ਼ੀ ਨਾਲ ਉੱਡਦਾ ਹੇਠਾਂ ਆਇਆ ਤੇ ਕਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਲੱਗਾ। ਬਗਲੇ ਨੇ ਬੜੀ ਮੁਸ਼ਕਲ ਨਾਲ ਕਾਂ ਨੂੰ ਕੰਢੇ ਲਿਆਂਦਾ। ਕੁੱਝ ਦੇਰ ਆਰਾਮ ਕਰ, ਖੰਭ ਸੁਕਾ ਕਾਲਾ ਕਾਂ ਉੱਡਣ ਯੋਗ ਹੋ ਗਿਆ। ਬਗਲੇ ਨੇ ਕਾਲੇ ਕਾਂ ਨੂੰ ਨਸੀਹਤ ਕੀਤੀ 'ਕਦੀ ਕਿਸੇ ਦੀ ਨਕਲ ਨਹੀਂ ਕਰਨੀ ਚਾਹੀਦੀ'। ਕਾਂ ਬੜਾ ਸ਼ਰਮਿੰਦਾ ਹੋਇਆ। ਉਸ ਬਗਲੇ ਦੀ ਨਸੀਹਤ ਅੱਗੇ ਸਿਰ ਝੁਕਾਉਂਦਿਆ ਪ੍ਰਣ ਕੀਤਾ ਕਿ ਉਹ ਅੱਗੇ ਤੋਂ ਕਿਸੇ ਦੀ ਨਕਲ ਕਦੀ ਨਹੀਂ ਕਰੇਗਾ।

• ਗੁਰਪ੍ਰੀਤ ਕੌਰ ਗਿੱਲ

---



# ਇੰਟਰਨੈਸ਼ਨਲ ਸਪੇਸ ਸਟੇਸ਼ਨ 'ਆਈਐੱਸਐੱਸ'

**ਐੱਸਟ੍ਰਾਨਾਟ ਪੁਲਾੜ 'ਤੇ ਜਾਂਦੇ ਹਨ। ਇਨ੍ਹਾਂ ਲਈ ਉੱਥੇ ਇੰਟਰਨੈਸ਼ਨਲ ਸਪੇਸ ਸਟੇਸ਼ਨ ਬਣਾਇਆ ਗਿਆ ਹੈ। ਆਓ ਜਾਣਦੇ ਹਾਂ ਇਸ ਬਾਰੇ...**

ਅੰਤਰਿਸ਼ ਸਟੇਸ਼ਨ (ਸਪੇਸ ਸਟੇਸ਼ਨ) ਨੂੰ ਆਰਬੀਟਲ ਸਟੇਸ਼ਨ ਵੀ ਕਿਹਾ ਜਾਂਦਾ ਹੈ। ਇਹ ਸਪੇਸ 'ਚ ਇਨਸਾਨਾਂ ਦੁਆਰਾ ਬਣਾਇਆ ਗਿਆ ਇਕ ਅਜਿਹਾ ਸਟੇਸ਼ਨ ਹੈ, ਜਿੱਥੇ ਵਿਗਿਆਨੀ ਨਵੀਆਂ-ਨਵੀਆਂ ਖੋਜਾਂ ਕਰਦੇ ਹਨ। ਇਸ ਸਟੇਸ਼ਨ ਨਾਲ ਧਰਤੀ ਅਤੇ ਆਕਾਸ਼ ਦੇ ਬਾਰੇ 'ਚ ਨਵੀਆਂ ਨਵੀਆਂ ਜਾਣਕਾਰੀਆਂ ਲਈਆਂ ਜਾ ਸਕਦੀਆਂ ਹਨ।

## ਕਿੰਝ ਬਣਿਆ ਸਪੇਸ ਸੈਂਟਰ

ਆਈਐੱਸਐੱਸ ਨੂੰ 20 ਨਵੰਬਰ 1998 ਨੂੰ ਲਾਂਚ ਕੀਤਾ ਗਿਆ ਸੀ। ਪਹਿਲਾਂ ਇਸ ਨੂੰ 15 ਸਾਲਾਂ ਲਈ ਇਸਤੇਮਾਲ ਕਰਨ ਦੀ ਗੱਲ ਸੀ ਪਰ ਬਾਅਦ 'ਚ ਇਸ ਨੂੰ 2020 ਤਕ ਕੀਤਾ ਗਿਆ। 2003 'ਚ ਸ਼ਟਲਯਾਨ ਕੋਲੰਬੀਆ ਨੇ ਹਾਦਸੇ ਤੋਂ ਬਾਅਦ ਨਾਸਾ ਨੇ ਆਈਐੱਸਐੱਸ ਨੂੰ ਖ਼ਾਲੀ ਛੱਡਣ ਦਾ ਫ਼ੈਸਲਾ ਕੀਤਾ ਸੀ ਪਰ ਕੁਝ ਸਮੇਂ ਬਾਅਦ ਹੀ ਹਰ ਸਮੇਂ ਪੁਲਾੜ ਯਾਤਰੀ ਦੇ ਉੱਥੇ ਰੱਖਣ ਦਾ ਫ਼ੈਸਲਾ ਕੀਤਾ ਗਿਆ।

## ਰੋਚਕ ਤੱਤ

- ਇੰਟਰਨੈਸ਼ਨਲ ਸਪੇਸ ਸਟੇਸ਼ਨ ਨੂੰ ਬਣਾਉਣ 'ਚ 16 ਦੇਸ਼ ਸ਼ਾਮਲ ਹਨ- ਅਮਰੀਕਾ, ਰੂਸ, ਕੈਨੇਡਾ, ਜਾਪਾਨ, ਬੈਲਜ਼ੀਅਮ, ਬ੍ਰਾਜ਼ੀਲ, ਡੈਂਨਮਾਰਕ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ, ਨਾਰਵੇ, ਸਪੇਨ, ਸਵੀਜਨ ਅਤੇ ਯੂਕੇ।
- ਇਸ ਸਟੇਸ਼ਨ ਨੂੰ ਬਣਾਉਣ 'ਚ ਲਗਪਗ 120 ਬਿਲੀਅਨ ਡਾਲਰ ਖ਼ਰਚ ਹੋਏ ਹਨ।
- ਸਪੇਸ ਸਟੇਸ਼ਨ 357 ਫੁੱਟ 'ਚ ਬਣਿਆ ਹੋਇਆ ਹੈ, ਜੋ ਇਕ ਫੁੱਟਬਾਲ ਦੇ ਮੈਦਾਨ ਤੋਂ ਵੀ ਵੱਡਾ ਹੈ।
- ਕਲਪਨਾ ਚਾਵਲਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਮੌਤ ਜਿਸ ਸਪੇਸ ਸਟੇਸ਼ਨ ਦੀ ਧਰਤੀ 'ਤੇ ਉਤਰਦੇ ਸਮੇਂ ਧਮਾਕੇ ਕਾਰਨ ਹੋਈ ਸੀ, ਉਹ ਇੰਟਰਨੈਸ਼ਨਲ ਸਪੇਸ ਸਟੇਸ਼ਨ ਤੋਂ ਹੀ ਵਾਪਸ ਆ ਰਿਹਾ ਸੀ।
- ਸਪੇਸ ਸਟੇਸ਼ਨ ਦਾ ਭਾਰ ਕਰੀਬ 4,19,455 ਕਿਲੋਗ੍ਰਾਮ ਹੈ। ਇਸ ਤਰ੍ਹਾਂ ਇਹ ਮਨੁੱਖ ਦੁਆਰਾ ਪੁਲਾੜ 'ਚ ਭੇਜੀ ਗਈ ਸਭ ਤੋਂ ਭਾਰੀ ਵਸਤੂ ਹੈ।
- ਪੁਲਾੜ ਯਾਤਰੀ ਦਿਨ 'ਚ ਤਿੰਨ ਵਾਰ ਖਾਣਾ ਖਾਂਦੇ ਹਨ ਪਰ ਉਹ ਖਾਣਾ ਬੈਠ ਕੇ ਨਹੀਂ ਖਾਂਦੇ। ਉਹ ਬਸ ਖ਼ੁਦ ਨੂੰ ਸਥਿਰ ਰੱਖ ਕੇ ਹਵਾ 'ਚ ਤੈਰਦੇ ਰਹਿੰਦੇ ਹਨ।
- ਇੰਟਰਨੈਸ਼ਨਲ ਸਪੇਸ ਸਟੇਸ਼ਨ 'ਤੇ ਹੁਣ ਤਕ ਕਰੀਬ 15 ਦੇਸ਼ਾਂ ਦੇ 200 ਤੋਂ ਜ਼ਿਆਦਾ ਵਿਗਿਆਨੀ ਗਏ ਹਨ। ਭਾਰਤੀ ਮੂਲ ਦੀ ਕਲਪਨਾ ਚਾਵਲਾ ਅਤੇ ਸੁਨੀਤਾ ਵਿਲਿਅਮਜ਼ ਵੀ ਇੱਥੇ ਜਾ ਚੁੱਕੀਆਂ ਹਨ।
- ਭਾਰਤੀ ਹਵਾਈ ਸੈਨਾ ਦੇ ਲੀਡਰ ਰਾਕੇਸ਼ ਸ਼ਰਮਾ 2 ਅਪ੍ਰੈਲ 1984 ਨੂੰ ਦੋ ਹੋਰ ਸੋਵੀਅਤ ਪੁਲਾੜ ਯਾਤਰੀਆਂ ਦੇ ਨਾਲ ਸਪੇਸ ਸ਼ਟਲ ਸੋਇਊਜ਼ ਟੀ-11 'ਚ ਸਵਾਰ ਹੋ ਕੇ ਪੁਲਾੜ 'ਚ ਪਹੁੰਚੇ ਸੀ।
- ਰਾਕੇਸ਼ ਸ਼ਰਮਾ ਭਾਰਤ ਦੇ ਪਹਿਲੇ ਅਤੇ ਵਿਸ਼ਵ ਦੇ 138 ਵੇਂ ਪੁਲਾੜ ਯਾਤਰੀ ਸੀ।
- ਉਹ 8 ਦਿਨਾਂ ਤਕ ਪੁਲਾੜ 'ਚ ਸੋਵੀਅਤ ਰੂਸ ਦੁਆਰਾ ਸਥਾਪਿਤ ਪੁਲਾੜ ਕੇਂਦਰ ਸੋਲਯੂਜ਼-7 'ਚ ਰਹੇ।
- ਇਸ ਦੌਰਾਨ ਉਨ੍ਹਾਂ ਨੇ ਪੁਲਾੜ ਤੋਂ ਉੱਤਰੀ ਭਾਰਤ ਦੇ ਅਨੇਕਾਂ ਚਿੱਤਰ ਲਏ।
- ਜਦੋਂ ਕੋਈ ਐੱਸਟ੍ਰਾਨਾਟ ਸਪੇਸ 'ਚ ਕਦਮ ਰੱਖਦਾ ਹੈ ਤਾਂ ਉਸ ਨੂੰ 'ਸਪੇਸ ਵਾਕ' ਕਹਿੰਦੇ ਹਨ। 18 ਮਾਰਚ 1965 ਨੂੰ ਰੂਸੀ ਪੁਲਾੜ ਯਾਤਰੀ ਅਲੇਕਸੀ ਲਿਓਨੋਵ ਨੇ ਪਹਿਲੀ ਵਾਰ ਸਪੇਸ ਵਾਕ ਕੀਤੀ ਸੀ। ਸੁਨੀਤਾ ਵਿਲੀਅਮਜ਼ ਨੇ ਸਪੇਸ 'ਚ ਸਭ ਤੋਂ ਜ਼ਿਆਦਾ ਦਿਨ ਰਹਿਣ ਅਤੇ ਸਭ ਤੋਂ ਲੰਬੀ ਸਪੇਸ ਵਾਕ ਕਰਨ ਦਾ ਰਿਕਾਰਡ ਬਣਾਇਆ ਸੀ।

ਐੱਸਟ੍ਰਾਨਾਟ ਇਕ ਖ਼ਾਸ ਤਰ੍ਹਾਂ ਦੇ ਕੱਪੜੇ ਪਹਿਨਦੇ ਹਨ। ਇਕ ਮੋਟਾ ਜਿਹਾ ਸੂਟ, ਉਸ 'ਤੇ ਹੈਲਮੇਟ ਅਤੇ ਆਕਸੀਜਨ ਮਾਸਕ ਵੀ ਲੱਗਾ ਰਹਿੰਦਾ ਹੈ। ਇਹ ਸੂਟ ਸਰੀਰ ਅਤੇ ਪੁਲਾੜ ਦਾ ਤਾਪਮਾਨ ਬੈਲੇਂਸ ਕਰਦਾ ਹੈ। ਇਸ ਅੰਦਰ ਇਕ ਲਾਈਫ਼ ਸਪੋਰਟਿੰਗ ਸਿਸਟਮ ਹੁੰਦਾ ਹੈ। ਜਿਸ ਨਾਲ ਐਸਟ੍ਰਾਨਾਟ ਨੂੰ ਸਾਫ਼ ਆਕਸੀਜਨ ਪ੍ਰਾਪਤ ਹੁੰਦੀ ਹੈ। ਇਸ ਸੂਟ ਅੰਦਰ ਗੈਸ ਅਤੇ ਲਿਕੁਇਟ ਨੂੰ ਰੀਚਾਰਜ ਅਤੇ ਡਿਸਚਾਰਜ ਕਰਨ ਦੀ ਵਿਵਸਥਾ ਵੀ ਹੁੰਦੀ ਹੈ।

## ਸਪੇਸ ਸ਼ਟਲ

ਸਪੇਸ ਸ਼ਟਲ ਨਾਸਾ ਦੁਆਰਾ ਬਣਾਈ ਗਈ ਇਕ ਮਸ਼ੀਨ ਹੈ। ਇਸ ਦੀ ਸਹਾਇਤਾ ਨਾਲ ਆਰਬਿਟਰੀ ਲੈਬੋਰਟਰੀ ਦੇ ਨਾਲ-ਨਾਲ ਚੰਦਰਮਾ ਅਤੇ ਮੰਗਲ ਤੇ ਪੁਲਾੜ ਦੇ ਦੂਜੇ ਖੇਤਰਾਂ ਤਕ ਪਹੁੰਚਿਆ ਜਾ ਸਕਦਾ ਹੈ। ਨਾਸਾ ਦੁਆਰਾ ਚਲਾਏ ਜਾ ਰਹੇ ਸਪੇਸ ਸ਼ਟਲ ਪ੍ਰੋਗਰਾਮ 'ਚ ਹੁਣ ਤਕ ਕਰੀਬ 100 ਪ੍ਰੋਗਰਾਮ ਚਲਾਏ ਜਾ ਚੁੱਕੇ ਹਨ। ਜੋ ਸਮੇਂ-ਸਮੇਂ 'ਤੇ ਪੁਲਾੜੀ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। •



---

## ਬਾਲ ਕੈਨਵਸ



ਨਾਂ : ਰਾਜਨ ਬਾਲਾ
ਜਮਾਤ : ਤੀਜੀ
ਪਤਾ: ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਅੰਮ੍ਰਿਤਸਰ।





ਨਾਂ : ਪ੍ਰਮੀਤ ਸਿੰਘ
ਜਮਾਤ : ਦੂਜੀ
ਪਤਾ :ਜੋਤੀ ਕਾਨਵੈਂਟ ਸਕੂਲ, ਸੁਲਤਾਨਪੁਰ ਲੋਧੀ।



ਨਾਂ : ਅੰਮ੍ਰਿਤ ਕੁਮਾਰ
ਜਮਾਤ : ਨੌਵੀਂ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਗਰਾਓਂ।



ਨਾਂ : ਹਰਸਿਮਰਤ ਕੌਰ
ਜਮਾਤ : ਤੀਜੀ
ਪਤਾ : ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਫਤਹਿਗੜ੍ਹ ਸਾਹਿਬ।







ਨਾਂ : ਰਾਹੁਲ
ਜਮਾਤ : ਪੰਜਵੀਂ
ਪਤਾ : ਜੀਪੀਐੱਸ ਮਲਵਾਲ ਸਕੂਲ, ਫਿਰੋਜ਼ਪੁਰ।



ਨਾਂ : ਪਿੰਟੂ
ਜਮਾਤ : ਪੰਜਵੀਂ
ਪਤਾ : ਜੀਪੀਐੱਸ ਮਲਵਾਲ ਸਕੂਲ, ਫਿਰੋਜ਼ਪੁਰ।

# ਕੇਂਦਰ ਅਤੇ ਸੂਬਾ ਸਰਕਾਰ ਗੁਰੂਆਂ ਵੱਲੋਂ ਵਿਖਾਏ ਗਏ ਰਸਤੇ 'ਤੇ ਚਲ ਰਹੀ ਹੈ : ਸ਼੍ਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੇਂਦਰ ਅਤੇ ਸੂਬੇ ਦੀ ਡਬਲ ਇੰਜਨ ਦੀ ਸਰਕਾਰ ਗੁਰੂਆਂ ਵੱਲੋਂ ਦਿੱਤੀ ਗਈ ਸਿੱਖਿਆ ਨੂੰ ਗ੍ਰਹਿਣ ਕਰਕੇ ਉਨ੍ਹਾਂ ਦੇ ਵਿਖਾਏ ਰਸਤੇ 'ਤੇ ਚਲ ਰਹੀ ਹੈ।

ਮੁੱਖ ਮੰਤਰੀ ਅੱਜ ਪੰਚਕੂਲਾ ਸਥਿਤ ਗੁਰੂਦਵਾਰਾ ਸ਼੍ਰੀ ਨਾਡਾ ਸਾਹਿਬ ਵਿੱਚ ਮੱਥਾ ਟੇਕਣ ਤੋਂ ਬਾਅਦ ਮੀਡੀਆ ਦੇ ਸੁਆਲਾਂ ਦਾ ਜਵਾਬ ਦੇ ਰਹੇ ਸਨ।

ਇੱਕ ਸੁਆਲ ਦੇ ਜਵਾਬ ਵਿੱਚ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 1984 ਵਿੱਚ ਹੋਏ ਦੰਗਿਆਂ ਦੌਰਾਨ ਹਰਿਆਣਾ ਵਿੱਚ ਜਿਨ੍ਹਾਂ ਸਿੱਖ ਪਰਿਵਾਰਾਂ ਨੇ ਆਪਣੇ ਮੁਖਿਆ ਨੂੰ ਖੋਇਆ ਹੈ, ਉਨਾਂ ਦੇ ਪੀੜਤ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇਗੀ। ਨੌਕਰੀ ਦੇ ਇੱਛਾ ਰੱਖਣ ਵਾਲੇ ਪਰਿਵਾਰ ਆਪਣੇ ਜ਼ਿਲ੍ਹੇ ਦੇ ਡਿਪਟੀ ਕਮੀਸ਼ਨਰ ਰਾਹੀਂ ਅਰਜੀ ਕਰ ਸਕਦੇ ਹਨ।

ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਦੰਗਿਆਂ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਪਰਿਵਾਰਾਂ 'ਤੇ ਹਮਲੇ ਹੋਏ ਜਿਸ ਵਿੱਚ ਜਾਨ ਮਾਲ ਦਾ ਨੁਕਸਾਨ ਹੋਇਆ। ਪਿਛਲੀ ਸਰਕਾਰ ਨੇ ਇਨ੍ਹਾਂ ਦੰਗਿਆਂ ਦੀ ਫਾਇਲਾਂ ਨੂੰ ਦਬਾ ਦਿੱਤਾ ਸੀ ਪਰ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਉਨ੍ਹਾਂ ਫਾਇਲਾਂ ਨੂੰ ਕੱਢਵਾ ਕੇ ਦੋਸ਼ਿਆਂ ਨੂੰ ਸਲਾਖਾਂ ਦੇ ਪਿੱਛੇ ਭੇਜਣ ਦਾ ਕੰਮ ਕੀਤਾ ਹੈ।ਸ਼੍ਰੀ ਨਾਇਬ ਸਿੰਘ ਸੈਣੀ ਨੇ ਹਾਲ ਹੀ ਵਿੱਚ ਖ਼ਤਮ ਹੋਈ ਵਿਧਾਨਸਭਾ ਸੈਸ਼ਨ ਨਾਲ ਜੁੜੇ ਸੁਆਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਵਿਪੱਖ ਵਿੱਚ ਜੋ ਵੀ ਮੁੱਦੇ ਚੁੱਕੇ ਉਨ੍ਹਾਂ ਦਾ ਸਹੀ ਜਵਾਬ ਦਿੱਤਾ ਗਿਆ। ਵਿਪੱਖ ਵੱਲੋਂ ਲਗਾਏ ਗਏ ਵੋਟ ਚੋਰੀ ਦੇ ਆਰੋਪ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਵਿਪੱਖ ਦੇ ਕੋਲ੍ਹ ਕੋਈ ਮੁੱਦਾ ਨਹੀਂ ਹੈ। ਕਾਂਗ੍ਰੇਸ ਪਾਰਟੀ ਹਰਿਆਣਾ ਵਿੱਚ 10 ਸਾਲਾਂ ਤੱਕ ਸੱਤਾ ਵਿੱਚ ਰਹੀ, ਉਨ੍ਹਾਂ ਦੇ ਕਾਰਜਕਾਲ ਵਿੱਚ ਭ੍ਰਿਸ਼ਟਾਚਾਰ, ਘੋਟਾਲੇ ਅਤੇ ਅਵਿਵਸਥਾ ਦਾ ਆਲਮ ਰਿਹਾ ਜਿਸ ਦਾ ਨਤੀਜਾ ਸੂਬੇ ਦੀ ਪੂਰੀ ਜਨਤਾ ਨੂੰ ਭੁਗਤਣਾ ਪਿਆ।

ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਦੀ ਸਲਾਂਘਾ ਕਰਦੇ ਹੋਏ ਕਿਹਾ ਕਿ ਇੱਕ ਭਾਰਤ, ਸ਼ਾਨਦਾਰ ਭਾਰਤ ਅਭਿਆਨ ਤਹਿਤ ਉਤਰ ਤੋਂ ਦੱਖਣ ਅਤੇ ਪੂਰਬ ਤੋਂ ਪਛਮ ਤੱਕ ਦੇਸ਼ ਦੇ ਕੋਣੇ-ਕੋਣੇ ਵਿੱਚ ਬਰਾਬਰ ਵਿਕਾਸ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਸਿੱਖ ਗੁਰੂਆਂ ਦੇ ਪ੍ਰਕਾਸ਼ ਪਰਬ ਨੂੰ ਧੂਮਧਾਮ ਅਤੇ ਸ਼ਾਨਦਾਰ ਢੰਗ ਨਾਲ ਮਨਾ ਰਹੀ ਹੈ। ਸਾਲ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪਰਬ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਇਤਿਹਾਸਕ ਕਰਤਾਰਪੁਰ ਕਾਰਿਡੋਰ ਦੇਸ਼ ਨੂੰ ਸਮਰਪਿਤ ਕੀਤਾ ਸੀ। ਹੁਣ ਸਿੱਖ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਕਿਸਤਾਨ ਦੇ ਪਿੰਡ ਕਰਤਾਰਪੁਰ ਸਥਿਤ ਗੁਰੂਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਲੱਗੇ ਹਨ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਇਹ ਵੀ ਦੱਸਿਆ ਕਿ ਵਿਧਾਨਸਭਾ ਦੇ ਮੌਨਸੂਨ ਸੈਸ਼ਨ ਦੌਰਾਨ ਹੀ ਗੁਰੂ ਤੇਗ ਬਹਾਦੁਰ ਜੀ ਦਾ 350ਵਾਂ ਸ਼ਹੀਦੀ ਦਿਵਸ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸਭ ਦੀ ਸਹਿਮਤੀ ਨਾਲ ਇਹ ਪ੍ਰਸਤਾਵ ਪਾਸ ਕੀਤਾ ਗਿਆ ਹੈ ਜਿਸ ਦੇ ਤਹਿਤ ਆਉਣ ਵਾਲੇ ਦਿਨਾਂ ਵਿੱਚ ਵੱਖ ਵੱਖ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

# ਬਾਇਓਮੈਡੀਕਲ ਵੇਸਟ ਮਟੀਰੀਅਲ ਨੂੰ ਕੀਤਾ ਡਿਸਪੋਜ ਆਫ



**ਬਠਿੰਡਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਦੱਸਿਆ ਕਿ ਬੀਤੇ ਦਿਨੇ ਜ਼ਿਲ੍ਹੇ ਦੇ ਪਿੰਡ ਜੀਵਨ ਸਿੰਘ ਵਾਲਾ ਵਿਖੇ ਡਰੇਨ ਉੱਪਰ ਪ੍ਰਾਪਤ ਹੋਏ ਬਾਇਓਮੈਡੀਕਲ ਵੇਸਟ ਮਟੀਰੀਅਲ ਨੂੰ ਟੀਮ ਗਠਿੱਤ ਕੀਤੀ ਕਮੇਟੀ ਵਲੋਂ ਡਿਸਪੋਜ ਆਫ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਦੱਸਿਆ ਕਿ ਬੀਤੇ ਦਿਨਾਂ ਦੌਰਾਨ ਕਿਸੇ ਅਗਿਆਤ ਵਿਅਕਤੀ ਵਲੋਂ ਕਾਫੀ ਮਾਤਰਾਂ ਵਿੱਚ ਸਰਿੰਜਾਂ, ਖਾਲੀ ਇੰਪੂਅਲ, ਡਿਸਟ੍ਰਿਲ ਵਾਟਰ ਦੀਆਂ ਡੱਬੀਆਂ ਪਿੰਡ ਜੀਵਨ ਸਿੰਘ ਵਾਲਾ ਦੇ ਡਰੇਨ ਉੱਪਰ ਸੁੱਟ ਦਿੱਤੀਆਂ ਗਈਆਂ ਸਨ।ਸਿਵਲ ਸਰਜਨ ਨੇ ਅੱਗੇ ਦੱਸਿਆ ਕਿ ਵਿੱਚ ਸਰਿੰਜਾਂ, ਖਾਲੀ ਇੰਪੂਅਲ, ਡਿਸਟ੍ਰਿਲ ਵਾਟਰ ਦੀਆਂ ਡੱਬੀਆਂ ਨੂੰ ਗਠਿੱਤ ਕੀਤੀ ਟੀਮ ਵਲੋਂ ਪਿੰਡ ਦੀ ਪੰਚਾਇਤ ਦੀ ਨਿਗਰਾਨੀ ਹੇਠ ਡਿਸਪੋਜ ਆਫ ਕਰ ਦਿੱਤਾ ਗਿਆ।

# ਸੀਈਟੀ ਪ੍ਰੀਖਿਆ ਵਿੱਚ ਬਿਹਤਰੀਨ ਡਿਊਟੀ ਨਿਭਾਉਣ 'ਤੇ ਪੰਜ ਕਰਮਚਾਰੀ ਸਨਮਾਨਿਤ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਰਮਚਾਰੀ ਚੋਣ ਕਮਿਸ਼ਨ (ਐਚਐਸਐਸਸੀ) ਦੇ ਚੇਅਰਮੈਨ ਸ੍ਰੀ ਹਿੰਮਤ ਸਿੰਘ ਨੇ ਬੁੱਧਵਾਰ ਨੂੰ ਪੰਚਕੂਲਾ ਵਿੱਚ ਕਾਮਨ ਏਲਿਜੀਬਿਲਿਟੀ ਟੈਸਟ (ਸੀਈਟੀ)-2025 ਦੇ ਸਰਕਲ ਸੰਚਾਲਨ ਵਿੱਚ ਅਸਾਧਾਰਣ ਯੋਗਦਾਨ ਦੇਣ ਵਾਲੇ ਪੰਜ ਕਰਮਚਾਰੀਆਂ ਨੂੰ ਵਿਸ਼ੇਸ਼ ਪ੍ਰਸ਼ਸਤੀ ਪੱਤਰ ਅਤੇ ਨਗਦ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ।

ਸਨਮਾਨਿਤ ਕਰਮਚਾਰੀਆਂ ਵਿੱਚ ਸੋਨੀਪਤ ਦੇ ਸਪੈਸ਼ਲ ਪੁਲਿਸ ਅਧਿਕਾਰੀ ਦੇਵੇਂਦਰ ਕੁਮਾਰ ਅਤੇ ਪਵਨ ਕੁਮਾਰ, ਈਐਸਆਈ ਅਹੁਦੇ 'ਤੇ ਕੰਮ ਕਰ ਰਹੇ ਰਿਸ਼ੀਪਾਲ, ਪੰਚਕੂਲਾ ਵਿੱਚ ਕਲਰਕ ਅਹੁਦੇ 'ਤੇ ਕੰਮ ਕਰ ਰਹੇ ਅਮਿਤ ਕੁਮਾਰੀ ਅਤੇ ਰੋਹਤਕ ਰੋਡਵੇਜ ਵਿੱਚ ਕਲਰਕ ਅਹੁਦੇ 'ਤੇ ਕੰਮ ਕਰ ਰਹੇ ਸਤੀਸ਼ ਕੁਮਾਰ ਸ਼ਾਮਿਲ ਹਨ।

ਇੰਨ੍ਹਾਂ ਸਾਰਿਆਂ ਨੂੰ ਪ੍ਰੀਖਿਆ ਦੌਰਾਨ ਦਿਖਾਈ ਗਈ ਜਿਮੇਵਾਰੀਆਂ, ਸਮਰਪਣ ਅਤੇ ਬੇਮਿਸਾਲ ਕਾਰਜਸ਼ੈਲੀ ਲਈ ਇਹ ਸਨਮਾਨ ਪ੍ਰਦਾਨ ਕੀਤਾ ਗਿਆ।

ਚੇਅਰਮੈਨ ਸ੍ਰੀ ਹਿੰਮਤ ਸਿੰਘ ਨੇ ਦਸਿਆ ਕਿ ਜਿਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਗਿਆ ਹੈ, ਉਨ੍ਹਾਂ ਨੇ ਆਪਣੇ ਨਿਰੀਖਣ ਦੌਰੇ ਦੌਰਾਨ ਨਿਜੀ ਰੂਪ ਨਾਲ ਕੰਮ ਕਰਦੇ ਹੋਏ ਦੇਖਿਆ ਸੀ। ਉਸ ਵਿੱਚ ਉਨ੍ਹਾਂ ਦੇ ਵਧੀਆ ਪ੍ਰਦਰਸ਼ਨ ਨੂੰ ਪਹਿਚਾਣ ਕਰ ਇੰਨ੍ਹਾਂ ਨੂੰ ਵਿਸ਼ੇਸ਼ ਰੂਪ ਨਾਲ ਚੋਣ ਕੀਤਾ ਗਿਆ।

ਉਨ੍ਹਾਂ ਨੇ ਇਹ ਵੀ ਦਸਿਆ ਕਿ ਕਮਿਸ਼ਨ ਨੇ ਸੀਈਟੀ ਪ੍ਰੀਖਿਆ ਦੌਰਾਨ ਬਿਹਤਰੀਨ ਪ੍ਰਬੰਧਨ ਕਰਨ ਵਾਲੇ ਹਰੇਕ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਸੁਪਰਡੈਂਟ ਨੂੰ ਵੀ ਪ੍ਰਸ਼ੰਸਾਂ ਪੱਤਰ ਜਾਰੀ ਕੀਤੇ ਹਨ।

ਨਾਲ ਹੀ, ਕਮਿਸ਼ਨ ਨੇ ਜਿਲ੍ਹਾ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਸੁਪਰਡੈਂਟਾਂ ਨੂੰ ਸੁਝਾਅ ਦਿੱਤਾ ਹੈ ਕਿ ਉਹ ਵੀ ਆਪਣੇ ਸੁਬੋਰਡੀਨੇਟ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ, ਜਿਨ੍ਹਾਂ ਨੇ ਪ੍ਰੀਖਿਆ ਵਿੱਚ ਵਧੀਆ ਕੰਮ ਕੀਤਾ ਹੈ, ਪ੍ਰਸ਼ੰਸਾਂ ਪੱਤਰ ਦੇ ਕੇ ਪ੍ਰੋਤਸਾਹਿਤ ਕਰਨ।

ਸ੍ਰੀ ਹਿੰਮਤ ਸਿੰਘ ਨੇ ਅੱਗੇ ਕਿਹਾ ਕਿ ਜਲਦੀ ਹੀ ਕਮਿਸ਼ਨ ਐਚਐਸਐਸਸੀ ਸਟਾਫ ਦੇ ਕਰਮਚਾਰੀਆਂ ਨੂੰ ਵੀ ਪ੍ਰਸ਼ਸਤੀ ਪੱਤਰ ਪ੍ਰਦਾਨ ਕਰੇਗਾ, ਜਿਨ੍ਹਾਂ ਨੇ ਸੀਈਟੀ ਪ੍ਰੀਖਿਆ ਦੀ ਪ੍ਰਕਿਆ ਨੂੰ ਸਫਲ ਬਨਾਉਣ ਵਿੱਚ ਅਹਿਮ ਭੂਕਿਮਾ ਨਿਭਾਈ ਹੈ।

ਚੇਅਰਮੈਨ ਸ੍ਰੀ ਹਿੰਮਤ ਸਿੰਘ ਨੇ ਕਿਹਾ, ਸੀਈਟੀ ਵਰਗੀ ਵੱਡੀ ਪ੍ਰੀਖਿਆ ਦਾ ਸਫਲ ਆਯੋਜਨ ਟੀਮ ਭਾਵਨਾ, ਮਿਹਨਤ ਅਤੇ ਇਮਾਨਦਾਰੀ ਨਾਲ ਹੀ ਸੰਭਵ ਹੋ ਪਾਉਂਦਾ ਹੈ। ਪ੍ਰੀਖਿਆ ਪ੍ਰਕ੍ਰਿਆ ਦੇ ਹਰੇਕ ਪੜਾਅ ਵਿੱਚ ਇੰਨ੍ਹਾਂ ਕਰਮਚਾਰੀਆਂ ਨੇ ਆਪਣੇ ਭੂਮਿਕਾ ਬਹੁਤ ਜਿਮੇਵਾਰੀ ਅਤੇ ਕੁਸ਼ਲਤਾ ਨਾਲ ਨਿਭਾਈ, ਜੋ ਸਾਰਿਆਂ ਲਈ ਪ੍ਰੇਰਣਾਦਾਇਕ ਹੈ।

ਇਸ ਮੌਕੇ 'ਤੇ ਕਮਿਸ਼ਨ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਰਹੇ।ਵਰਨਣਯੋਗ ਹੈ ਕਿ 26 ਅਤੇ 27 ਜੁਲਾਈ ਨੂੰ ਸੀਈਟੀ ਪ੍ਰੀਖਿਆ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ ਸੀ।

ਇੰਨ੍ਹਾਂ ਦੋਨੌਦਿਨਾਂ ਲਈ ਕੁੱਲ 13 ਲੱਖ 48 ਹਜਾਰ ਤੋਂ ਵੱਧ ਉਮੀਦਵਾਰ ਦੇ ਏਡਮਿਟ ਕਾਰਡ ਜਾਰੀ ਕੀਤੇ ਗਏ ਸਨ।

# ਕੈਬਨਿਟ ਮੰਤਰੀ ਮੋਹਿੰਦਰ ਭਗਤ ਵਲੋਂ ਸਿਵਲ ਹਸਪਤਾਲ ਦਾ ਦੌਰਾ



**ਜਲੰਧਰ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਸਿਵਲ ਹਸਪਤਾਲ ਜਲੰਧਰ ਦਾ ਦੌਰਾ ਕਰਦਿਆਂ ਡਾਇਰੀਆ ਤੋਂ ਪੀੜਤ ਮਰੀਜ਼ਾਂ ਦਾ ਹਾਲ-ਚਾਲ ਜਾਣਿਆ। ਇਸ ਮੌਕੇ ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਕਿ ਮਰੀਜਾਂ ਦਾ ਸੁਚਾਰੂ ਢੰਗ ਨਾਲ ਇਲਾਜ ਯਕੀਨੀ ਬਣਾਇਆ ਜਾਵੇ ਅਤੇ ਕਿਸੇ ਕਿਸਮ ਦੀ ਅਣਗਹਿਲੀ ਨਾ ਵਰਤੀ ਜਾਵੇ। ਉਨ੍ਹਾਂ ਨਾਲ ਹੀ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ, ਪੰਜਾਬ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਸਰਕਾਰੀ ਹਸਪਤਾਲਾਂ ਵਿੱਚ ਸੁਚਾਰੂ ਢੰਗ ਨਾਲ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਕਿਸੇ ਵੀ ਮਰੀਜ਼ ਨੂੰ ਘਬਰਾਉਣ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਮਰੀਜ਼ਾਂ ਦਾ ਇਲਾਜ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਜਾ ਰਿਹਾ ਹੈ।

ਕੈਬਨਿਟ ਮੰਤਰੀ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਸ਼ਹਿਰ ਵਾਸੀਆਂ ਲਈ ਸਾਫ਼-ਸੁਥਰੇ ਪੀਣ ਯੋਗ ਪਾਣੀ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਪਾਣੀ ਸਪਲਾਈ ਦੀਆਂ ਪਾਈਪਾਂ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ ਜਾਵੇ ਅਤੇ ਜੇ ਊਣਤਾਈ ਸਾਹਮਣੇ ਆ ਰਹੀ ਹੈ, ਤਾਂ ਉਸ ਨੂੰ ਤੁਰੰਤ ਠੀਕ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਡਾਇਰੀਆ ਤੋਂ ਪੀੜਤ ਮਰੀਜ਼ ਦੇ ਇਲਾਕੇ ਵਿੱਚ ਤੁਰੰਤ ਟੈਂਕਰਾਂ ਰਾਹੀਂ ਪੀਣ ਯੋਗ ਪਾਣੀ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਸਿਵਲ ਸਰਜਨ ਡਾ. ਗੁਰਮੀਤ ਲਾਲ ਤੋਂ ਇਲਾਵਾ ਹੋਰ ਵੀ ਡਾਕਟਰ ਹਾਜ਼ਰ ਸਨ।

# ਪਾਤੜਾਂ ਸ਼ਹਿਰ ਅੰਦਰ ਸੀਵਰੇਜ ਦੇ ਪਾਣੀ ਦੀ ਨਿਕਾਸੀ ਦਾ ਹੱਲ ਜਲਦੀ ਕੀਤਾ ਜਾਵੇਗਾ: ਵਿਧਾਇਕ ਕੁਲਵੰਤ ਸਿੰਘ



**ਪਾਤੜਾਂ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਸ਼ਹਿਰ ਅੰਦਰ ਲੰਮੇ ਸਮੇਂ ਤੋਂ ਸੀਵਰੇਜ ਦੇ ਪਾਣੀ ਦੀ ਨਿਕਾਸੀ ਨਾਂ ਹੋਣ ਕਾਰਨ ਲੋਕਾਂ ਨੂੰ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਕਿ ਬੀਤੇ ਦਿਨ ਹੋਈ ਬਰਸਾਤ ਮਗਰੋਂ ਸ਼ਹਿਰ ਅੰਦਰ ਥਾਂ ਥਾਂ ਤੇ ਗਲੀਆਂ ਵਿੱਚ ਪਾਣੀ ਰੁਕਣ ਕਾਰਨ ਲੋਕ ਪਰੇਸ਼ਾਨ ਹੋ ਰਹੇ ਸਨ ਜਦੋਂ ਕਿ ਸ਼ਹਿਰ ਅੰਦਰ ਸੀਵਰੇਜ ਸਮੱਸਿਆ ਕਾਫੀ ਲੰਬੇ ਸਮੇਂ ਤੋਂ ਬਣੀ ਹੋਣ ਕਰਕੇ ਗਲੀਆਂ ਮੁਹੱਲਿਆਂ ਕਲੋਨੀਆਂ ਵਿੱਚ ਵੱਡੀ ਤਾਦਾਦ ਵਿੱਚ ਪਾਣੀ ਖੜਨ ਕਾਰਨ ਲੋਕ ਪਰੇਸ਼ਾਨ ਨਜ਼ਰ ਆ ਰਹੇ ਹਨ।

ਇਸ ਸਮੱਸਿਆ ਨੂੰ ਹੱਲ ਕਰਨ ਲਈ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਪਹੁੰਚ ਕੇ ਜਲਦੀ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਸੁਨਿਆਰ ਬਸਤੀ ਪਾਤੜਾਂ ਵਾਰਡ ਨੰਬਰ ਤਿੰਨ ਦੇ ਲੋਕਾਂ ਨੇ ਵਿਧਾਇਕ ਨੂੰ ਆਪਣੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮਸਲੇ ਨੂੰ ਤੁਰੰਤ ਹੱਲ ਕਰਨ ਲਈ ਵਿਧਾਇਕ ਕੁਲਵੰਤ ਸਿੰਘ ਨੇ ਨਗਰ ਕੌਂਸਲ ਦੇ ਪ੍ਰਧਾਨ ਰਣਵੀਰ ਸਿੰਘ ਅਤੇ ਕਾਰਜ ਸਾਧਕ ਅਫਸਰ ਬਲਜੀਤ ਸਿੰਘ ਨੂੰ ਨਿਰਦੇਸ ਦਿੰਦੇ ਹੋਏ ਸਾਰੀਆਂ ਸਮੱਸਿਆ ਤੁਰੰਤ ਹੱਲ ਕਰਨ ਲਈ ਕਿਹਾ। ਇਸ ਤੋਂ ਇਲਾਵਾ ਉਨ੍ਹਾਂ ਬਿਜਲੀ ਵਿਭਾਗ ਵਲੋਂ ਲਾਏ ਮੀਟਰਾਂ ਨੂੰ ਵੀ ਸਹੀ ਢੰਗ ਨਾਲ ਲਾਉਣ ਦੇ ਨਿਰਦੇਸ਼ ਦਿੱਤੇ ਹਨ। ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਹੋਰ ਵੀ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਵੀ ਸਾਨੂੰ ਦੱਸੀ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਕਿਸੇ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਦੇਸ਼ ਦੇ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੀ ਕੇਂਦਰ ਨੂੰ ਬਿਨ ਮੰਗੇ ਕਰਨੀ ਚਾਹੀਦੀ ਹੈ ਮਦਦ : ਬਰਿੰਦਰ ਕੁਮਾਰ ਗੋਇਲ



**ਫਾਜ਼ਿਲਕਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਆਖਿਆ ਹੈ ਕਿ ਦੇਸ਼ ਲਈ ਅੰਨ ਪੈਦਾ ਕਰਨ ਵਾਲੇ ਪੰਜਾਬ ਵਿੱਚ ਆਏ ਹੜਾਂ ਦੀ ਸਥਿਤੀ ਦੇ ਮੱਦੇ ਨਜ਼ਰ ਕੇਂਦਰ ਸਰਕਾਰ ਦਾ ਫਰਜ਼ ਬਣਦਾ ਹੈ ਕਿ ਬਿਨਾਂ ਮੰਗੇ ਪੰਜਾਬ ਨੂੰ ਰਾਹਤ ਪੈਕਜ ਦੇਵੇ ।

ਅੱਜ ਇੱਥੇ ਕਾਵਾਂ ਵਾਲੀ ਪੱਤਣ ਤੇ ਹੜ ਰਾਹਤ ਕਾਰਜਾਂ ਦੀ ਸਮੀਖਿਆ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਕੁਝ ਮਹੀਨੇ ਪਹਿਲਾਂ ਜਦੋਂ ਪੰਜਾਬ ਤੋਂ ਪਾਣੀ ਖੋਹਣਾ ਸੀ ਤਾਂ ਕੇਂਦਰ ਸਰਕਾਰ ਸਾਰੇ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਪੰਜਾਬ ਦਾ ਪਾਣੀ ਲੁੱਟਣ ਤੇ ਉਤਾਰੂ ਸੀ ਪਰ ਹੁਣ ਜਦ ਪੰਜਾਬ ਨੂੰ ਮਦਦ ਦੀ ਲੋੜ ਹੈ ਤਾਂ ਕੋਈ ਵੀ ਅੱਗੇ ਨਹੀਂ ਆ ਰਿਹਾ ।ਉਹਨਾਂ ਨੇ ਕਿਹਾ ਕਿ ਜਿਹੜੇ ਲੋਕ ਪੰਜਾਬ ਦਾ ਪਾਣੀ ਵਰਤਦੇ ਹਨ ਉਹਨਾਂ ਨੂੰ ਇਸ ਮੁਸ਼ਕਲ ਘੜੀ ਵਿੱਚ ਪੰਜਾਬ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਸੀ ।

ਕੈਬਨਿਟ ਮੰਤਰੀ ਨੇ ਆਖਿਆ ਕਿ ਪਹਾੜਾਂ ਅਤੇ ਪੰਜਾਬ ਵਿੱਚ ਪਈ ਬਾਰਿਸ਼ ਕਾਰਨ ਇਸ ਵਾਰ ਹੜਾਂ ਦੀ ਸਥਿਤੀ ਗੰਭੀਰ ਹੋ ਗਈ ਹੈ ਪਰ ਫਿਰ ਵੀ ਪੰਜਾਬ ਸਰਕਾਰ ਲੋਕਾਂ ਨੂੰ ਫੌਰੀ ਤੌਰ ਤੇ ਹਰ ਸੰਭਵ ਮਦਦ ਮੁਹਈਆ ਕਰਵਾ ਰਹੀ ਹੈ ਅਤੇ ਸਾਰੇ ਵਿਭਾਗਾਂ ਦੀਆਂ ਟੀਮਾਂ ਫੀਲਡ ਵਿੱਚ ਹਨ।

ਉਹਨਾਂ ਨੇ ਕਿਹਾ ਕਿ ਖੁਦ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ, ਸਾਰੇ ਮੰਤਰੀ ਅਤੇ ਵਿਧਾਇਕ ਲੋਕਾਂ ਵਿੱਚ ਵਿਚਰ ਰਹੇ ਹਨ ਅਤੇ ਰਾਹਤ ਕਾਰਜਾਂ ਨੂੰ ਲੋਕਾਂ ਤੱਕ ਪੁੱਜਦਾ ਕਰ ਰਹੇ ਹਨ। ਉਹਨਾਂ ਆਖਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਨੇ ਤਾਂ ਆਪਣਾ ਹੈਲੀਕਾਪਟਰ ਵੀ ਰਾਹਤ ਕਾਰਜਾਂ ਲਈ ਲਗਾ ਦਿੱਤਾ ਹੈ।

ਉਹਨਾਂ ਨੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਵੱਲੋਂ ਪਹਿਲਾਂ ਹੀ ਸਪੈਸ਼ਲ ਗਰਦਾਵਰੀ ਦੇ ਹੁਕਮ ਕਰ ਦਿੱਤੇ ਗਏ ਹਨ ਅਤੇ ਹੋਏ ਨੁਕਸਾਨ ਦੀ ਭਰਪਾਈ ਮੁਆਵਜ਼ਾ ਦੇ ਕੇ ਕੀਤੀ ਜਾਵੇਗੀ। ਉਹਨਾਂ ਨੇ ਕਿਹਾ ਕਿ ਰਾਹਤ ਸੈਂਟਰ ਸਥਾਪਿਤ ਕੀਤੇ ਗਏ ਹਨ ਅਤੇ ਜਿਨਾਂ ਲੋਕਾਂ ਨੂੰ ਪਾਣੀ ਵਾਲੇ ਖੇਤਰਾਂ ਵਿੱਚੋਂ ਕੱਢਿਆ ਜਾ ਰਿਹਾ ਹੈ ਰਾਹਤ ਕੈਂਪਾਂ ਵਿੱਚ ਭੇਜਿਆ ਜਾ ਰਿਹਾ ਹੈ ਜਿੱਥੇ ਲੋਕਾਂ ਨੂੰ ਖਾਣ ਪੀਣ ਅਤੇ ਹੋਰ ਰਹਿਣ ਦੀ ਸਾਰੀ ਸੁਵਿਧਾ ਪੰਜਾਬ ਸਰਕਾਰ ਵੱਲੋਂ ਮੁਹਈਆ ਕਰਵਾਈ ਜਾ ਰਹੀ ਹੈ।

ਉਹਨਾਂ ਨੇ ਕਿਹਾ ਕਿ ਹੜ ਪ੍ਰਭਾਵਿਤ ਪਿੰਡਾਂ ਵਿੱਚ ਹਰੇ ਚਾਰੇ ਅਤੇ ਤੂੜੀ ਵੀ ਘਾਟ ਦੇ ਮੱਦੇ ਨਜ਼ਰ ਸਮੁੱਚੇ ਪੰਜਾਬੀ ਇਸ ਲਈ ਇੱਕ ਦੂਸਰੇ ਦੀ ਮਦਦ ਲਈ ਅੱਗੇ ਆਏ ਹਨ ।

ਸ਼੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਐਨਡੀਆਰਐਫ ਦੀਆਂ ਟੀਮਾਂ ਤੋਂ ਇਲਾਵਾ ਫੌਜ ਵੀ ਜ਼ਿਲਾ ਪ੍ਰਸ਼ਾਸਨ ਦੀ ਮਦਦ ਕਰ ਰਹੀ ਹੈ ਅਤੇ ਅੱਜ ਵੀ 100 ਤੋਂ ਜਿਆਦਾ ਲੋਕਾਂ ਨੂੰ ਕਿਸ਼ਤੀਆਂ ਰਾਹੀਂ ਬਾਹਰ ਕੱਢਿਆ ਗਿਆ ਹੈ। ਜ਼ਿਲ੍ਹੇ ਵਿੱਚ ਸੱਤ ਰਾਹਤ ਕੈਂਪ ਕੰਮ ਕਰ ਰਹੇ ਹਨ।

# 1500 ਤੋਂ ਵੱਧ ਲੋਕਾਂ ਲਈ ਸਿੱਧੇ ਰੁਜ਼ਗਾਰ ਦੇ ਨਾਲ-ਨਾਲ ਐਮ.ਐਸ.ਐਮ.ਈ. ਲਈ ਕਾਰੋਬਾਰ ਦੇ ਅਸਿੱਧੇ ਮੌਕੇ ਹੋਣਗੇ ਪੈਦਾ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਨੂੰ ਪ੍ਰਮੁੱਖ ਉਦਯੋਗਿਕ ਹੱਬ ਬਣਾਉਣ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਅੱਜ ਦੱਸਿਆ ਕਿ ਵਰਧਮਾਨ ਸਪੈਸ਼ਲ ਸਟੀਲਜ਼ ਲਿਮਟਿਡ (ਵੀ.ਐਸ.ਐਸ.ਐਲ.) ਵੱਲੋਂ ਜਾਪਾਨ ਦੇ ਆਈਚੀ ਸਟੀਲ ਕਾਰਪੋਰੇਸ਼ਨ (ਏ.ਐਸ.ਸੀ.) ਦੇ ਸਾਂਝੇ ਉੱਦਮ ਨਾਲ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਇੱਕ ਨਵਾਂ ਗ੍ਰੀਨਫੀਲਡ ਸਪੈਸ਼ਲ ਐਂਡ ਅਲਾਏ ਸਟੀਲ ਪਲਾਂਟ ਸਥਾਪਤ ਕੀਤਾ ਜਾ ਰਿਹਾ ਹੈ। ਇਹ ਪ੍ਰੋਜੈਕਟ ਸੂਬੇ ਵਿੱਚ ਟਿਕਾਊ, ਤਕਨੀਕੀ ਤੌਰ 'ਤੇ ਉੱਨਤ ਅਤੇ ਵਿਸ਼ਵ ਪੱਧਰ 'ਤੇ ਮੁਕਾਬਲਾ ਕਰਨ ਵਾਲੀ ਸਟੀਲ ਨਿਰਮਾਣ ਸਹੂਲਤ ਸਥਾਪਤ ਕਰਨ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਸ ਪ੍ਰੋਜੈਕਟ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ, ਸ੍ਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਦੀ ਕੁੱਲ ਲਾਗਤ 2500 ਕਰੋੜ ਰੁਪਏ ਹੈ। ਅਲਾਏ ਅਤੇ ਸਪੈਸ਼ਲ ਸਟੀਲ ਦੀ 5 ਲੱਖ ਟਨ ਪ੍ਰਤੀ ਸਾਲ (ਟੀ.ਪੀ.ਏ.) ਦੀ ਸਥਾਪਿਤ ਸਮਰੱਥਾ ਨਾਲ ਹੀ ਪਲਾਂਟ ਸਟੀਲ ਸਬੰਧੀ ਘਰੇਲੂ ਅਤੇ ਵਿਸ਼ਵਵਿਆਪੀ ਆਟੋਮੋਟਿਵ ਜ਼ਰੂਰਤਾਂ ਨੂੰ ਪੂਰਾ ਕਰੇਗੀ। ਇਹ ਪਲਾਂਟ ਇਲੈਕਟ੍ਰਿਕ ਆਰਕ ਫਰਨੇਸ (ਈ.ਏ.ਐਫ) ਰੂਟ ਰਾਹੀਂ ਉਤਪਾਦਨ ਊਰਜਾ ਕੁਸ਼ਲਤਾ, ਕਾਰਬਨ ਨਿਕਾਸ ਨੂੰ ਘਟਾਉਣ ਅਤੇ ਸ਼ੁੱਧ ਸਟੀਲ ਉਤਪਾਦਨ ਨੂੰ ਯਕੀਨੀ ਬਣਾਏਗਾ।

ਉਨ੍ਹਾਂ ਅੱਗੇ ਦੱਸਿਆ ਕਿ 500 ਕਰੋੜ ਰੁਪਏ ਦੀ ਲਾਗਤ ਨਾਲ ਸੂਰਜੀ ਊਰਜਾ ਪਲਾਂਟ ਵੀ ਸਥਾਪਤ ਕੀਤਾ ਜਾਵੇਗਾ। ਇਹ ਪਲਾਂਟ ਸਾਡੇ ਸਹਿਯੋਗੀ ਭਾਈਵਾਲ ਦੇ ਸਹਿਯੋਗ ਨਾਲ ਪਲਾਂਟ ਦੇ ਸੰਚਾਲਨ ਲਈ ਨਵਿਆਉਣਯੋਗ ਊਰਜਾ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਸਥਾਪਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 500 ਕਰੋੜ ਰੁਪਏ ਦਾ ਇਹ ਨਿਵੇਸ਼ ਅਨੁਮਾਨਿਤ 2000 ਕਰੋੜ ਰੁਪਏ ਦੀ ਲਾਗਤ ਵਾਲੇ ਗਰੀਨਫੀਲਡ ਪਲਾਂਟ ਤੋਂ ਵੱਖਰਾ ਹੈ।ਜ਼ਿਕਰਯੋਗ ਹੈ ਕਿ ਇਹ ਪ੍ਰੋਜੈਕਟ ਪੰਜਾਬ ਵਿੱਚ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ। ਉਨ੍ਹਾਂ ਕਿਹਾ ਕਿ 1500 ਤੋਂ ਵੱਧ ਲੋਕਾਂ ਨੂੰ ਸਿੱਧੇ ਤੌਰ 'ਤੇ ਰੁਜ਼ਗਾਰ ਮਿਲੇਗਾ ਜਦਕਿ ਪੰਜਾਬ ਭਰ ਦੇ ਐਮ.ਐਸ.ਐਮ.ਈ., ਸਪਲਾਇਰਾਂ ਅਤੇ ਸੇਵਾ ਪ੍ਰਦਾਤਾਵਾਂ ਨੂੰ ਅਸਿੱਧੇ 'ਤੇ ਰੁਜ਼ਗਾਰ ਅਤੇ ਕਾਰੋਬਾਰ ਦੇ ਮੌਕੇ ਮਿਲਣਗੇ।ਸੰਜੀਵ ਅਰੋੜਾ ਨੇ ਆਸ ਪ੍ਰਗਟਾਈ ਕਿ ਇਹ ਪ੍ਰੋਜੈਕਟ ਪੰਜਾਬ ਦੇ ਉਦਯੋਗਿਕ ਵਿਕਾਸ ਵਿੱਚ ਇੱਕ ਮੀਲ ਪੱਥਰ ਵਜੋਂ ਕੰਮ ਕਰੇਗਾ, ਜੋ ਉੱਨਤ ਅਤੇ ਟਿਕਾਊ ਸਟੀਲ ਨਿਰਮਾਣ ਵਿੱਚ ਪੰਜਾਬ ਦੀ ਮੋਹਰੀ ਭੂਮਿਕਾ ਨੂੰ ਮਜ਼ਬੂਤ ਕਰੇਗਾ। ਉਨ੍ਹਾਂ ਨੇ ਇਸ ਪਹਿਲਕਦਮੀ ਤਹਿਤ ਪੰਜਾਬ ਦੀ ਆਰਥਿਕਤਾ ਅਤੇ ਉਦਯੋਗ ਨੂੰ ਹੁਲਾਰਾ ਦੇਣ ਲਈ ਉੱਦਮੀਆਂ ਦੇ ਸਹਿਯੋਗ ਅਤੇ ਮਾਰਗਦਰਸ਼ਨ ਦੀ ਵੀ ਮੰਗ ਕੀਤੀ।ਹੋਰ ਵੇਰਵੇ ਸਾਂਝੇ ਕਰਦਿਆਂ, ਵੀ.ਐਸ.ਐਸ.ਐਲ. ਦੇ ਵਾਈਸ ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ ਸਚਿਤ ਜੈਨ ਨੇ ਕਿਹਾ ਕਿ ਊਰਜਾ ਕੁਸ਼ਲ ਤਕਨਾਲੋਜੀਆਂ ਦੀ ਵਰਤੋਂ ਕਰਦਿਆਂ ਸਟੀਲ ਸਕ੍ਰੈਪ ਨੂੰ ਪਿਘਲਾ ਕੇ ਅਤੇ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਕੇ ਗਰੀਨ ਸਟੀਲ ਦਾ ਉਤਪਾਦਨ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਜੋ ਵਿਸ਼ਵਵਿਆਪੀ ਟਿਕਾਊ ਅਭਿਆਸਾਂ ਅਤੇ ਭਾਰਤ ਦੇ ਸ਼ੁੱਧ ਜ਼ੀਰੋ ਦ੍ਰਿਸ਼ਟੀਕੋਣ ਨਾਲ ਮੇਲ ਖਾਂਦਾ ਹੈ। ਇਸ ਨਾਲ ਜੈਵਿਕ ਬਾਲਣ 'ਤੇ ਨਿਰਭਰਤਾ ਘਟਾਏਗੀ ਅਤੇ ਕਾਰਬਨ ਦੇ ਨਿਕਾਸ ਨੂੰ ਘੱਟ ਕੀਤਾ ਜਾ ਸਕੇਗਾ।

ਸਚਿਤ ਜੈਨ ਨੇ ਕਿਹਾ ਕਿ ਇਹ ਸਾਂਝੇ ਉੱਦਮ ਅਤੇ ਤਕਨਾਲੋਜੀ ਦੇ ਅਦਾਨ-ਪ੍ਰਦਾਨ ਵਾਲਾ ਪ੍ਰੋਜੈਕਟ ਹੈ। ਇਹ ਪਲਾਂਟ ਆਟੋਮੋਟਿਵ ਐਪਲੀਕੇਸ਼ਨਾਂ ਲਈ ਵਿਸ਼ੇਸ਼ ਸਟੀਲ ਵਿੱਚ ਵਿਸ਼ਵ ਪੱਧਰ 'ਤੇ ਮੋਹਰੀ ਆਈਚੀ ਸਟੀਲ ਕਾਰਪੋਰੇਸ਼ਨ, ਜਾਪਾਨ ਦੇ ਸਹਿਯੋਗ ਨਾਲ ਸਥਾਪਤ ਕੀਤਾ ਜਾਵੇਗਾ। ਏ.ਐਸ.ਸੀ. ਵੱਲੋਂ ਨਿਰੰਤਰ ਸਹਾਇਤਾ ਅਤੇ ਤਕਨੀਕੀ ਮੁਹਾਰਤ ਪ੍ਰਦਾਨ ਕੀਤੀ ਜਾਵੇਗੀ ਜੋ ਵਿਸ਼ਵ ਪੱਧਰੀ ਸ਼ੁੱਧ ਸਟੀਲ ਦੇ ਉਤਪਾਦਨ ਵਿੱਚ ਮਦਦ ਕਰੇਗਾ। ਇਹ ਪਲਾਂਟ ਟੋਇਟਾ ਵੇਅ ਲੇਆਉਟ 'ਤੇ ਵਿਕਸਤ ਕੀਤਾ ਜਾਵੇਗਾ ਜੋ ਕਿ ਕਾਰਜਸ਼ੀਲ ਉੱਤਮਤਾ, ਸੁਰੱਖਿਆ, ਕੁਸ਼ਲਤਾ ਅਤੇ ਵਿਸ਼ਵ ਪੱਧਰੀ ਪਲਾਂਟ ਲੇਆਉਟ ਨੂੰ ਯਕੀਨੀ ਬਣਾਉਂਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਇਸ ਪ੍ਰੋਜੈਕਟ ਵਿੱਚ ਅਤਿ-ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਇਹ ਪ੍ਰੋਜੈਕਟ ਵਾਤਾਵਰਣ ਦੇ ਪ੍ਰਭਾਵ ਨੂੰ ਘੱਟ ਕਰਦਿਆਂ ਮੁਕਾਬਲੇਬਾਜ਼ੀ ਨੂੰ ਵਧਾਉਣ ਲਈ ਨਵੀਨਤਮ ਊਰਜਾ-ਕੁਸ਼ਲ ਅਤੇ ਉਤਪਾਦਕ ਤਕਨਾਲੋਜੀਆਂ ਦੀ ਵਰਤੋਂ ਕਰੇਗਾ। ਇਹ ਸਹੂਲਤ ਸਖ਼ਤ ਗਲੋਬਲ ਓ.ਈ.ਐਮ. ਮਾਪਦੰਡਾਂ 'ਤੇ ਖਰੀ ਉਤਰੇਗੀ, ਜਿਸ ਨਾਲ ਪੰਜਾਬ ਵਿਸ਼ੇਸ਼ ਸਟੀਲ ਨਿਰਯਾਤ ਲਈ ਇੱਕ ਹੱਬ ਵਜੋਂ ਉੱਭਰੇਗਾ ਜਿਸ ਨਾਲ ਨਿਰਯਾਤ ਮੁਕਾਬਲੇਬਾਜ਼ੀ ਵਿੱਚ ਵਾਧਾ ਹੋਵੇਗਾ।ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਸਹਾਇਕ ਉਦਯੋਗਾਂ, ਫੋਰਜਿੰਗ ਯੂਨਿਟਾਂ, ਲੌਜਿਸਟਿਕਸ, ਸੇਵਾ ਖੇਤਰਾਂ ਲਈ ਵੀ ਲਾਹੇਵੰਦ ਹੋਵੇਗਾ ਅਤੇ ਉਦਯੋਗਿਕ ਈਕੋਸਿਸਟਮ ਨੂੰ ਹੁਲਾਰਾ ਦੇਵੇਗਾ।

ਇਸ ਪ੍ਰੈਸ ਕਾਨਫਰੰਸ ਦੌਰਾਨ ਉਦਯੋਗ ਅਤੇ ਵਣਜ ਵਿਭਾਗ ਦੇ ਸਕੱਤਰ ਕਮਲ ਕਿਸ਼ੋਰ ਯਾਦਵ ਵੀ ਮੌਜੂਦ ਸਨ।

# ਐਸ.ਸੀ. ਭਾਈਚਾਰੇ ਦੀਆਂ ਸ਼ਿਕਾਇਤਾਂ ਲਈ ਨੋਡਲ ਅਫਸਰ ਤੇ ਹੈਲਪ ਲਾਈਨ ਬਣਾਉਣ ਦੇ ਹੁਕਮ



**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਸ੍ਰੀ ਜਸਵੀਰ ਸਿੰਘ ਗੜ੍ਹੀ ਨੇ ਅੱਜ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਅਨੁਸੂਚਿਤ ਜਾਤੀ ਨਾਲ ਸਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਨਜਿੱਠਿਆ ਜਾਵੇ। ਸ. ਗੜ੍ਹੀ ਅੱਜ ਇੱਥੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੀ 26ਵੀਂ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸੂਬੇ ਦੇ ਅਨੁਸੂਚਿਤ ਜਾਤੀਆਂ ਦੇ ਅਧਿਕਾਰਾਂ ਅਤੇ ਰਾਖੀ ਲਈ ਵਚਨਬੱਧ ਹੈ।

ਅੱਜ ਪੰਜਾਬ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਵਿੱਚ ਚੇਅਰਮੈਨ ਸ ਗੜ੍ਹੀ ਨੇ ਪੁਲਿਸ, ਸਥਾਨਕ ਸਰਕਾਰਾਂ, ਸਮਾਜਿਕ ਨਿਆਂ ਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਦਰਜ ਕੇਸਾਂ ਦੀ ਸਥਿਤੀ ਸਬੰਧੀ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿਹਾ ਕਿ ਇਹਨਾਂ ਮਾਮਲਿਆਂ ਦਾ ਜਲਦ ਨਿਪਟਾਰਾ ਕੀਤਾ ਜਾਵੇ ਤਾਂ ਜੋ ਸ਼ਿਕਾਇਤਕਰਤਾਵਾਂ ਨੂੰ ਸਮੇਂ ਸਿਰ ਨਿਆਂ ਮਿਲ ਸਕੇ।

ਮੀਟਿੰਗ ਦੌਰਾਨ ਸ. ਗੜ੍ਹੀ ਨੇ ਪੁਲਿਸ ਵਿਭਾਗ ਨੂੰ ਹਦਾਇਤ ਕੀਤੀ ਕਿ ਹਰ ਜ਼ਿਲ੍ਹੇ ਵਿੱਚ ਐਸ.ਸੀ./ਐਸ.ਟੀ. ਅੱਤਿਆਚਾਰ ਰੋਕਥਾਮ ਐਕਟ 1989 ਤਹਿਤ ਦਰਜ ਕੇਸਾਂ ਦੇ ਨਿਪਟਾਰੇ ਲਈ ਐਸ.ਪੀ. ਪੱਧਰ ਦੇ ਨੋਡਲ ਅਫਸਰ ਨਿਯੁਕਤ ਕੀਤੇ ਜਾਣ ਤਾਂ ਜੋ ਅੱਤਿਆਚਾਰ ਸਬੰਧੀ ਸ਼ਿਕਾਇਤਾਂ ਦਾ ਤੁਰੰਤ ਹੱਲ ਹੋ ਸਕੇ। ਇਸ ਦੇ ਨਾਲ-ਨਾਲ ਵਿਸ਼ੇਸ਼ ਹੈਲਪ ਲਾਈਨ ਨੰਬਰ ਸਥਾਪਿਤ ਕਰਨ ਦੀ ਵੀ ਸਿਫ਼ਾਰਸ਼ ਕੀਤੀ ਗਈ, ਤਾਂ ਜੋ ਅਨੁਸੂਚਿਤ ਜਾਤੀ ਵਰਕਾ ਦੇ ਲੋਕ ਆਪਣੀ ਸ਼ਿਕਾਇਤ ਪੁਲਿਸ ਵਿਭਾਗ ਨੂੰ ਫੋਨ ਕਾਲ ਰਾਹੀਂ ਵੀ ਦਰਜ ਕਰਾ ਸਕਣ। ਇਸ ਮੌਕੇ ਭੂਰੀਵਾਲੇ ਗੁਰਗੱਦੀ (ਗਰੀਬ ਦਾਸ) ਸੰਪਰਦਾਇ ਦੇ ਪ੍ਰਮੁੱਖ ਧਾਮ ਸ੍ਰੀ ਰਕਬਾ ਸਾਹਿਬ (ਲੁਧਿਆਣਾ) ਅਤੇ ਸ੍ਰੀ ਝਾਂਡੀਆਂ ਧਾਮ (ਰੋਪੜ) ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਲਈ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਚਰਨਛੋਹ ਪ੍ਰਾਪਤ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਤਪ-ਅਸਥਾਨ ਅਤੇ ਚਰਨ ਛੋਹ ਗੰਗਾ ਵਿਖੇ ਸੁਰੱਖਿਆ ਲਈ ਗਾਰਦ ਨਿਯੁਕਤ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ, ਜਿੱਥੇ ਕਿ ਬਹੁ ਗਿਣਤੀ ਸੰਗਤ ਅਨੁਸੂਚਿਤ ਜਾਤੀ ਵਰਗਾਂ/ ਪਛੜੀਆਂ ਸ਼੍ਰੇਣੀਆਂ ਨਾਲ ਜੁੜੀ ਹੋਈ ਹੈ।

ਇਸ ਮੌਕੇ ਉਨ੍ਹਾਂ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਰਨਾਲਾ, ਫਾਜ਼ਿਲਕਾ, ਮਲੇਰਕੋਟਲਾ, ਪਠਾਨਕੋਟ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿੱਚ ਅੰਬੇਡਕਰ ਭਵਨ ਅਜੇ ਨਹੀਂ ਬਣੇ, ਉਨਾਂ ਦਾ ਨਿਰਮਾਣ ਕੀਤਾ ਜਾਵੇ। ਜ਼ਿਲ੍ਹਾ ਬਰਨਾਲਾ ਵਿੱਚ ਅੰਬੇਡਕਰ ਭਵਨ ਦੇ ਨਿਰਮਾਣ ਲਈ ਦਿੱਤੀ ਗਈ ਜਮੀਨ ਦੀ ਪ੍ਰਪੋਜਲ ਨੂੰ ਪ੍ਰਵਾਨ ਕਰਦਿਆਂ ਅੰਬੇਡਕਰ ਭਵਨ ਬਣਾਇਆ ਜਾਵੇ। ਜ਼ਿਲਾ ਤਰਨ ਤਾਰਨ ਵਿਖੇ ਅਧੂਰੇ ਅੰਬੇਡਕਰ ਭਵਨ ਦਾ ਨਿਰਮਾਣ ਕਾਰਜ ਤੇਜ਼ ਕੀਤਾ ਜਾਵੇ। ਸਾਲ 2017 ਤੋਂ 2019 ਪੋਸਟਮੈਟਿਕ ਸਕਾਲਰਸ਼ਿਪ ਸਕੀਮ ਦੇ ਸੂਬੇ ਦੇ 40% ਹਿੱਸੇ ਦੇ ਹਿਸਾਬ ਨਾਲ ਬਕਾਇਆ ਫੰਡ ਸਬੰਧਤ ਕਾਲਜਾਂ ਤੇ ਸਿੱਖਿਆ ਸੰਸਥਾਵਾਂ ਨੂੰ ਤੁਰੰਤ ਜਾਰੀ ਕੀਤੇ ਜਾਣ। ਚੇਅਰਮੈਨ ਸਰਦਾਰ ਗੜ੍ਹੀ ਨੇ ਭਰੋਸਾ ਦਿੰਦਿਆਂ ਕਿਹਾ ਕਿ ਸਿੱਖਿਆ ਸੰਸਥਾਵਾਂ ਦੇ 60 ਪ੍ਰਤੀਸ਼ਤ ਕੇਂਦਰ ਦੇ ਬਕਾਏ ਤੇ ਰਹਿੰਦੇ ਫੰਡਾ ਨੂੰ ਰਾਸ਼ਟਰੀ ਅਨੁਸੂਚਿਤ ਜਾਤੀਆਂ ਕਮਿਸ਼ਨ ਰਾਹੀਂ ਵਿਚਾਰਦੇ ਹੋਏ ਕੇਂਦਰ ਸਰਕਾਰ ਤੱਕ ਇਹ ਸਮੱਸਿਆ ਦੇ ਹੱਲ ਲਈ ਯਤਨ ਕੀਤੇ ਜਾਣਗੇ।

ਸਥਾਨਕ ਸਰਕਾਰਾਂ ਦੇ ਡਾਇਰੈਕਟਰ ਸ਼੍ਰੀ ਕੁਲਵੰਤ ਸਿੰਘ ਜੀ ਨੂੰ ਨਿਰਦੇਸ਼ ਦਿੰਦਿਆਂ ਕਿ ਡਿਊਟੀ ਦੌਰਾਨ ਮਰਨ ਵਾਲੇ ਸਫਾਈ ਕਰਮਚਾਰੀਆਂ ਦੇ ਪਰਿਵਾਰਾਂ ਨੂੰ ਤਰਸ ਦੇ ਅਧਾਰ ਤੇ ਨੌਕਰੀ ਦੇਣ ਸਬੰਧੀ ਪੈਂਡਿੰਗ ਕੇਸਾਂ ਨੂੰ ਜਲਦ ਨਿਪਟਾਉਣ ਲਈ ਡਾਟਾ ਇਕੱਠਾ ਕਰਨ ਦੇ ਨਿਰਦੇਸ਼ ਦਿੱਤੇ ਗਏ।

ਮੀਟਿੰਗ ਵਿੱਚ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਗੈਰ-ਸਰਕਾਰੀ ਮੈਂਬਰ ਗੁਲਜ਼ਾਰ ਸਿੰਘ ਬੋਬੀ, ਗੁਰਪ੍ਰੀਤ ਸਿੰਘ ਇੱਟਾਂਵਾਲੀ, ਰੁਪਿੰਦਰ ਸਿੰਘ ਸ਼ੀਤਲ ਤੋਂ ਇਲਾਵਾ ਪੁਲਿਸ ਵਿਭਾਗ ਤੋਂ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਸ੍ਰੀ ਏ.ਐਸ. ਰਾਏ, ਡਾਇਰੈਕਟਰ ਸਥਾਨਕ ਸਰਕਾਰਾਂ ਵਿਭਾਗ ਸ. ਕੁਲਵੰਤ ਸਿੰਘ ਆਈ.ਏ.ਐਸ., ਡਾਇਰੈਕਟਰ ਸਮਾਜਿਕ ਨਿਆਂ ਅਤੇ ਅਧਿਕਾਰਤਾ ਵਿਭਾਗ, ਡਾ. ਨਯਨ ਜੱਸਲ ਪੀ.ਸੀ.ਐਸ. ਸਕੱਤਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਝੋਨੇ ਦੀ ਨਿਰਵਿਘਨ ਖ਼ਰੀਦ ਯਕੀਨੀ ਬਣਾਉਣ ਲਈ ਪੁਖ਼ਤਾ ਪ੍ਰਬੰਧ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਉਣੀ ਖ਼ਰੀਦ ਸੀਜ਼ਨ ਦੀਆਂ ਤਿਆਰੀਆਂ ਵਿੱਚ ਤੇਜ਼ੀ ਲਿਆਉਂਦਿਆਂ ਸੂਬੇ ਭਰ ਦੀਆਂ ਅਨਾਜ ਮੰਡੀਆਂ ਵਿੱਚੋਂ ਝੋਨੇ ਦੇ ਇੱਕ-ਇੱਕ ਦਾਣੇ ਦੀ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਜਾ ਰਹੇ ਹਨ। ਸ. ਖੁੱਡੀਆਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨਾਲ ਅੱਜ ਕਿਸਾਨ ਭਵਨ ਵਿਖੇ ਸਪਲਾਈ ਅਤੇ ਪੰਜਾਬ ਮੰਡੀ ਬੋਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਸਾਉਣੀ ਦੀ ਫਸਲ ਦੀ ਨਿਰਵਿਘਨ ਖਰੀਦ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਸਰਜਨ ਨਾਲ ਸੂਬਾ ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ



**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹਾਂ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਮਰਜੈਂਸੀ ਮੈਡੀਕਲ ਰਿਸਪਾਂਸ, ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਸਬੰਧੀ ਵਿਆਪਕ ਸਮੀਖਿਆ ਲਈ ਸਿਵਲ ਸਰਜਨਾਂ, ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ, ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ), ਰੈੱਡ ਕਰਾਸ ਅਤੇ ਕੈਮਿਸਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਵੀਡੀਓ ਕਾਨਫਰੰਸ ਕੀਤੀ।

ਸਿਹਤ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਦੇਖਭਾਲ ਅਤੇ ਰਾਹਤ ਪ੍ਰਦਾਨ ਕਰਨ ਲਈ ਵੱਡੇ ਪੱਧਰ 'ਤੇ ਮੈਡੀਕਲ ਟੀਮਾਂ ਭੇਜੀਆਂ ਜਾ ਰਹੀਆਂ ਹਨ ਅਤੇ ਸਰੋਤ ਜੁਟਾਏ ਜਾ ਰਹੇ ਹਨ।

ਮੀਟਿੰਗ ਦੌਰਾਨ ਬੋਲਦਿਆਂ ਡਾ. ਬਲਬੀਰ ਸਿੰਘ ਨੇ ਕਿਹਾ, ÷ਸਾਡੇ ਨਾਗਰਿਕਾਂ ਦੀ ਸਿਹਤ ਅਤੇ ਤੰਦਰੁਸਤੀ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ।

ਉਨ੍ਹਾਂ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਕਿ ਇਸ ਮੁਸ਼ਕਿਲ ਸਮੇਂ ਦੌਰਾਨ ਕੋਈ ਵੀ ਵਿਅਕਤੀ ਡਾਕਟਰੀ ਸਹਾਇਤਾ ਤੋਂ ਵਾਂਝਾ ਨਾ ਰਹੇ। ਉਨ੍ਹਾਂ ਹਦਾਇਤਾ ਕੀਤੀ ਕਿ ਸਾਰੀਆਂ ਸਿਹਤ ਸੰਸਥਾਵਾਂ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਲੈਸ ਹੋਣ ਅਤੇ ਢੁੱਕਵੇਂ ਸਟਾਕ ਉਪਲੱਬਧ ਰੱਖੇ ਜਾਣ।

ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਗਰਭਵਤੀ ਔਰਤਾਂ ਨੂੰ ਲੱਭਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਅਹਿਮ ਮਿਸ਼ਨ ਸ਼ੁਰੂ ਕੀਤਾ ਗਿਆ ਹੈ। ਇਸ ਟੀਚਾਗਤ ਪਹਿਲ ਦੇ ਜੀਵਨ ਬਚਾਉਣ ਵਾਲੇ ਨਤੀਜੇ ਸਾਹਮਣੇ ਆਏ ਹਨ ਕਿਉਂਕਿ ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਟੀਮਾਂ ਵੱਲੋਂ ਅਜਿਹੀਆਂ ਛੇ ਔਰਤਾਂ ਨੂੰ ਸਫਲਤਾਪੂਰਵਕ ਬਚਾਇਆ ਗਿਆ ਹੈ ਅਤੇ ਉਹਨਾਂ ਸਾਰੀਆਂ ਔਰਤਾਂ ਨੇ ਸਰਕਾਰੀ ਸਹੂਲਤਾਂ ਵਿੱਚ ਸਿਹਤਮੰਦ ਬੱਚਿਆਂ ਨੂੰ ਜਨਮ ਦਿੱਤਾ ਹੈ।

ਉਨ੍ਹਾਂ ਨੇ ਇਸ ਸੰਕਟ ਨਾਲ ਨਜਿੱਠਣ ਲਈ ਵਿਆਪਕ ਪੱਧਰ 'ਤੇ ਸਿਹਤ ਸੰਭਾਲ ਸਰੋਤਾਂ ਨੂੰ ਲਾਮਬੰਦ ਕਰਨ ਦਾ ਐਲਾਨ ਕੀਤਾ ਹੈ। ਵਿਭਾਗ ਵੱਲੋਂ 360 ਮੋਬਾਈਲ ਮੈਡੀਕਲ ਟੀਮਾਂ ਅਤੇ 458 ਰੈਪਿਡ ਰਿਸਪਾਂਸ ਟੀਮਾਂ ਦਾ ਗਠਨ ਕੀਤਾ ਹੈ, ਜੋ ਪ੍ਰਭਾਵਿਤ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ।

ਮੰਤਰੀ ਨੇ ਦੱਸਿਆ ਕਿ ਹੜ੍ਹ ਰਾਹਤ ਲਈ ਕੁੱਲ 172 ਐਂਬੂਲੈਂਸਾਂ ਦਿਨ-ਰਾਤ ਤਾਇਨਾਤ ਰੱਖੀਆਂ ਗਈਆਂ ਹਨ।

# ਪੰਜਾਬ ਪੁਲਿਸ ਨੇ ਸੂਬੇ ਭਰ ਦੇ 138 ਰੇਲਵੇ ਸਟੇਸ਼ਨਾਂ 'ਤੇ ਤਲਾਸ਼ੀ ਮੁਹਿੰਮ ਚਲਾਈ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ 180ਵੇਂ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਦੇ 138 ਰੇਲਵੇ ਸਟੇਸ਼ਨਾਂ 'ਤੇ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਕਾਸੋ) ਚਲਾਈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਵਿਸ਼ੇਸ਼ ਪੁਲਿਸ ਡਾਇਰੈਕਟਰ ਜਨਰਲ (ਸਪੈਸ਼ਲ ਡੀਜੀਪੀ) ਕਾਨੂੰਨ ਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਇਸ ਕਾਰਵਾਈ ਨੂੰ ਸਫਲ ਬਣਾਉਣ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਭਾਰੀ ਪੁਲਿਸ ਫੋਰਸ ਤਾਇਨਾਤ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

ਉਨ੍ਹਾਂ ਕਿਹਾ ਕਿ ਰਾਜ ਦੇ ਲਗਭਗ 138 ਰੇਲਵੇ ਸਟੇਸ਼ਨਾਂ 'ਤੇ ਚਲਾਏ ਇਸ ਆਪ੍ਰੇਸ਼ਨ ਦੌਰਾਨ ਲਗਭਗ 1189 ਲੋਕਾਂ ਦੀ ਜਾਂਚ ਕੀਤੀ ਗਈ। ਉਨ੍ਹਾਂ ਅੱਗੇ ਕਿਹਾ ਕਿ ਇਸ ਆਪ੍ਰੇਸ਼ਨ ਦੌਰਾਨ 7 ਸ਼ੱਕੀ ਵਿਅਕਤੀਆਂ ਨੂੰ ਪੁੱਛਗਿੱਛ ਲਈ ਕਾਬੂ ਵੀ ਕੀਤਾ ਗਿਆ।

ਇਸ ਤੋਂ ਇਲਾਵਾ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਜਾਰੀ ਰੱਖੀ ਹੈ, ਜਿਸ ਵਿੱਚ ਅੱਜ 84 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.8 ਕਿਲੋ ਹੈਰੋਇਨ, 24 ਕਿਲੋ ਭੁੱਕੀ ਅਤੇ 5400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਨਾਲ ਸਿਰਫ 180 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 27,508 ਹੋ ਗਈ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ।

ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਜਾਣਕਾਰੀ ਦਿੱਤੀ ਕਿ 62 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 120 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿੱਚ 57 ਐਫਆਈਆਰਜ਼ ਦਰਜ ਕੀਤੀਆਂ ਗਈਆਂ ਹਨ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 58 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

## ਸੰਪਾਦਕੀ

### ਆਖਿਰ .ਫ਼ੌਜੀ ਆਪਣੀ ਹੀ ਸਰਕਾਰ ਖਿਲਾ.ਫ ਕਿਉਂ ਲੜਨ ?

ਕਿਸੇ ਵਿਕਲਾਂਗ ਸਾਬਕਾ ਫ਼ੌਜੀ ਜਾਂ ਉਸ ਦੇ ਪਰਿਵਾਰ ਨੂੰ ਕਿਸੇ ਸਰਹੱਦੀ ਮੋਰਚੇ ਦੀ ਬਜਾਏ ਅਦਾਲਤ ਵਿੱਚ ਲੜਾਈ ਲੜਨੀ ਪੈਂਦੀ ਹੈ ਤਾਂ ਸਾਡੇ ਸਿਸਟਮ ਵਿੱਚ ਕੁਝ ਨਾ ਕੁਝ ਟੁੱਟ ਜਾਂਦਾ ਹੈ ਜੋ ਜ਼ਬਾਨੀ ਕਲਾਮੀ ਫ਼ੌਜੀ ਦੀ ਪ੍ਰਸ਼ੰਸਾ ਕਰਦਾ ਹੈ ਪਰ ਸੇਵਾਮੁਕਤੀ ਤੋਂ ਬਾਅਦ ਉਸ ਨੂੰ ਮੁਕੱਦਮੇਬਾਜ਼ੀ ਵਿੱਚ ਉਲਝਾ ਦਿੰਦਾ ਹੈ। ਕਈ ਹਾਲੀਆ ਫੈਸਲਿਆਂ ਵਿੱਚ ਅਦਾਲਤਾਂ ਨੇ ਸਰਕਾਰ ਨੂੰ ਫ਼ੌਜੀਆਂ ਨੂੰ ਪੈਨਸ਼ਨ ਰਾਹਤ ਦੇਣ ਵਾਲੇ ਹਥਿਆਰਬੰਦ ਬਲ ਟ੍ਰਿਬਿਊਨਲ (ਏਐੱਫਟੀ) ਦੇ ਲਗਭਗ ਹਰੇਕ ਫ਼ੈਸਲੇ ਨੂੰ ਚੁਣੌਤੀ ਦੇਣ ਦੀ ਲਗਾਤਾਰ ਪ੍ਰਥਾ ਦੇ ਖ਼ਿਲਾਫ਼ ਖ਼ਬਰਦਾਰ ਕੀਤਾ ਹੈ। ਇਹ ਟਿੱਪਣੀ ਉਦੋਂ ਕੀਤੀ ਗਈ ਜਦੋਂ ਦਿੱਲੀ ਹਾਈ ਕੋਰਟ ਵੱਲੋਂ ਮੇਜਰ ਸੰਜੀਵ ਚੱਢਾ ਜਿਨ੍ਹਾਂ ਦੀ 25 ਸਾਲ ਪਹਿਲਾਂ ਮੌਤ ਹੋ ਗਈ ਸੀ, ਦੇ ਕੇਸ ਵਿੱਚ ਸੁਣਵਾਈ ਕੀਤੀ ਜਾ ਰਹੀ ਸੀ। ਪਿਛਲੇ ਮਹੀਨੇ ਇੱਕ ਹੋਰ ਕੇਸ ਵਿੱਚ ਦਿੱਲੀ ਹਾਈ ਕੋਰਟ ਨੇ ਵਿਕਲਾਂਗ ਪੈਨਸ਼ਨ ਦੇਣ ਦੇ ਏਐੱਫਟੀ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਰੱਖਿਆ ਮੰਤਰਾਲੇ ਵੱਲੋਂ ਦਾਇਰ ਕੀਤੀਆਂ 300 ਪਟੀਸ਼ਨਾਂ ਖਾਰਜ ਕਰ ਦਿੱਤੀਆਂ। ਅਦਾਲਤ ਨੇ ਆਖਿਆ, ਇਹ ਕੋਈ ਫਰਾਖ਼ਦਿਲੀ ਦੀ ਕਾਰਵਾਈ ਨਹੀਂ ਹੈ, ਸਗੋਂ ਉਨ੍ਹਾਂ ਵੱਲੋਂ ਕੀਤੀਆਂ ਗਈਆਂ ਉਹ ਕੁਰਬਾਨੀਆਂ ਦਾ ਬਣਦਾ ਹੱਕ ਮਹਿਜ਼ ਪ੍ਰਵਾਨ ਕੀਤਾ ਗਿਆ ਹੈ ਜੋ ਫ਼ੌਜੀ ਸੇਵਾ ਦੌਰਾਨ ਹੋਈਆਂ ਵਿਕਲਾਂਗਤਾ ਜਾਂ ਵਿਗਾੜਾਂ ਦੇ ਰੂਪ ਵਿੱਚ ਹੋਈਆਂ ਸਨ... ਇਹ ਅਜਿਹਾ ਉਪਰਾਲਾ ਹੈ ਜੋ ਹੌਸਲੇ ਤੇ ਤਨਦੇਹੀ ਨਾਲ ਆਪਣੇ ਦੇਸ਼ ਦੀ ਸੇਵਾ ਕਰਨ ਵਾਲੇ ਫ਼ੌਜੀਆਂ ਪ੍ਰਤੀ ਰਾਜ ਦੇ ਫ਼ਰਜ਼ ਨੂੰ ਬੁਲੰਦ ਕਰਦਾ ਹੈ। ਸਾਡੇ ਸਾਹਮਣੇ ਅਸਲ ਮੁੱਦਾ ਇਹ ਹੈ- ਫ਼ੌਜੀਆਂ ਪ੍ਰਤੀ ਰਾਜ ਦੀ ਜ਼ਿੰਮੇਵਾਰੀ। ਉਂਝ, ਇਸ ਤੋਂ ਪਹਿਲਾਂ ਕਿ ਅਸੀਂ ਇਸ ਵੱਲ ਆਈਏ, ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਫ਼ੌਜ ਦੇ ਮੈਂਬਰਾਂ ਦਾ ਵਿਸ਼ੇਸ਼ ਖਿਆਲ ਕਿਉਂ ਰੱਖਿਆ ਜਾਣਾ ਚਾਹੀਦਾ ਹੈ। ਫ਼ੌਜ ਨੂੰ ਰਾਸ਼ਟਰ ਦੀ ਤਰਫ਼ੋਂ ਖਾਸ ਜ਼ਿੰਮਾ ਸੌਂਪਿਆ ਗਿਆ ਹੈ। ਜੇ ਇਸ (ਫ਼ੌਜ) ਦਾ ਵਿਹਾਰ ਗ਼ੈਰ-ਜ਼ਿੰਮੇਵਾਰ ਹੋ ਜਾਵੇ ਤਾਂ ਇਸ ਨਾਲ ਦੇਸ਼ ਦੀ ਸੁਰੱਖਿਆ ਅਤੇ ਭਲਾਈ ਕਮਜ਼ੋਰ ਹੋ ਸਕਦੀ ਹੈ। ਇਸ ਲਈ ਗੁੱਝੀਆਂ ਕਦਰਾਂ-ਕੀਮਤਾਂ ਦਾ ਸਮੂਹ ਹੋਣਾ ਚਾਹੀਦਾ ਹੈ; ਭਾਵ, ਫ਼ੌਜ ਇਖ਼ਲਾਕ ਜਿਸ ਤੋਂ ਫ਼ੌਜੀ ਸੇਧ ਲੈਣ ਸਕਣ। ਇਹ ਇਖ਼ਲਾਕ ਸਿਆਸੀ ਸਰਕਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਦਾ ਹੈ, ਇਹ ਭਾਵਨਾ ਵਿੱਚ ਕਾਰਪੋਰੇਟਿਵ ਹੁੰਦੀ ਹੈ ਅਤੇ ਵਫ਼ਾਦਾਰੀ ਤੇ ਫਰਮਾਬਰਦਾਰੀ ਉੱਪਰ ਜ਼ੋਰ ਦਿੰਦੀ ਹੈ; ਹਾਲਾਂਕਿ, ਫ਼ੌਜੀ ਇਖ਼ਲਾਕ ਦਾ ਸਭ ਤੋਂ ਮਹੱਤਵਪੂਰਨ ਤੱਤ 'ਅਸੀਮਤ ਫ਼ਰਜ਼' ਸੰਕਲਪ ਹੁੰਦਾ ਹੈ। 'ਅਸੀਮਤ ਫ਼ਰਜ਼' ਦਾ ਮਤਲਬ ਹੈ ਕਿ ਫ਼ੌਜ ਦੇ ਸਾਰੇ ਮੈਂਬਰ ਇਹ ਪ੍ਰਵਾਨ ਕਰਦੇ ਹਨ ਕਿ ਉਨ੍ਹਾਂ ਨੂੰ ਅਜਿਹੇ ਕਿਸੇ ਵੀ ਹਾਲਾਤ ਵਿੱਚ ਜਾਣ ਲਈ ਕਾਨੂੰਨਨ ਹੁਕਮ ਦਿੱਤਾ ਜਾ ਸਕਦਾ ਹੈ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਇਹ ਖ਼ਾਸ ਤੌਰ 'ਤੇ ਫੌਜੀ ਉਪਬੰਧ ਹੁੰਦਾ ਹੈ ਜੋ ਇਸ ਨੂੰ ਕਿਸੇ ਵੀ ਹੋਰ ਕਿੱਤੇ ਨਾਲੋਂ ਵੱਖ ਕਰਦੀ ਹੈ ਅਤੇ ਇਸ ਵਿੱਚ ਮੁੱਖ ਤੌਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਡਿਊਟੀ ਦਾ ਮਤਲਬ ਉਹੀ ਹੁੰਦਾ ਹੈ ਜਿਸ ਨੂੰ ਫ਼ੌਜੀ ਜਿਵੇਂ ਤੱਕਦਾ ਹੈ। ਫ਼ੌਜੀ ਦੀ ਬੁਨਿਆਦੀ ਫਿਤਰਤ ਜਾਨ ਲੈਣਾ ਨਹੀਂ ਹੁੰਦੀ (ਹਾਲਾਂਕਿ ਜਿੱਤਣ ਲਈ ਅਜਿਹਾ ਜ਼ਰੂਰੀ ਹੁੰਦਾ ਹੈ) ਸਗੋਂ ਮਰਨ ਦੀ ਇੱਛਾ ਹੁੰਦੀ ਹੈ। ਸਾਨੂੰ ਖ਼ੁਦ ਤੋਂ ਇਹ ਪੁੱਛਣਾ ਚਾਹੀਦਾ ਹੈ ਕਿ ਫ਼ੌਜੀਆਂ ਨੂੰ ਹਿਮਾਲਿਆਈ ਜਲ ਖੇਤਰਾਂ, ਸਿਆਚਿਨ ਦੀਆਂ ਬਰਫੀਲੀਆਂ ਚੋਟੀਆਂ, ਕਸ਼ਮੀਰ ਵਿੱਚ ਅਤਿਵਾਦ ਵਿਰੋਧੀ ਮੁਹਿੰਮਾਂ ਦੌਰਾਨ ਲੱਕ-ਲੱਕ ਤੱਕ ਬਰਫ਼ ਵਿੱਚ ਗਸ਼ਤ ਕਰਨ ਅਤੇ ਅਸਲ ਕੰਟਰੋਲ ਰੇਖਾ 'ਤੇ ਤੋਪਖਾਨੇ ਦੀ ਲੜਾਈ ਵਿੱਚ ਸ਼ਾਮਿਲ ਹੋਣ ਲਈ ਅਜਿਹੇ ਸਭ ਤੋਂ ਦੁਸ਼ਵਾਰਕੁਨ ਹਾਲਾਤ ਵਿੱਚ ਕੀ ਕਰਨਾ ਪੈਂਦਾ ਹੈ। ਜੋ ਚੀਜ਼ ਉਨ੍ਹਾਂ ਨੂੰ ਅੱਗੇ ਵਧਾਉਂਦੀ ਹੈ, ਉਹ ਹੈ ਉਦੇਸ਼ ਦੀ ਇਹ ਪ੍ਰਬਲ ਸੋਝੀ ਕਿ ਉਨ੍ਹਾਂ ਦੀ ਔਕੜ ਨਾਲੋਂ ਉਨ੍ਹਾਂ ਦਾ ਫਰਜ਼ ਕਿਤੇ ਵੱਡੇ ਉਦੇਸ਼ ਲਈ ਕਾਰਜਸ਼ੀਲ ਹੈ। ਉਹ ਦੇਸ਼ ਦੇ ਸਨਮਾਨ ਦੀ ਰਾਖੀ ਕਰ ਰਹੇ ਹਨ, ਇਹ ਜਾਣਦੇ ਹੋਏ ਕਿ ਦੇਸ਼ ਦੀ ਸੁਰੱਖਿਆ ਹਰੇਕ ਫ਼ੌਜੀ ਦੇ ਅਹਿਦ ਉੱਪਰ ਨਿਰਭਰ ਕਰਦੀ ਹੈ। ਕੋਈ ਫ਼ੌਜੀ ਸਰਕਾਰ ਤੋਂ ਬਦਲੇ ਵਿੱਚ ਕੀ ਮੰਗਦਾ ਹੈ? ਕਿ ਉਸ ਨਾਲ ਮਾਣ, ਸਤਿਕਾਰ ਅਤੇ ਇੱਜ਼ਤ ਨਾਲ ਪੇਸ਼ ਆਇਆ ਜਾਵੇ। ਜੇਕਰ ਉਹ ਜ਼ਖ਼ਮੀ ਹੋ ਜਾਂਦਾ ਹੈ ਜਾਂ ਆਪਣੀ ਜਾਨ ਗੁਆ ਦਿੰਦਾ ਹੈ ਤਾਂ ਉਸ ਦਾ ਜਾਂ ਉਸ ਦੇ ਪਰਿਵਾਰ ਦਾ ਖਿਆਲ ਰੱਖਿਆ ਜਾਵੇ। ਇਸ ਜ਼ਿੰਮੇਵਾਰੀ ਨੂੰ 'ਮਿਲਟਰੀ ਕੋਵਨੈਂਟ' (ਫ਼ੌਜੀ ਅਹਿਦਨਾਮਾ) ਕਿਹਾ ਜਾਂਦਾ ਹੈ। ਸਿਪਾਹੀ ਤੇ ਸਰਕਾਰ ਵਿਚਕਾਰ ਇਹ ਤਾਲਮੇਲ ਅਟੁੱਟ ਬੰਧਨ ਬਣਾਉਂਦਾ ਹੈ ਜਿਸ ਨੇ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਸੈਨਾ ਨੂੰ ਕਾਇਮ ਰੱਖਿਆ ਹੈ। 'ਫ਼ੌਜੀ ਅਹਿਦਨਾਮਾ' ਨਾ ਸਿਰਫ਼ ਵਰਦੀਧਾਰੀ ਬੰਦਿਆਂ 'ਤੇ ਲਾਗੂ ਹੁੰਦਾ ਹੈ, ਸਗੋਂ ਅਤਿ ਮਹੱਤਵਪੂਰਨ ਢੰਗ ਨਾਲ, ਇਹ ਬਿਨਾਂ ਵਰਦੀ ਵਾਲੇ ਲੋਕਾਂ 'ਤੇ ਵੀ ਲਾਗੂ ਹੁੰਦਾ ਹੈ। ਇਹ ਸਾਬਕਾ ਸੈਨਿਕ ਹਨ, ਜੋ ਦੇਸ਼ ਭਰ ਦੇ ਹਜ਼ਾਰਾਂ ਪਿੰਡਾਂ ਵਿੱਚ ਰਹਿ ਰਹੇ ਹਨ, ਜਿਨ੍ਹਾਂ ਨੂੰ ਸੇਵਾਦਾਰ ਸਿਪਾਹੀ ਨੂੰ ਮਿਲਣ ਵਾਲੀ ਸੰਸਥਾਈ ਸਹਾਇਤਾ ਨਹੀਂ ਮਿਲਦੀ, ਜੋ ਸਰਕਾਰੀ ਮਿਹਰਬਾਨੀ ਦੇ ਸਭ ਤੋਂ ਵੱਧ ਹੱਕਦਾਰ ਹਨ। ਬਦਕਿਸਮਤੀ ਨਾਲ, ਸੂਰਤ-ਏ-ਹਾਲ ਇਹ ਹੈ ਕਿ ਉਹ ਹਜ਼ਾਰਾਂ ਲੋਕ ਜਿਨ੍ਹਾਂ ਦੇਸ਼ ਦੇ ਝੰਡੇ ਲਈ ਆਪਣਾ ਖ਼ੂਨ ਵਹਾਇਆ ਹੈ, ਹੁਣ ਜੱਜਾਂ ਅੱਗੇ ਬੇਨਤੀ ਕਰ ਰਹੇ ਹਨ। ਮੇਜਰ ਸੰਜੀਵ ਚੱਢਾ ਦੇ ਪਰਿਵਾਰ ਨੂੰ ਇਨਸਾਫ਼ ਲਈ 25 ਸਾਲਾਂ ਤੱਕ ਇੰਤਜ਼ਾਰ ਕਰਨਾ ਪਿਆ। 2015 'ਚ ਸਰਕਾਰ ਨੇ ਮੁਕੱਦਮੇਬਾਜ਼ੀ ਘਟਾਉਣ ਅਤੇ ਸਾਬਕਾ ਫ਼ੌਜੀਆਂ ਦੀਆਂ ਸ਼ਿਕਾਇਤਾਂ ਦੇ ਨਿਬੇੜੇ ਦੀ ਪ੍ਰਣਾਲੀ 'ਚ ਸੁਧਾਰ ਦਾ ਵਾਅਦਾ ਕੀਤਾ। ਰੱਖਿਆ ਮੰਤਰੀ ਨੇ ਮਾਹਿਰਾਂ ਦੀ ਕਮੇਟੀ ਬਣਾਈ ਅਤੇ 32 ਸਿਫ਼ਾਰਸ਼ਾਂ ਵਿੱਚੋਂ ਜੋ ਸਵੀਕਾਰ ਕੀਤੀਆਂ, ਉਨ੍ਹਾਂ ਵਿੱਚੋਂ ਇੱਕ ਸੀ ਅਦਾਲਤਾਂ ਦੁਆਰਾ ਨਿਬੇੜੇ ਸਾਰੇ ਕੇਸਾਂ ਵਿੱਚ ਮੁਕੱਦਮੇਬਾਜ਼ੀ ਨੂੰ ਵਾਪਸ ਲੈਣਾ; ਹਾਲਾਂਕਿ, ਜ਼ਮੀਨੀ ਪੱਧਰ ਉੱਤੇ ਤਬਦੀਲੀ ਬਹੁਤ ਘੱਟ ਦੇਖਣ ਨੂੰ ਮਿਲੀ। ਸਤੰਬਰ 2023 ਵਿੱਚ ਹਥਿਆਰਬੰਦ ਸੈਨਾਵਾਂ ਦੀ ਅਪੰਗਤਾ ਪੈਨਸ਼ਨ ਦੀ ਗਰਾਂਟ ਲਈ ਨਵੇਂ ਹੱਕਦਾਰੀ ਨਿਯਮ ਜਾਰੀ ਕੀਤੇ ਗਏ ਸਨ। ਜਿਨ੍ਹਾਂ ਹਾਲਾਤ ਵਿੱਚ ਸੈਨਿਕ ਕੰਮ ਕਰਦੇ ਹਨ, ਉਨ੍ਹਾਂ ਦਾ ਧਿਆਨ ਰੱਖਣ ਦੀ ਬਜਾਏ, ਨਿਯਮਾਂ ਨੇ ਯੋਗਤਾ ਦੀਆਂ ਸ਼ਰਤਾਂ ਨੂੰ ਸੀਮਤ ਕਰ ਦਿੱਤਾ ਹੈ। ਇਹ ਨਿਯਮ ਸਿਵਲੀਅਨ ਕਰਮਚਾਰੀਆਂ ਦੇ ਮੁਕਾਬਲੇ ਨਾਜਾਇਜ਼ ਅਸੰਤੁਲਨ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਅਜਿਹੀਆਂ ਸਖ਼ਤ ਸ਼ਰਤਾਂ ਤੋਂ ਬਿਨਾਂ ਹੀ ਕੰਮ ਨਾਲ ਸਬੰਧਿਤ ਸਿਹਤ ਸਮੱਸਿਆਵਾਂ ਦੇ ਮਾਮਲਿਆਂ ਵਿੱਚ ਵਿਆਪਕ ਸੁਰੱਖਿਆ ਮਿਲਣੀ ਜਾਰੀ ਹੈ। ਨਵੇਂ ਨਿਯਮ ਲਾਗੂ ਹੋਣ ਤੋਂ ਇੱਕ ਮਹੀਨੇ ਬਾਅਦ, ਇਹ ਰਿਪੋਰਟ ਆਈ ਸੀ ਕਿ ਰੱਖਿਆ ਮੰਤਰਾਲੇ ਨੇ ਫੌਜ ਨੂੰ ਨਿਰਦੇਸ਼ ਦਿੱਤਾ ਸੀ ਕਿ ਉਹ ਏਐੱਫਟੀਜ਼ (ਹਥਿਆਰਬੰਦ ਬਲ ਟ੍ਰਿਬਿਊਨਲ) ਵੱਲੋਂ ਅਪਾਹਜ ਸੈਨਿਕਾਂ ਦੇ ਹੱਕ ਵਿੱਚ ਪਾਸ ਕੀਤੇ ਸਾਰੇ ਆਦੇਸ਼ਾਂ ਵਿਰੁੱਧ ਰਿੱਟ ਪਟੀਸ਼ਨਾਂ ਦਾਇਰ ਕਰੇ।ਏਐੱਫਟੀਜ਼ ਦੇ ਫੈਸਲਿਆਂ ਨੂੰ ਸਵੀਕਾਰਨ ਤੋਂ ਇਨਕਾਰ ਕਰਨ ਨਾਲ ਸਮੱਸਿਆ ਹੋਰ ਵਧ ਗਈ ਹੈ। ਅਕਤੂਬਰ 2024 ਵਿੱਚ ਨਵੀਂ ਦਿੱਲੀ 'ਚ ਏਐੱਫਟੀਜ਼ ਦੇ ਪ੍ਰਿੰਸੀਪਲ ਬੈਂਚ ਨੇ ਫ਼ੌਜ ਮੁਖੀ ਅਤੇ ਰੱਖਿਆ ਸਕੱਤਰ ਨੂੰ ਸੰਮਨ ਜਾਰੀ ਕੀਤੇ ਸਨ। ਬੈਂਚ ਨੇ ਟਿੱਪਣੀ ਕੀਤੀ, ਅਸੀਂ ਦੇਖਿਆ ਹੈ ਕਿ ਏਐੱਫਟੀਜ਼ ਦੇ ਪ੍ਰਿੰਸੀਪਲ ਬੈਂਚ (ਨਵੀਂ ਦਿੱਲੀ) ਤੇ 10 ਹੋਰ ਖੇਤਰੀ ਬੈਂਚਾਂ ਕੋਲ ਬਕਾਇਆ 6500 ਤੋਂ ਵੱਧ ਕੇਸਾਂ ਵਿੱਚ ਜਵਾਬਦੇਹ ਧਿਰਾਂ ਇਸ ਟ੍ਰਿਬਿਊਨਲ ਵੱਲੋਂ ਪਾਸ ਕੀਤੇ ਗਏ ਆਦੇਸ਼ਾਂ ਨੂੰ ਲਾਗੂ ਨਹੀਂ ਕਰ ਰਹੀਆਂ ਹਨ।

## ਜਥੇਬੰਦੀ ਦੇ ਆਗੂਆਂ ਨੇ ਮੁੱਖ ਮੰਤਰੀ ਦੇ ਨਾਮ ਭੇਜਿਆ ਮੰਗ ਪੱਤਰ



**ਸਮਾਣਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਭਾਗ ਵਰਕਰਜ਼ ਯੂਨੀਅਨ ਰਾਹੀਂ ਸੂਬੇ ਦੇ ਆਗੂ ਵੀਰਪਾਲ ਸਿੰਘ ਬੰਮਣਾ, ਬਲਵੀਰ ਸਿੰਘ ਮੰਡੋਲੀ ਤੇ ਹੋਰ ਸਾਥੀਆਂ ਨੇ ਮਿਲ ਕੇ ਡਿਪਟੀ ਕਮਿਸ਼ਰ ਪਟਿਆਲਾ ਰਾਹੀਂ ਇੱਕ ਮੈਮੋਰੰਡਮ ਮੁੱਖ ਮੰਤਰੀ ਪੰਜਾਬ ਮਾਨ ਦੇ ਨਾਮ 'ਤੇ ਭੇਜਿਆ ਗਿਆ। ਮੰਗ ਪੱਤਰ ਵਿੱਚ ਦਰਜ ਮੰਗਾਂ ਵਿਭਾਗ ਅੰਦਰ ਲੰਮੇ ਸਮੇਂ ਤੋਂ ਕੰਮ ਕਰਦੇ ਕਿਰਤੀ ਕਾਮਿਆਂ ਨੂੰ ਪੰਜਾਬ ਸਰਕਾਰ ਜਾ ਤਾਂ ਨਵੀਂ ਪਾਲਿਸੀ ਲਿਆ ਕੇ ਤਿੰਨ ਸਾਲ ਤੱਕ ਸਾਰੇ ਦਿਹਾੜੀਦਾਰ ਜੰਗਲਾਤ ਵਿਭਾਗ ਦੇ ਕਾਮਿਆਂ ਨੂੰ ਬਿਨਾਂ ਸ਼ਰਤ ਵਿਜੇ ਰੈਗੂਲਰ ਕਰੇ। ਜਿਹੜੇ ਕਾਮਿਆਂ ਨੇ ਵਣ ਤਿੰਨ ਤਿੰਨ ਦਹਾਕਿਆਂ ਤੋਂ ਕੰਮ ਕਰ ਰਹੇ ਹਨ ਪਰੰਤੂ ਲਗਾਤਾਰ ਸਰਵਿਸ 10 ਸਾਲ ਨਹੀਂ ਬਣਾਈ ਗਈ। ਇਸ ਸਰਵਿਸ ਵਿੱਚ ਛੋਟ ਦੇ ਕੇ ਸਾਰੇ ਵਰਕਰਾਂ ਨੂੰ ਪੱਕਾ ਕੀਤਾ ਜਾਵੇ। ਜਿੰਨੀ ਦੇਰ ਤੱਕ ਕੱਚੇ ਦਿਹਾੜੀਦਾਰ ਕਾਮਿਆਂ ਨੂੰ ਪੱਕਾ ਨਹੀਂ ਕੀਤਾ ਜਾਂਦਾ। ਇਨ੍ਹਾਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੇ ਹਲਕੇ ਤੇ ਰਿਹਾਇਸ਼ ਸਾਹਮਣੇ ਮਿਤੀ 30 1 ਅਗਸਤ 2025 ਨੂੰ ਸੰਗਰੂਰ ਵਿਖੇ ਰੋਸ ਧਰਨਾ ਅਤੇ ਰੈਲੀ ਕਰਨ ਦਾ ਫੈਸਲਾ ਕੀਤਾ ਹੋਇਆ ਹੈ। ਅੱਜ ਮੰਗ ਪੱਤਰ ਦੇਣ ਸਮੇਂ ਹਰਚਰਨ ਸਿੰਘ , ਹਰਪ੍ਰੀਤ ਸਿੰਘ ਲੋਚਮਾ ਰਾਜਪੁਰਾ, ਗੁਰਪ੍ਰੀਤ ਸਿੰਘ ਨਾਭਾ, ਸਤਨਾਮ ਸਿੰਘ, ਰਾਮ ਕਿਸ਼ਨ ਘੱਗਾ, ਬਲਵੀਰ ਸਿੰਘ ਪਾਤੜਾਂ, ਗੁਰਤੇਜ਼ ਸਿੰਘ ਘਨੌਰ, ਲਾਜਵੰਤ ਕੌਰ ਪ੍ਰਧਾਨ ਸਮਾਣਾ ਰੇਂਜ ਅਤੇ ਅੰਮ੍ਰਿਤਪਾਲ ਸਿੰਘ, ਚਰਨਜੀਤ ਸਿੰਘ ਸਰਹਿੰਦ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਪਿੰਡਾਂ ਤੇ ਰਾਹਤ ਕੈਂਪਾਂ ਵਿੱਚ ਰਾਹਤ ਸਮੱਗਰੀ ਦੀ ਵੰਡ ਜਾਰੀ

**ਫਾਜ਼ਿਲਕਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਕਰਨ ਲਈ ਜਿੱਥੇ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਉੱਥੇ ਹੀ ਇੱਕ ਪਾਸੇ ਹਲਕਾ ਫਾਜ਼ਿਲਕਾ ਦੇ ਵਿਧਾਇਕ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਦੀ ਕਮਾਨ ਸੰਭਾਲ ਲਈ ਹੈ ਤੇ ਦੂਸਰੇ ਪਾਸੇ ਵਿਧਾਇਕ ਦੀ ਧਰਮਪਤਨੀ ਮੈਡਮ ਖੁਸ਼ਬੂ ਸਾਵਨਸੁੱਖਾ ਸਵਨਾ ਨੇ ਰਾਹਤ ਕੈਂਪਾਂ ਦੀ ਕਮਾਨ ਸੰਭਾਲ ਲਈ ਹੈ।

ਇਸੇ ਤਹਿਤ ਹੀ ਫਾਜ਼ਿਲਕਾ ਦੇ ਵਿਧਾਇਕ ਨੇ ਹੜ੍ਹ ਪ੍ਰਭਾਵਿਤ ਢਾਣੀ ਸੱਦਾ ਸਿੰਘ, ਗੁਲਾਬਾ ਭੈਣੀ ਤੇ ਹੋਰ ਢਾਣੀਆਂ ਸਮੇਤ ਹੜ੍ਹ ਪ੍ਰਭਾਵਿਤ ਪਿੰਡ ਘੁਰਕਾ, ਵੱਲੇ ਸ਼ਾਹ ਹਿਠਾੜ (ਨੂਰਸ਼ਾਹ) ਸਮੇਤ ਹੋਰ ਪਿੰਡਾਂ ਵਿੱਚ ਵਿਚਰ ਕੇ ਲੋਕਾਂ ਦਾ ਹਾਲ ਚਾਲ ਪੁੱਛ ਕੇ ਰਾਹਤ ਸਮੱਗਰੀ ਦੀ ਵੰਡ ਕੀਤੀ ਤੇ ਦੂਸਰੇ ਪਾਸੇ ਉਨ੍ਹਾਂ ਦੀ ਧਰਮਪਤਨੀ ਮੈਡਮ ਖੁਸ਼ਬੂ ਨੇ ਰਾਹਤ ਕੈਂਪਾਂ ਵਿੱਚ ਪਹੁੰਚ ਕੇ ਲੋਕਾਂ ਨੂੰ ਮਿਲ ਕੇ ਉਨ੍ਹਾਂ ਨੂੰ ਮੁਹੱਈਆਂ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਤੇ ਹੋਰ ਖਾਣ ਪੀਣ ਦੀ ਸੁਵਿਧਾਵਾਂ ਦੀ ਚੈਕਿੰਗ ਕੀਤੀ ਤੇ ਖੁਦ ਵੀ ਰਾਹਤ ਕੈਂਪਾਂ ਵਿੱਚ ਖਾਣ ਪੀਣ ਦੀ ਸਮੱਗਰੀ ਦੀ ਵੰਡ ਕੀਤੀ।



ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਉਹ ਹਲਕੇ ਦੇ ਲੋਕਾਂ ਦੇ ਨਾਲ ਖੜ੍ਹੇ ਹਨ ਤੇ ਉਹ ਰੋਜ਼ਾਨਾ ਮੋਟਰ ਬੋਟਾਂ ਤੇ ਲੋਕਾਂ ਦਾ ਹਾਲ ਚਾਲ ਜਾਨਣ ਤੇ ਰਾਹਤ ਸਮੱਗਰੀ ਦੀ ਵੰਡ ਕਰਨ ਆ ਰਹੇ ਹਨ। ਉਨ੍ਹਾਂ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਕਿਹਾ ਕਿ ਇਸ ਮੁਸ਼ਕਲ ਦੀ ਘੜੀ ਵਿੱਚ ਜੇਕਰ ਲੋਕਾਂ ਨੂੰ ਉਨ੍ਹਾਂ ਦੀ ਕੋਈ ਵੀ ਲੋੜ ਹੈ ਤਾਂ ਉਹ ਬੇਝਿਜਕ ਹੋ ਕੇ ਉਨ੍ਹਾਂ ਨੂੰ ਦੱਸਣ ਤੇ ਉਨ੍ਹਾਂ ਨਾਲ ਉਹ ਫੋਨ ਨੰਬਰ ਤੇ ਰਾਬਤਾ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪਿੰਡ ਤੇ ਢਾਣੀਆਂ ਵਾਲੇ ਲੋਕ ਰਾਹਤ ਕੈਂਪਾਂ ਵਿੱਚ ਜਾਣਾ ਚਾਹੁੰਦੇ ਹਨ ਬੇਝਿਜਕ ਹੋ ਕੇ ਦੱਸਣ ਉਹ ਉਨ੍ਹਾਂ ਨੂੰ ਰਾਹਤ ਕੈਂਪਾਂ ਵਿੱਚ ਲੈ ਕੇ ਜਾਣਗੇ। ਉਨ੍ਹਾਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਤੁਹਾਡੀਆਂ ਹੜ੍ਹ ਨਾਲ ਹੋਈਆਂ ਖ਼ਰਾਬ ਫਸਲਾਂ ਦਾ ਵੀ ਮੁਆਵਜ਼ਾ ਦਿੱਤਾ ਜਾਵੇਗਾ।

ਦੂਜੇ ਪਾਸੇ ਮੈਡਮ ਖੁਸ਼ਬੂ ਸਾਵਨਸੁੱਖਾ ਵੀ ਰਾਹਤ ਕੈਂਪਾਂ ਵਿੱਚ ਜਾ ਕੇ ਲੋਕਾਂ ਦਾ ਹਾਲ ਚਾਲ ਪੁੱਛ ਰਹੇ ਹਨ ਤੇ ਰਾਹਤ ਸਮੱਗਰੀ ਦੀ ਵੰਡ ਕਰ ਰਹੇ ਹਨ ਤੇ ਡਾਕਟਰੀ ਟੀਮਾਂ ਦੀ ਮਦਦ ਨਾਲ ਲੋਕਾਂ ਦਾ ਇਲਾਜ ਕਰਵਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਹਲਕੇ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਲਈ ਤਿਆਰ ਹਨ ਤੇ ਇਹ ਉਨ੍ਹਾਂ ਦਾ ਆਪਣਾ ਹੀ ਪਰਿਵਾਰ ਹੈ ਤੇ ਉਹਨਾਂ ਅੱਜ ਹਲਕੇ ਦੇ ਪਿੰਡ ਲਾਧੂਕਾ ਦੇ ਲੋਕਾਂ ਨੂੰ ਰਾਹਤ ਕੈਂਪ ਰਾਣਾ ਵਿੱਚ ਜਾਣ ਦੀ ਅਪੀਲ ਵੀ ਕੀਤੀ!

ਉਨ੍ਹਾਂ ਰਾਹਤ ਕੈਂਪ ਮੌਜਮ ਤੇ ਰਾਣਾ ਵਿੱਚ ਵੀ ਪਹੁੰਚ ਕੇ ਲੋਕਾਂ ਦਾ ਹਾਲ ਚਾਲ ਜਾਣਿਆ। ਇਸ ਤੋ ਇਲਾਵਾ ਉਹ ਨੰਨ੍ਹੇ ਮੁੰਨ੍ਹੇ ਬੱਚਿਆਂ, ਔਰਤਾਂ ਤੇ ਪੁਰਸ਼ਾਂ ਨਾਲ ਵਿਚਰ ਕੇ ਕੁਦਰਤ ਦੀ ਇਸ ਕਰੋਪੀ ਵਿੱਚ ਉਨ੍ਹਾਂ ਦਾ ਦੁੱਖ ਵੰਡਾਇਆ!

## 2000 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ



**ਗੁਰਦਾਸਪੁਰ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਹੋਈ ਭਾਰੀ ਬਾਰਸ਼ ਕਾਰਨ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਵੱਧਣ ▾ਤੇ ਜ਼ਿਲ੍ਹਾ ਗੁਰਦਾਸਪੁਰ ਦੇ ਕੁਝ ਇਲਾਕਿਆਂ ਨੂੰ ਹੜ੍ਹ ਦੀ ਮਾਰ ਝੱਲਣੀ ਪਈ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਬੀਤੇ ਕੱਲ੍ਹ ਜ਼ਿਲ੍ਹਾ ਗੁਰਦਾਸਪੁਰ ਦੇ ਬਹਿਰਾਮਪੁਰ ਵਿਖੇ ਹੜ੍ਹ ਪੀੜਤਾਂ ਦਾ ਹਾਲ ਵੀ ਜਾਣਿਆ ਸੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਤੇ ਬਚਾਅ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਸਨ। ਇਸਦੇ ਨਾਲ ਹੀ ਪੰਜਾਬ ਸਰਕਾਰ ਦੇ ਹੈਲੀਕਾਪਟਰ ਵੱਲੋਂ ਅੱਜ ਦੂਜੇ ਦਿਨ ਵੀ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਜਾਰੀ ਹਨ।

ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਵੀ ਦਰਿਆ ਨਾਲ ਲੱਗਦੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਲਗਾਤਾਰ ਰਾਹਤ ਤੇ ਬਚਾਅ ਕਾਰਜ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ 2000 ਤੋਂ ਵੱਧ ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਲੋਕਾਂ ਲਈ ਜ਼ਿਲ੍ਹੇ ਅੰਦਰ 12 ਰਾਹਤ ਕੈਂਪ ਬਣਾਏ ਗਏ ਹਨ ਜਿੱਥੇ ਲੋਕਾਂ ਨੂੰ ਹਰ ਤਰ੍ਹਾਂ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਇਨ੍ਹਾਂ ਕੈਂਪਾਂ ਵਿੱਚ ਖਾਣੇ ਤੋਂ ਇਲਾਵਾ ਸੌਂਣ ਲਈ ਗੱਦੇ, ਸੁੱਕਾ ਰਾਸ਼ਨ, ਬਿਸਕੁਟ ਅਤੇ ਛੋਟੇ ਬੱਚਿਆਂ ਦੇ ਲਈ ਦੁੱਧ ਤੋਂ ਇਲਾਵਾ ਮੁੱਢਲੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੀ ਸਹਾਇਤਾ ਲਈ ਐਂਬੂਲੈਂਸ ਵੀ ਤੈਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਲਈ ਮੈਡੀਕਲ ਕੈਂਪ ਲੱਗੇ ਹੋਏ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਐੱਨ.ਡੀ.ਆਰ.ਐੱਫ. ਦੀਆਂ 7 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨਾਲ ਮਿਲ ਕੇ ਦਿਨ ਰਾਤ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਵਿੱਚ ਕੰਮ ਕਰ ਰਹੀਆਂ ਹਨ ਅਤੇ ਹੜ੍ਹ ਪ੍ਰਭਾਵਿਤਾਂ ਨੂੰ ਸੁਰੱਖਿਅਤ ਰਾਹਤ ਕੈਂਪਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਆਰਮੀ, ਬੀ.ਐੱਸ.ਐਫ ਤੇ ਐਨ.ਡੀ.ਆਰ.ਐਫ. ਦੀਆਂ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਤੈਨਾਤ ਹਨ ਅਤੇ ਕਿਸ਼ਤੀਆਂ ਅਤੇ ਹੋਰ ਸਾਧਨਾਂ ਰਾਹੀਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ ਅਤੇ ਪਸ਼ੂਆਂ ਸਮੇਤ ਉਨ੍ਹਾਂ ਨੂੰ ਬਾਹਰ ਸੁਰੱਖਿਅਤ ਟਿਕਾਣਿਆ ਤੇ ਪਹੁੰਚਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਬੀਤੇ ਕੱਲ੍ਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਵਾਹਰ ਨਵੋਦਿਆ ਸਕੂਲ ਦਬੂੜੀ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਸੀ ਅਤੇ ਅੱਜ ਕੇਰਲਾ ਇੰਟਰਨੈਸ਼ਨਲ ਸਕੂਲ ਕਲਾਨੌਰ ਦੇ ਸਟਾਫ਼ ਨੂੰ ਰੈਸਕਿਊ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੱਜ ਕਲਾਨੌਰ ਦੇ ਬਖਸ਼ੀਵਾਲ ਪਿੰਡ ਵਿੱਚ ਇੱਕ ਨਵ-ਜਨਮੇ ਬੱਚੇ ਅਤੇ ਉਸਦੀ ਮਾਂ ਨੂੰ ਰੈਸਕਿਊ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਮੂਹ ਐੱਸ.ਡੀ.ਐੱਮ. ਨੂੰ ਨਿਰਦੇਸ਼ ਦਿੱਤੇ ਗਏ ਹਨ ਜਿੱਥੇ ਕਿਤੇ ਖਾਣੇ ਦੀ ਜਰੂਰਤ ਹੋਵੇ ਉੱਥੇ ਖਾਣੇ ਦਾ ਪ੍ਰਬੰਧ ਕੀਤਾ ਜਾਵੇ ਅਤੇ ਫੂਡ ਪੈਕਟ ਨਾਲ ਦੀ ਨਾਲ ਤਿਆਰ ਰੱਖੇ ਜਾਣ। ਹੜ੍ਹ ਪ੍ਰਭਾਵਿਤ ਪਿੰਡਾਂ ਦੇ ਵਿੱਚ ਲਗਾਤਾਰ ਗਸ਼ਤ ਕੀਤੀ ਜਾ ਰਹੀ ਹੈ ਅਤੇ ਜਿੱਥੇ ਕਿਤੇ ਵੀ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਲੋੜ ਹੈ ਤੁਰੰਤ ਸਹਾਇਤਾ ਮੁਹਈਆ ਕਰਵਾਈ ਜਾ ਰਹੀ ਹੈ। ਹੜ੍ਹ ਪ੍ਰਭਾਵਿੱਤ ਪਿੰਡ ਦੇ ਵਿੱਚ ਰਾਸ਼ਨ ਤੇ ਪਾਣੀ ਦੀਆਂ ਬੋਤਲਾਂ ਦੀ ਵਿਵਸਥਾ ਵੀ ਕੀਤੀ ਗਈ ਹੈ ਅਤੇ ਸੁੱਕਾ ਰਾਸ਼ਨ ਵੀ ਦਿੱਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੱਜ ਉਨ੍ਹਾਂ ਵੱਲੋਂ ਕਲਾਨੌਰ, ਗਾਹਲੜੀ ਅਤੇ ਬਾਹਮਣੀ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਖੁਦ ਦੌਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵੱਲੋਂ ਖੁਦ ਕੀਤੇ ਜਾ ਰਹੇ ਰਾਹਤ ਕਾਰਜਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ ਜਿੱਥੇ ਕਿੱਤੇ ਵੀ ਕਿਸੇ ਤਰ੍ਹਾਂ ਦੀ ਸਹਾਇਤਾ ਦੀ ਸੂਚਨਾ ਮਿਲਦੀ ਹੈ ਤਾਂ ਤੁਰੰਤ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਸਹਿਯੋਗ ਨਾਲ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।

ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਅੱਜ ਘੱਟ ਹੋਇਆ ਹੈ ਅਤੇ ਕਈ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਵੀ ਪਾਣੀ ਲਗਾਤਾਰ ਘੱਟ ਰਿਹਾ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ ਅਤੇ ਹੜ੍ਹਾਂ ਸਬੰਧੀ ਹੰਗਾਮੀ ਸਥਿਤੀ ਵਿੱਚ ਕੰਟਰੋਲ ਰੂਮ ਦੇ ਨੰਬਰ 01874-266376 ▾ਤੇ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵੀ ਰਾਬਤਾ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਸਮਰੱਥ ਹੈ ਅਤੇ ਕਿਸੇ ਨੂੰ ਘਬਰਾਉਣ ਦੀ ਲੋੜ ਨਹੀਂ ਹੈ।

## ਛੁੱਟੀ ਵਾਲੇ ਦਿਨ ਵੀ ਲੋਕ ਦ.ਫ਼ਤਰ ਆ ਕੇ ਭਰ ਸਕਣਗੇ ਪ੍ਰਾਪਟੀ ਟੈਕਸ : ਗੋਗੀਆ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਗਰ ਨਿਗਮ ਵੱਲੋਂ ਸ਼ਹਿਰ ਵਾਸੀਆਂ ਲਈ ਵੱਡੀ ਰਾਹਤ ਦਾ ਐਲਾਨ ਕੀਤਾ ਗਿਆ ਹੈ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਹੁਣ ਸ਼ਹਿਰ ਵਾਸੀ 31 ਅਗਸਤ 2025 ਤੱਕ ਆਪਣਾ ਪ੍ਰਾਪਰਟੀ ਟੈਕਸ ਬਿਨਾਂ ਕਿਸੇ ਪੈਨਲਟੀ ਦੇ ਭਰ ਸਕਣਗੇ। ਇਹ ਮੌਕਾ ਸਰਕਾਰ ਵੱਲੋਂ ਚਲਾਈ ਗਈ ਵਨ ਟਾਈਮ ਸੈਟਲਮੈਂਟ ਸਕੀਮ ਤਹਿਤ ਦਿੱਤਾ ਗਿਆ ਹੈ। ਮੇਅਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਵਾਰ-ਵਾਰ ਲੋਕਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਕਿ ਉਹ ਸਮੇਂ ਸਿਰ ਆਪਣਾ ਟੈਕਸ ਜਰੂਰ ਭਰਨ। ਉਨ੍ਹਾਂ ਦੱਸਿਆ ਕਿ ਟੈਕਸ ਦੀ ਆਮਦਨ ਸ਼ਹਿਰ ਦੇ ਵਿਕਾਸ ਕਾਰਜਾਂ ਤੇ ਖਰਚ ਕੀਤੀ ਜਾਂਦੀ ਹੈ, ਜਿਸ ਵਿੱਚ ਸਫਾਈ, ਸੜਕਾਂ ਦੀ ਮੁਰੰਮਤ, ਲਾਈਟਾਂ ਦੀ ਸਹੂਲਤ ਅਤੇ ਹੋਰ ਜਨਹਿਤੀ ਕਾਰਜ ਸ਼ਾਮਲ ਹਨ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਨਾਗਰਿਕਾਂ ਦੀ ਸੁਵਿਧਾ ਲਈ ਵਾਧੂ ਕਾਊਂਟਰ ਲਗਾਏ ਗਏ ਹਨ ਅਤੇ ਛੁੱਟੀ ਵਾਲੇ ਦਿਨ ਵੀ ਦਫ਼ਤਰ ਖੁੱਲ੍ਹਾ ਰਹੇਗਾ। ਇਸ ਤੋਂ ਇਲਾਵਾ, ਆਨਲਾਈਨ ਭੁਗਤਾਨ ਦੀ ਸਹੂਲਤ ਵੀ ਉਪਲੱਬਧ ਹੈ, ਜਿਸ ਰਾਹੀਂ ਲੋਕ ਘਰ ਬੈਠੇ ਹੀ ਆਪਣਾ ਟੈਕਸ ਭਰ ਸਕਦੇ ਹਨ। ਜਿਨ੍ਹਾਂ ਨੂੰ ਤਕਨੀਕੀ ਜਾਣਕਾਰੀ ਨਹੀਂ ਹੈ, ਉਨ੍ਹਾਂ ਲਈ ਸਹਾਇਤਾ ਡੈਸਕ ਵੀ ਸਥਾਪਿਤ ਕੀਤੇ ਗਏ ਹਨ। ਮੇਅਰ ਨੇ ਅਖੀਰ ਵਿੱਚ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ 31 ਅਗਸਤ ਤੋਂ ਪਹਿਲਾਂ ਹੀ ਆਪਣਾ ਪ੍ਰਾਪਰਟੀ ਟੈਕਸ ਜ਼ਰੂਰ ਭਰਣ, ਕਿਉਂਕਿ ਇਸ ਮਿਤੀ ਤੋਂ ਬਾਅਦ ਪੈਨਲਟੀ ਲਾਗੂ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਪਟਿਆਲਾ ਦੇ ਵਿਕਾਸ ਲਈ ਹਰੇਕ ਨਾਗਰਿਕ ਦਾ ਯੋਗਦਾਨ ਬਹੁਤ ਜ਼ਰੂਰੀ ਹੈ।

## ਦਰਿਆਈ ਪਾਣੀਆਂ ਦੀ ਮਾਰ ਝੱਲ ਰਹੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮੱਦਦ ਦਾ ਦਿੱਤਾ ਭਰੋਸਾ



**ਤਰਨ ਤਾਰਨ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਬਨਿਟ ਮੰਤਰੀ ਪੰਜਾਬ ਸ. ਲਾਲਜੀਤ ਸਿੰਘ ਭੁੱਲਰ ਅੱਜ ਵਿਧਾਨ ਸਭਾ ਹਲਕਾ ਪੱਟੀ ਦੇ ਦਰਿਆ ਸਤਲੁਜ ਨਾਲ ਲੱਗਦੇ ਪਿੰਡਾਂ ਵਿੱਚ ਦਰਿਆਈ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਵਿਸ਼ੇਸ ਤੌਰ 'ਤੇ ਪਹੁੰਚੇ।ਕੈਬਨਿਟ ਮੰਤਰੀ ਵੱਲੋਂ ਸਤਲੁਜ ਦੇ ਹਥਾੜ ਖੇਤਰ ਵਿੱਚ ਪਾਣੀ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਸਮੱਗਰੀ ਵੀ ਵੰਡੀ ਗਈ।

ਇਸ ਦੌਰਾਨ ਕੈਬਨਿਟ ਮੰਤਰੀ ਨੇ ਕੁਦਰਤੀ ਆਫ਼ਤ ਦੀ ਇਸ ਘੜੀ ਦੌਰਾਨ ਹਲਕਾ ਪੱਟੀ ਦੇ ਪਿੰਡ ਭਾਊਵਾਲ, ਪਾਰਲੇ ਜੱਲੋਕੇ, ਜੱਲੋਕੇ, ਕੋਟ ਬੁੱਢਾ, ਗਦਾਈਕੇ, ਝੁੱਗੀਆਂ ਨੱਥਾ ਸਿੰਘ, ਰਾਦਲਕੇ ਅਤੇ ਮੁੱਠਿਆਂਵਾਲਾ ਆਦਿ ਵਿਖੇ ਦਰਿਆਈ ਪਾਣੀਆਂ ਦੀ ਮਾਰ ਝੱਲ ਰਹੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮੱਦਦ ਦਾ ਭਰੋਸਾ ਦਿੱਤਾ ।

ਇਸ ਮੌਕੇ ਕੈਬਨਿਟ ਮੰਤਰੀ ਸ੍ਰ. ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਦਰਿਆਈ ਪਾਣੀ ਕਾਰਨ ਪ੍ਰਭਾਵਿਤ ਪਰਿਵਾਰਾਂ ਦੀ ਮੱਦਦ ਲਈ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਵਚਨਬੱਧ ਹੈ ਅਤੇ ਪਾਣੀ ਦੀ ਮਾਰ ਹੇਠ ਆਏ ਲੋਕਾਂ ਦੇ ਰਹਿਣ, ਖਾਣ ਪੀਣ ਅਤੇ ਪਸ਼ੂਆਂ ਦੇ ਚਾਰੇ ਆਦਿ ਲਈ ਪ੍ਰਬੰਧ ਕੀਤੇ ਗਏ ਹਨ।

ਉਹਨਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਦਰਿਆ ਬਿਆਸ ਤੇ ਸਤਲੁਜ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਡਾਊਨ ਸਟਰੀਮ ਨੂੰ ਛੱਡੇ ਜਾ ਰਹੇ ਪਾਣੀ ਕਾਰਨ ਹਰੀਕੇ ਤੋਂ ਨਿਵਾਣ ਵਾਲੇ ਪਾਸੇ ਦਰਿਆ ਸਤਲੁਜ ਦੇ ਨਾਲ ਲੱਗਦੇ ਪਿੰਡਾਂ ਦੇ ਖੇਤਾਂ ਵਿੱਚ ਫਸਲਾਂ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੈ।ਉਹਨਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਦਰਿਆਈ ਪਾਣੀ ਦੀ ਮਾਰ ਕਰਕੇ ਫਸਲਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤਾਂ ਜੋ ਪ੍ਰਭਾਵਿਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾ ਸਕੇ।

ਉਹਨਾਂ ਕਿਹਾ ਕਿ ਕੁਦਰਤੀ ਆਫ਼ਤ ਦੀ ਇਸ ਘੜੀ ਮੌਕੇ ਪੰਜਾਬ ਸਰਕਾਰ ਰਾਜ ਦੇ ਲੋਕਾਂ ਤੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ ਅਤੇ ਪ੍ਰਭਾਵਿਤ ਲੋਕਾਂਵਿੱਚ ਦਰਿਆਈ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਵਿਸ਼ੇਸ ਤੌਰ 'ਤੇ ਪਹੁੰਚੇ।ਕੈਬਨਿਟ ਮੰਤਰੀ ਵੱਲੋਂ ਸਤਲੁਜ ਦੇ ਹਥਾੜ ਖੇਤਰ ਵਿੱਚ ਪਾਣੀ ਦੀ ਮਾਰ ਹੇਠ ਆਏ ਲੋਕਾਂ ਨੂੰ ਰਾਹਤ ਸਮੱਗਰੀਵਿੱਚ ਦਰਿਆਈ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਲਈ ਵਿਸ਼ੇਸ ਦੀ ਹਰ ਸੰਭਵ ਮੱਦਦ ਕੀਤੀ ਜਾਵੇਗੀ।

## ਪੰਜਾਬੀ ਯੂਨੀਵਰਸਿਟੀ ਵੱਲੋਂ ਤਰੁੱਟੀਆਂ ਯੁਕਤ ਮਹਾਨ ਕੋਸ਼ ਨੂੰ ਨਸ਼ਟ ਕਰਨ ਦੇ ਤਰੀਕੇ ਨੂੰ ਲੈਕੇ ਛਿੜਿਆ ਵਿਵਾਦ

### ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਲੱਗਿਆ ਸੀ ਦੱਬਣ, ਵਿਦਿਆਰਥੀਆਂ ਦੀ ਮੰਗ ਸੰਸਕਾਰ ਹੋਵੇ, ਧਰਨਾ ਜਾਰੀ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਤਰੁੱਟੀਆਂ ਯੁਕਤ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਨਸ਼ਟ ਕਰਨ ਦੇ ਤਰੀਕੇ ਨੂੰ ਲੈਕੇ ਵਿਵਾਦ ਛਿੜ ਗਿਆ ਹੈ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਹਾਨ ਕੋਸ਼ ਦੀਆਂ ਕਾਪੀਆਂ ਨੂੰ ਟੋਆ ਨੂੰ ਪੁੱਟ ਕੇ ਧਰਤੀ ਵਿੱਚ ਦੱਬਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਸੀ, ਜੋਕਿ ਮੌਕੇ 'ਤੇ ਵਿਦਿਆਰਥੀਆਂ ਵੱਲੋਂ ਰੋਸ ਪੂਰਵਕ ਰੁਕਵਾ ਦਿੱਤੀ ਗਈ। ਵਿਦਿਆਰਥੀਆਂ ਨੇ ਇਸ ਕਾਰਵਾਈ ਨੂੰ 'ਬੇਅਦਬੀ' ਕਰਾਰ ਦਿੰਦਿਆਂ ਮਹਾਨ ਕੋਸ਼ ਦੀਆਂ ਕਾਪੀਆਂ ਸਤਕਾਰ ਪੂਰਵਕ ਸੰਸਕਾਰ ਕੀਤੇ ਜਾਣ ਦੀ ਮੰਗ ਕਰਦਿਆਂ ਧਰਨਾ ਲਾ ਦਿੱਤਾ, ਜੋਕਿ ਖ਼ਬਰ ਲਿਖੇ ਜਾਣ ਤੱਕ ਜਾਰੀ ਸੀ। ਮੌਕੇ 'ਤੇ ਮੌਜੂਦ ਵਿਦਿਆਰਥੀ ਆਗੂਆਂ ਯਾਦਵਿੰਦਰ ਸਿੰਘ ਯਾਦੂ, ਕੁਲਦੀਪ ਸਿੰਘ ਝਿੰਜਰ ਨੇ ਕਿਹਾ ਕਿ ਭਾਵੇਂ ਮਹਾਨ ਕੋਸ਼ ਵਿੱਚ ਤਰੁੱਟੀਆਂ ਸਨ, ਲੇਕਿਨ ਇਸ ਵਿੱਚ ਗੁਰਬਾਣੀ ਦੀਆਂ ਤੁੱਕਾ ਵੀ ਦਰਜ ਸਨ। ਇਸ ਲਈ ਇਨ੍ਹਾਂ ਕਾਪੀਆਂ ਦਾ ਸੰਸਕਾਰ ਕੀਤਾ ਜਾਣਾ ਬਣਦਾ ਸੀ। ਟੋਆ ਪੁੱਟ ਕੇ ਉਸ ਵਿੱਚ ਕਾਪੀਆਂ ਸੁੱਟ ਕੇ ਉੱਤੋਂ ਪਾਣੀ ਛੱਡਕੇ ਅਤੇ ਫਿਰ ਮਿੱਟੀ ਪਾਉਣ ਦੀ ਕਾਰਵਾਈ ਸਰਾਸਰ ਬੇਅਦਬੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਮਿੱਟੀ ਪਾਉਣੀ ਅਜੇ ਬਾਕੀ ਸੀ, ਜੋਕਿ ਵਿਦਿਆਰਥੀਆਂ ਵੱਲੋਂ ਰੋਸ ਪ੍ਰਗਟ ਕਰਨ ਕੀਤੇ ਜਾਣ ਕਾਰਨ ਅਮਲ ਵਿੱਚ ਨਹੀਂ ਆਈ। ਦੱਸਣਯੋਗ ਹੈ ਕਿ ਅਗਸਤ ਦੇ ਪਹਿਲੇ ਹਫ਼ਤੇ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਹੋਈ ਮੀਟਿੰਗ ਵਿੱਚ ਯੂਨੀਵਰਸਿਟੀ ਪ੍ਰਸ਼ਾਸਨ ਨੇ ਤੁਰਟੀਆਂ ਯੁਕਤ ਮਹਾਨ ਕੋਸ਼ ਦੀਆਂ ਕਾਪੀਆਂ 15 ਦਿਨਾਂ ਅੰਦਰ ਨਸ਼ਟ ਕਰਨ ਦਾ ਭਰੋਸਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸਿੱਖ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਨੇ 1930 ਵਿਚ ਪੰਜਾਬੀ ਦੇ ਲਗਪਗ 80 ਹਜ਼ਾਰ ਸ਼ਬਦਾਂ ਦੇ ਅਰਥਾਂ ਵਾਲਾ ਇਕ ਮਹਾਨ ਕੋਸ਼ ਤਿਆਰ ਕੀਤਾ, ਜਿਸ ਦੀ ਕੁਝ ਸਾਲ ਪਹਿਲਾਂ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁੜ-ਛਪਾਈ ਕਰਵਾਈ ਸੀ। ਮੁੜ ਛਪਾਈ ਦੌਰਾਨ ਕਈ ਗ਼ਲਤੀਆਂ ਸਾਹਮਣੇ ਆਈਆਂ, ਜਿਸ ਨੂੰ ਲੈ ਕੇ ਪੰਜਾਬੀ ਭਾਸ਼ਾ ਦੇ ਵਿਦਵਾਨ ਸਮੇਂ-ਸਮੇਂ 'ਤੇ ਇਸ ਨੂੰ ਵਾਪਸ ਲੈਣ ਅਤੇ ਨਸ਼ਟ ਕਰਨ ਦਾ ਮੁੱਦਾ ਚੁੱਕਦੇ ਰਹੇ ਪਰ ਯੂਨੀਵਰਸਿਟੀ ਇਸ ਦੇ ਲਈ ਤਿਆਰ ਨਹੀਂ ਹੋਈ। ਆਮ ਆਦਮੀ ਪਾਰਟੀ ਦੀ ਸਰਕਾਰ ਆਉਣ 'ਤੇ ਇਹ ਮਾਮਲਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਚੁੱਕਿਆ ਗਿਆ, ਜਿਸ ਵਿਚ ਕੇਂਦਰੀ ਸਿੰਘ ਸਭਾ ਦੇ ਜਨਰਲ ਸਕੱਤਰ ਡਾ. ਖ਼ੁਸ਼ਹਾਲ ਸਿੰਘ, ਖ਼ਾਲਸਾ ਪੰਚਾਇਤ ਦੇ ਕਨਵੀਨਰ ਰਜਿੰਦਰ ਸਿੰਘ, ਬਾਬਾ ਫ਼ਰੀਦ ਮੈਡੀਕਲ ਯੂਨੀਵਰਸਿਟੀ ਦੇ ਸਾਬਕਾ ਰਜਿਸਟ੍ਰਾਰ ਡਾ. ਪਿਆਰਾ ਲਾਲ ਗਰਗ, ਸਿੱਖ ਮਿਸ਼ਨਰੀ ਕਾਲਜ ਦੇ ਪਰਮਜੀਤ ਸਿੰਘ ਤੇ ਸਿੱਖ ਸਕਾਲਰ ਅਮਰਜੀਤ ਸਿੰਘ ਧਵਨ ਸ਼ਾਮਲ ਸਨ। ਡਾ. ਧਵਨ ਨੇ ਹੀ ਸਭ ਤੋਂ ਪਹਿਲਾਂ ਇਹ ਮਾਮਲਾ ਉਜਾਗਰ ਕੀਤਾ ਸੀ ਅਤੇ ਰੀ-ਪ੍ਰਿੰਟਿੰਗ ਵਾਲੇ ਮਹਾਨ ਕੋਸ਼ ਨੂੰ ਵਾਪਸ ਲੈਣ ਦੀ ਮੰਗ ਚੁੱਕੀ ਸੀ। 6 ਅਗਸਤ 2025 ਨੂੰ ਵਫ਼ਦ ਨੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਅੱਜ ਆਖ਼ਰੀ ਵਾਰ ਉਨ੍ਹਾਂ ਕੋਲ ਆਏ ਹਨ।

## ਸਿਹਤ ਵਿਭਾਗ ਵੱਲੋਂ ਹਾਈ ਅਲਰਟ; ਹੜ੍ਹਾਂ ਨਾਲ ਸਬੰਧਤ ਬਿਮਾਰੀਆਂ ਨਾਲ ਨਜਿੱਠਣ ਲਈ ਟੀਮਾਂ ਅਤੇ ਐਂਬੂਲੈਂਸਾਂ ਕੀਤੀਆਂ ਤਾਇਨਾਤ



**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹਾਂ ਦੀ ਮੌਜੂਦਾ ਸਥਿਤੀ ਦੇ ਮੱਦੇਨਜ਼ਰ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਐਮਰਜੈਂਸੀ ਮੈਡੀਕਲ ਰਿਸਪਾਂਸ, ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਸਬੰਧੀ ਵਿਆਪਕ ਸਮੀਖਿਆ ਲਈ ਸਿਵਲ ਸਰਜਨਾਂ, ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ, ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ), ਰੈੱਡ ਕਰਾਸ ਅਤੇ ਕੈਮਿਸਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਵੀਡੀਓ ਕਾਨਫਰੰਸ ਕੀਤੀ।

ਸਿਹਤ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਨਾਲ ਨਜਿੱਠਣ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਦਹੁਰਾਉਂਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਤੁਰੰਤ ਦੇਖਭਾਲ ਅਤੇ ਰਾਹਤ ਪ੍ਰਦਾਨ ਕਰਨ ਲਈ ਵੱਡੇ ਪੱਧਰ 'ਤੇ ਮੈਡੀਕਲ ਟੀਮਾਂ ਭੇਜੀਆਂ ਜਾ ਰਹੀਆਂ ਹਨ ਅਤੇ ਸਰੋਤ ਜੁਟਾਏ ਜਾ ਰਹੇ ਹਨ। ਮੀਟਿੰਗ ਦੌਰਾਨ ਬੋਲਦਿਆਂ ਡਾ. ਬਲਬੀਰ ਸਿੰਘ ਨੇ ਕਿਹਾ, ÷ਸਾਡੇ ਨਾਗਰਿਕਾਂ ਦੀ ਸਿਹਤ ਅਤੇ ਤੰਦਰੁਸਤੀ ਪੰਜਾਬ ਸਰਕਾਰ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਸਿਵਲ ਸਰਜਨਾਂ ਨੂੰ ਇਹ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਕਿ ਇਸ ਮੁਸ਼ਕਿਲ ਸਮੇਂ ਦੌਰਾਨ ਕੋਈ ਵੀ ਵਿਅਕਤੀ ਡਾਕਟਰੀ ਸਹਾਇਤਾ ਤੋਂ ਵਾਂਝਾ ਨਾ ਰਹੇ। ਉਨ੍ਹਾਂ ਹਦਾਇਤਾ ਕੀਤੀ ਕਿ ਸਾਰੀਆਂ ਸਿਹਤ ਸੰਸਥਾਵਾਂ ਮਰੀਜ਼ਾਂ ਨੂੰ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਲੈਸ ਹੋਣ ਅਤੇ ਢੁੱਕਵੇਂ ਸਟਾਕ ਉਪਲੱਬਧ ਰੱਖੇ ਜਾਣ।

ਮੰਤਰੀ ਨੇ ਦੱਸਿਆ ਕਿ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਸਿਹਤ ਵਿਭਾਗ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਗਰਭਵਤੀ ਔਰਤਾਂ ਨੂੰ ਲੱਭਣ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਅਹਿਮ ਮਿਸ਼ਨ ਸ਼ੁਰੂ ਕੀਤਾ ਗਿਆ ਹੈ।

ਇਸ ਟੀਚਾਗਤ ਪਹਿਲ ਦੇ ਜੀਵਨ ਬਚਾਉਣ ਵਾਲੇ ਨਤੀਜੇ ਸਾਹਮਣੇ ਆਏ ਹਨ ਕਿਉਂਕਿ ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਟੀਮਾਂ ਵੱਲੋਂ ਅਜਿਹੀਆਂ ਛੇ ਔਰਤਾਂ ਨੂੰ ਸਫਲਤਾਪੂਰਵਕ ਬਚਾਇਆ ਗਿਆ ਹੈ ਅਤੇ ਉਹਨਾਂ ਸਾਰੀਆਂ ਔਰਤਾਂ ਨੇ ਸਰਕਾਰੀ ਸਹੂਲਤਾਂ ਵਿੱਚ ਸਿਹਤਮੰਦ ਬੱਚਿਆਂ ਨੂੰ ਜਨਮ ਦਿੱਤਾ ਹੈ।

ਉਨ੍ਹਾਂ ਨੇ ਇਸ ਸੰਕਟ ਨਾਲ ਨਜਿੱਠਣ ਲਈ ਵਿਆਪਕ ਪੱਧਰ 'ਤੇ ਸਿਹਤ ਸੰਭਾਲ ਸਰੋਤਾਂ ਨੂੰ ਲਾਮਬੰਦ ਕਰਨ ਦਾ ਐਲਾਨ ਕੀਤਾ ਹੈ। ਵਿਭਾਗ ਵੱਲੋਂ 360 ਮੋਬਾਈਲ ਮੈਡੀਕਲ ਟੀਮਾਂ ਅਤੇ 458 ਰੈਪਿਡ ਰਿਸਪਾਂਸ ਟੀਮਾਂ ਦਾ ਗਠਨ ਕੀਤਾ ਹੈ, ਜੋ ਪ੍ਰਭਾਵਿਤ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ। ਮੰਤਰੀ ਨੇ ਦੱਸਿਆ ਕਿ ਹੜ੍ਹ ਰਾਹਤ ਲਈ ਕੁੱਲ 172 ਐਂਬੂਲੈਂਸਾਂ ਦਿਨ-ਰਾਤ ਤਾਇਨਾਤ ਰੱਖੀਆਂ ਗਈਆਂ ਹਨ।

ਉਨ੍ਹਾਂ ਅੱਗੇ ਕਿਹਾ, ਸਾਡੀਆਂ ਟੀਮਾਂ ਜੰਗੀ ਪੱਧਰ 'ਤੇ ਕੰਮ ਕਰ ਰਹੀਆਂ ਹਨ ਅਤੇ ਸਾਨੂੰ ਵਿਸ਼ਵਾਸ ਹੈ ਕਿ ਸੂਬਾ ਹੜ੍ਹਾਂ ਕਾਰਨ ਪੈਦਾ ਹੋਣ ਵਾਲੀ ਕਿਸੇ ਵੀ ਡਾਕਟਰੀ ਐਮਰਜੈਂਸੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਮੰਤਰੀ ਨੇ ਕਿਹਾ ਕਿ ਸਿਵਲ ਸਰਜਨਾਂ ਨੂੰ ਡਿਪਟੀ ਕਮਿਸ਼ਨਰਾਂ ਨਾਲ ਮਿਲ ਕੇ ਪੀਣ ਵਾਲੇ ਪਾਣੀ ਲਈ ਕਲੋਰੀਨ ਦੀਆਂ ਗੋਲੀਆਂ ਵੰਡਣ ਅਤੇ ਘਰ-ਘਰ ਜਾ ਕੇ ਇਹ ਯਕੀਨੀ ਬਣਾਉਣ ਲਈ ਕਿਹਾ ਹਰ ਘਰ ਵਿੱਚ ਪੀਣ ਵਾਲੇ ਸੁਰੱਖਿਅਤ ਪਾਣੀ ਦੀ ਪਹੁੰਚ ਹੋਵੇ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਈਐਮਏ, ਰੈੱਡ ਕਰਾਸ, ਕੈਮਿਸਟ ਐਸੋਸੀਏਸ਼ਨ ਅਤੇ ਐਨਜੀਓਜ਼ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਕਿਹਾ।

# ਬੋਲਣ ਨਾਲ ਸੰਬੰਧਤ ਰੋਗਾਂ ਦਾ ਇਲਾਜ

ਆਵਾਜ਼ ਕੁਦਰਤ ਦੁਆਰਾ ਬਖਸ਼ਿਆ ਹੋਇਆ ਇਹ ਇੱਕ ਅਜਿਹਾ ਤੋਹਫਾ ਹੈ ਜੋ ਸਾਡੇ ਜਨਮ ਤੋਂ ਮੌਤ ਤੱਕ ਦੇ ਸਫ਼ਰ ਵਿਚ ਸਾਥ ਨਿਭਾਉਂਦਾ ਹੈ। ਪਰ ਅੱਜ ਦੇ ਯੁੱਗ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾ ਐਨੀਆਂ ਵਧ ਗਈਆ ਹਨ ਕਿ ਹਰ ਬੱਚੇ ਤੋਂ ਲੈਕੇ ਵਡੇਰੀ ਉਮਰ ਤੱਕ ਦੇ ਲੋਕਾਂ ਵਿਚ ਵੀ ਹੋਰ ਰੋਗਾਂ ਦੇ ਨਾਲ ਨਾਲ ਬੋਲਣ ਨਾਲ ਸੰਬੰਧਤ ਰੋਗਾਂ ਵਿਚ ਵੀ ਵਾਧਾ ਹੋ ਰਿਹਾ ਹੈ। ਵਿਗਿਆਨਕ ਯੁੱਗ ਨਾਲ ਅੱਜ ਸਾਇੰਸ ਨੇ ਇਨਸਾਨ ਦੇ ਹਰ ਰੋਗ ਦੇ ਸੰਭਵ ਹੱਲ ਕੱਢਣ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਪਰ ਅਜੇ ਵੀ ਬਹੁਤ ਅਜਿਹੇ ਰੋਗ ਮੌਜੂਦ ਹਨ ਜਿਨ੍ਹਾਂ ਦੀ ਜੇ ਸਮਾਂ ਰਹਿੰਦੇ ਗ਼ੌਰ ਜਾਂ ਇਲਾਜ ਨਾ ਕੀਤਾ ਜਾਵੇ ਤਾਂ ਬਾਅਦ ਵਿਚ ਡਾਕਟਰੀ ਇਲਾਜ ਨਾਲ ਵੀ ਉਨ੍ਹਾਂ ਰੋਗਾਂ ਦਾ ਹੱਲ ਨਹੀਂ ਕੱਢਿਆ ਜਾ ਸਕਦਾ। ਜੇ ਆਵਾਜ਼ ਨਾਲ ਸੰਬੰਧਤ ਰੋਗਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਅਜਿਹੇ ਰੋਗ ਹੁੰਦੇ ਹਨ ਜਿਸ ਨਾਲ ਰੋਗੀ ਦੇ ਜੀਵਨ ਵਿਚ ਸਫਲਤਾ ਦੀ ਰਫਤਾਰ ਮੱਠੀ ਪੈ ਜਾਂਦੀ ਹੈ। ਬੋਲਣ ਨਾਲ ਸੰਬੰਧਤ ਰੋਗ ਕਈ ਪ੍ਰਕਾਰ ਦੇ ਹੁੰਦੇ ਹਨ। ਜਿਨ੍ਹਾਂ ਵਿਚੋਂ ਕੁਝ ਰੋਗ ਜਨਮ ਸਮੇਂ ਤੋਂ ਹੀ ਬੱਚਿਆਂ ਵਿਚ ਪਾਏ ਜਾਂਦੇ ਹਨ ਅਤੇ ਕੁਝ ਰੋਗਾਂ ਦੇ ਸਮਾਜਿਕ ਤੇ ਮਾਨਸਿਕ ਕਾਰਨ ਹੁੰਦੇ ਹਨ। ਦੋਵੇਂ ਹੀ ਤਰ੍ਹਾਂ ਦੇ ਰੋਗਾਂ ਦੇ ਲੱਛਣ ਪਛਾਣ ਕੇ ਸਹੀ ਇਲਾਜ ਕੀਤਾ ਜਾ ਸਕਦਾ ਹੈ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਬੋਲਣ ਦੀ ਇੱਕ ਮੁੱਖ ਬਿਮਾਰੀ ਜੋ ਨਵੀਂ ਪੀੜ੍ਹੀ ਵਿੱਚ ਕਾਫ਼ੀ ਪਾਈ ਜਾਂਦੀ ਹੈ।




## ਹਕਲਾਉਣਾ

ਇਹ ਬੋਲਣ ਦੀ ਇੱਕ ਅਜਿਹੀ ਸਮੱਸਿਆ ਹੈ ਜੋ ਕਿ ਛੋਟੀ ਉਮਰ ਦੇ ਬੱਚਿਆਂ ਤੋਂ ਲੈਕੇ ਅੱਲੜ ਉਮਰ ਜਾਂ ਬਾਲਗਾਂ ਵਿੱਚ ਵੀ ਪਾਈ ਜਾਂਦੀ ਹੈ। ਹਕਲਾਉਣ ਦੀ ਸਮੱਸਿਆ ਦਾ ਮੁੱਖ ਕਾਰਨ ਮਾਨਸਿਕ ਹੁੰਦਾ ਹੈ। ਇਸ ਰੋਗ ਨਾਲ ਪੀੜਤ ਬੱਚਾ ਜਾਂ ਕੋਈ ਬਾਲਗ ਹਰ ਗੱਲ ਦੁਹਰਾ ਕੇ ਜਾਂ ਅਟਕ-ਅਟਕ ਕੇ ਬੋਲਦਾ ਹੈ ਜਾਂ ਫਿਰ ਉਸ ਨੂੰ ਬੋਲਣ ਲੱਗੇ ਸਬਦਾਂ ਦੇ ਉਚਾਰਨ ਸਮੇਂ ਜ਼ੋਰ ਲਾਉਣਾ ਪੈਂਦਾ ਹੈ। ਹਕਲਾਉਣ ਦੀ ਸਮੱਸਿਆ ਵਿਰਸੇ ਵਿਚ ਮਿਲੇ ਰੋਗਾਂ ਵਿੱਚ ਸ਼ਾਮਲ ਨਹੀਂ ਹੁੰਦੀ। ਡਾਕਟਰੀ ਭਾਸ਼ਾ ਅਨੁਸਾਰ ਇਸ ਨੂੰ ਬਿਮਾਰੀ ਘੱਟ ਅਤੇ ਆਦਤ ਜ਼ਿਆਦਾ ਮੰਨਿਆ ਜਾਂਦਾ ਹੈ। ਬੋਲਣ ਸਮੇਂ ਅੱਖਾਂ ਮੀਚਣਾ ਜਾਂ ਬੁੱਲ੍ਹਾਂ ਦਾ ਕੰਬਣਾ ਵੀ ਹਕਲਾਉਣ ਦੇ ਹੀ ਲੱਛਣ ਮੰਨੇ ਜਾਂਦੇ ਹਨ। ਇਸ ਰੋਗ ਦੇ ਹੋਰ ਵੀ ਕਈ ਕਾਰਨ ਹਨ ਜਿਵੇਂ ਛੋਟੇ ਬੱਚਿਆਂ ਵਿਚ ਇਹ ਰੋਗ ਦੂਜੇ ਬੱਚੇ ਨਕਲ ਕਰਨ ਕਾਰਨ ਵੀ ਹੋ ਜਾਂਦਾ ਹੈ। ਕਈ ਵਾਰ ਸਕੂਲਾਂ ਜਾਂ ਆਲੇ ਦੁਆਲੇ ਦੇ ਕਿਸੇ ਬੱਚੇ ਜਾਂ ਬਾਲਗ ਵਿਚ ਹਕਲਾਉਣ ਦੀ ਸਮੱਸਿਆ ਹੁੰਦੀ ਹੈ ਤੇ ਦੂਜੇ ਬੱਚੇ ਵਲੋਂ ਉਸਦੀ ਨਕਲ ਕਰਕੇ ਉਸ ਵਾਂਗ ਬੋਲਿਆ ਜਾਂਦਾ ਹੈ ਅਜਿਹਾ ਲੰਬੇ ਸਮੇਂ ਤੱਕ ਕਰਨ ਨਾਲ ਦੂਜੇ ਬੱਚੇ ਨੂੰ ਹਕਲਾਉਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਜਾਂ ਦਬਾਅ ਕਾਰਨ ਵੀ ਇਹ ਸਮੱਸਿਆ ਹੋ ਸਕਦੀ ਹੈ। ਕਈ ਵਾਰ ਜ਼ਿਆਦਾ ਤੇਜ਼ ਬੋਲਣ ਨਾਲ ਵੀ ਹਕਲਾਉਣ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ। ਹਲਕਉਣ ਦੀ ਸਮੱਸਿਆ ਨਿਊਰੋ ਮਸਲ ਵਿਚ ਅਸੰਤੁਲਨ ਕਾਰਨ ਅਤੇ ਵੋਕਲ ਕਾਰਡ ਵਿੱਚ ਕੋਈ ਸਮੱਸਿਆ ਆ ਜਾਣ ਕਾਰਨ ਵੀ ਹੋ ਸਕਦੀ ਹੈ। ਇਹ ਸਮੱਸਿਆ ਜ਼ਿਆਦਾਤਰ ਮਰਦਾਂ ਵਿਚ ਪਾਇਆ ਜਾਂਦੀ ਹੈ। ਦੇਸ਼ ਦੇ ਲਗਭਗ ਇੱਕ ਜਾਂ ਦੋ ਪ੍ਰਤੀਸ਼ਤ ਹਕਲਾਉਣ ਦੀ ਸਮੱਸਿਆ ਨਾਲ ਪੀੜਤ ਰੋਗੀਆਂ ਵਿਚੋਂ 75 ਪ੍ਰਤੀਸ਼ਤ ਦੇ ਕਰੀਬ ਮਰਦ ਹੀ ਹਨ।

**ਹਕਲਾਉਣ ਦੀ ਸਮੱਸਿਆ ਦਾ ਸਬੰਧ ਵਿਅਕਤੀ ਦੇ ਪਰਿਵਾਰਕ ਇਤਿਹਾਸ ਨਾਲ ਨਹੀਂ ਹੁੰਦਾ...**

### ਹੱਲ

ਹਕਲਾਉਣ ਦੀ ਸਮੱਸਿਆ ਦਾ ਸਪੀਚ ਥਰੈਪੀ ਨਾਲ ਇਲਾਜ ਕੀਤਾ ਜਾ ਸਕਦਾ ਹੈ। ਇਸ ਦਾ ਮੁੱਖ ਲੱਛਣ ਹੈ ਜੇਕਰ ਇਹ ਸਮੱਸਿਆ ਬੱਚੇ ਵਿਚ 5 ਸਾਲ ਤੋਂ ਜ਼ਿਆਦਾ ਉਮਰ ਵਿਚ ਚਲਦੀ ਹੈ ਜਾਂ 6-7 ਮਹੀਨੇ ਤੋਂ ਜ਼ਿਆਦਾ ਚਲਦੀ ਹੈ ਤਾਂ ਸੰਬੰਧਤ ਰੋਗਾਂ ਦੇ ਮਾਹਿਰ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਮਾਨਸਿਕ ਤੌਰ 'ਤੇ ਹੱਲ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਪਹਿਲਾਂ ਰੋਗੀ ਵਿਚ ਸਮੱਸਿਆ ਪੈਦਾ ਹੋਣ ਦੇ ਕਾਰਨ ਨੂੰ ਲੱਭਣਾ ਪਵੇਗਾ। ਉਸ ਦੀ ਦਿਮਾਗੀ ਪ੍ਰੇਸ਼ਾਨੀ ਜਾਂ ਦਬਾਅ ਨੂੰ ਖ਼ਤਮ ਕਰਕੇ ਹੀ ਰੋਗੀ ਇਸ ਰੋਗ ਤੋਂ ਨਿਜਾਤ ਪਾ ਸਕਦਾ ਹੈ। ਰੋਗੀ ਨੂੰ ਸਪੀਚ ਥੈਰੇਪੀ ਦੇ ਕੇ ਅਤੇ ਰੋਗੀ ਨੂੰ ਸਹੀ ਸਬਦਾਂ ਪ੍ਰਤੀ ਗਿਆਨ ਦੇ ਕੇ ਹਕਲਾਉਣ ਦੀ ਸਮੱਸਿਆ ਨੂੰ ਖ਼ਤਮ ਕੀਤਾ ਜਾ ਸਕਦਾ ਹੈ।



**ਬੱਚਿਆਂ ਵਿਚ ਤੋਤਲੇਪਣ ਦੀ ਸਮੱਸਿਆ ਦੂਰ ਕਰਨ ਲਈ ਉਨ੍ਹਾਂ ਨੂੰ ਤੋਤੇ ਦਾ ਜੂਠਾ ਖੁਆਇਆ ਜਾਂਦਾ ਹੈ ਜੋ ਮਹਿਜ਼ ਇਕ ਅੰਧਵਿਸ਼ਵਾਸ ਹੈ...**

## ਤੁਤਲਾਉਣਾ ਜਾਂ ਸਾਫ਼ ਨਾ ਬੋਲਣਾ

ਤੁਤਲਾਉਣ ਦੀ ਸਮੱਸਿਆ ਜ਼ਿਆਦਾਤਰ ਬੱਚਿਆ ਵਿਚ ਪਾਈ ਜਾਂਦੀ ਹੈ। ਜੇ 1 ਤੋਂ 5 ਸਾਲ ਤੱਕ ਦੇ ਬੱਚਿਆਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਵਿਚ ਸਾਫ਼ ਨਾ ਬੋਲਣ ਜਾਂ ਤੁਤਲਾਉਣ ਦੀ ਸਮੱਸਿਆ ਕਿਸੇ ਵੀ ਖਤਰੇ ਦੀ ਘੰਟੀ ਨਹੀਂ ਹੈ ਕਿਉਂਕਿ 5 ਸਾਲ ਤੱਕ ਉਮਰ ਦੇ ਬੱਚਿਆਂ ਵਿਚ ਆਵਾਜ਼ ਦਾ ਵਿਕਾਸ ਹੋਣ ਕਾਰਨ ਇਹ ਸਮੱਸਿਆ ਹੋਣੀ ਆਮ ਗੱਲ ਹੁੰਦੀ ਹੈ। ਸਾਫ਼ ਨਾ ਬੋਲਣ ਜਾਂ ਤੋਤਲੇਪਣ ਦੇ ਕਈ ਮੁੱਖ ਕਾਰਨ ਹਨ। ਜਿਸ ਵਿਚ ਸਭ ਤੋਂ ਪਹਿਲਾਂ ਬੱਚਿਆਂ ਦੇ ਸਾਫ਼ ਨਾ ਬੋਲਣ ਦਾ ਇੱਕ ਵੱਡਾ ਕਾਰਨ ਮਾਪੇ ਵੀ ਹੁੰਦੇ ਹਨ ਕਿਉਂਕਿ ਮਾਪਿਆਂ ਵਲੋਂ ਲਾਡ ਪਿਆਰ ਵਿਚ ਆਪਣੇ ਬੱਚਿਆਂ ਨਾਲ ਤੋਤਲੇਪਣ ਵਿਚ ਗੱਲਾਂ ਕੀਤੀਆਂ ਜਾਂਦੀਆਂ ਹਨ ਜੋ ਕਿ ਬਾਅਦ ਵਿਚ ਬੱਚੇ ਦੀ ਆਵਾਜ਼ ਦੇ ਵਿਕਾਸ ਵਿਚ ਸਮੱਸਿਆ ਪੈਦਾ ਕਰਦੀਆਂ ਹਨ। ਮਾਪਿਆਂ ਵਲੋਂ ਆਪਣੇ ਬੱਚਿਆਂ ਦੀ ਭਾਸ਼ਾ ਤੇ ਸ਼ਬਦਾਂ ਨੂੰ ਜਾਣ-ਬੁੱਝ ਕੇ ਖ਼ਰਾਬ ਕੀਤਾ ਜਾਂਦਾ ਹੈ। ਅਕਸਰ ਬੱਚਿਆ ਨੂੰ ਪਾਣੀ ਦੀ ਥਾਂ ਮਮ ਜਾਂ 'ਕ' ਅਤੇ 'ਲ' ਦੀ ਜਗ੍ਹਾ 'ਤ' ਦੀ ਵਰਤੋਂ ਕਰਨਾ ਸਿਖਾਇਆ ਜਾਂਦਾ ਹੈ ਜੋ ਕਿ ਇੱਕ ਆਦਤ ਬਣਕੇ ਬੱਚੇ ਦੀ ਅਗਲੇਰੀ ਜਿੰਦਗੀ ਵਿਚ ਕਈ ਵਾਰ ਨਿਰਾਸ਼ਾ ਤੇ ਆਤਮ ਵਿਸ਼ਵਾਸ ਨੂੰ ਖ਼ਤਮ ਕਰਦੇ ਹਨ। ਇਸ ਦੇ ਹੱਲ ਲਈ ਬਹੁਤ ਵਾਰ ਮਾਪਿਆਂ ਵਲੋਂ ਆਪਣੇ ਬੱਚੇ ਦੇ ਤੋਤਲੇਪਣ ਨੂੰ ਖ਼ਤਮ ਕਰਨ ਲਈ ਕਾਂ ਜਾਂ ਤੋਤੇ ਦਾ ਜੂਠਾ ਵੀ ਖਵਾਇਆ ਜਾਂਦਾ ਹੈ ਜੋਕਿ ਮਹਿਜ਼ ਇੱਕ ਅੰਧਵਿਸ਼ਵਾਸ਼ ਹੈ ਜਿਸ ਨਾਲ ਬੱਚਾ ਬਿਮਾਰ ਵੀ ਹੋ ਸਕਦਾ ਹੈ। ਜੇ ਇਸ ਰੋਗ ਦੇ ਲੱਛਣ ਮਿਲਣ ਤਾਂ ਇਸ ਰੋਗ ਦੇ ਸਹੀ ਇਲਾਜ ਲਈ ਸੰਬੰਧਤ ਰੋਗਾਂ ਮਾਹਿਰਾਂ ਦੇ ਕੋਲ ਜਾਣਾ ਹੀ ਸਭ ਤੋਂ ਵਧੀਆ ਰਾਹ ਹੁੰਦਾ ਹੈ।

### ਹੱਲ

ਇਸ ਸਮੱਸਿਆ ਦੇ ਹੱਲ ਲਈ ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੇ ਬੱਚਿਆਂ ਨਾਲ ਗੱਲ ਕਰਦੇ ਸਮੇਂ ਤੋਤਲੇ ਜਾਂ ਗ਼ਲਤ ਸ਼ਬਦਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਕੋਈ ਬੱਚਾ ਜਾਂ ਬਾਲਗ ਜ਼ਿਆਦਾ ਤੁਤਲਾਉਣ ਜਾਂ ਸਾਫ਼ ਨਾ ਬੋਲਣ ਦੇ ਰੋਗ ਨਾਲ ਪੀੜਤ ਹੈ ਤਾਂ ਉਸਨੂੰ ਅਸੀਂ ਸਪੀਚ ਥੈਰੇਪੀ ਦੀ ਸਹਾਇਤਾ ਨਾਲ ਹੱਲ ਕਰ ਸਕਦੇ ਹਾਂ। ਜਿਸਨੂੰ ਪੰਜਾਬੀ ਵਿਚ ਬੋਲਣ ਦੀ ਟਰੇਨਿੰਗ ਵੀ ਕਹਿ ਸਕਦੇ ਹਾਂ। ਇਸ ਦੀ ਸਹਾਇਤਾ ਨਾਲ ਪਹਿਲਾਂ ਰੋਗੀ ਕਿਹੜੇ ਅੱਖਰਾਂ ਗ਼ਲਤ ਉਚਾਰਨ ਕਰਦਾ ਹੈ ਉਸ ਨੂੰ ਪਛਾਣਿਆ ਜਾਂਦਾ ਹੈ ਅਤੇ ਫਿਰ ਸਹੀ ਜ਼ੁਬਾਨ ਦੀ ਪੁਜ਼ੀਸਨ 'ਤੇ ਅਭਿਆਸ ਕਰਵਾਇਆ ਜਾਂਦਾ ਹੈ। ਜਿਸ ਨਾਲ ਰੋਗੀ ਨੂੰ ਕ੍ਰਮਵਾਰ ਅੱਖਰਾਂ ਤੇ ਸ਼ਬਦਾਂ ਨੂੰ ਸਹੀ ਢੰਗ ਤੇ ਸਾਫ ਬੋਲਣ ਦਾ ਅਭਿਆਸ ਕਰਵਾ ਕੇ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

## ਆਵਾਜ਼ ਸੰਬੰਧੀ ਸਮੱਸਿਆਵਾਂ

ਆਵਾਜ਼ ਨਾਲ ਸੰਬੰਧਤ ਸਮੱਸਿਆਵਾਂ ਉਹ ਹੁੰਦੀਆਂ ਹਨ ਜਿਸ ਵਿਚ ਬੱਚੇ ਤੋਂ ਬਾਲਗ ਉਮਰ ਵਿੱਚ ਜਾਣ ਨਾਲ ਆਵਾਜ਼ ਵਿਚ ਆਪਣੇ ਆਪ ਬਦਲਾਅ ਆ ਜਾਂਦਾ ਹੈ ਪਰ ਕਈ ਵਾਰ ਕਿਸੇ ਸਮੱਸਿਆ ਦੇ ਕਾਰਨ ਇਹ ਬਦਲਾਅ ਨਹੀਂ ਆਉਂਦਾ ਜਿਸ ਕਾਰਨ ਰੋਗੀ ਦੀ ਆਵਾਜ਼ ਵੱਡੀ ਉਮਰ ਵਿਚ ਜਾ ਕੇ ਵੀ ਬੱਚਿਆਂ ਜਿਹੀ ਹੀ ਰਹਿੰਦੀ ਹੈ।

## ਆਵਾਜ਼ ਦਾ ਬੈਠਣਾ

ਅੱਜ ਕੱਲ ਆਵਾਜ਼ ਦਾ ਬੈਠਣਾ ਵੀ ਹਰ ਉਮਰ ਦੇ ਵਿਅਕਤੀਆਂ ਵਿਚ ਪਾਇਆ ਜਾਂਦਾ ਹੈ। ਅਜਿਹਾ ਹੋਣ ਦਾ ਇੱਕ ਮੁੱਖ ਕਾਰਨ ਹੁੰਦਾ ਹੈ ਆਵਾਜ਼ ਦੀ ਜ਼ਿਆਦਾ ਵਰਤੋਂ ਕਰਨੀ ਜਾਂ ਉੱਚੀ ਆਵਾਜ਼ ਵਿਚ ਲਗਾਤਾਰ ਬੋਲਣਾ। ਜਿਸ ਕਾਰਨ ਆਵਾਜ਼ ਬੈਠ ਜਾਂਦੀ ਹੈ। ਇਸ ਸਮੱਸਿਆ ਦੀ ਸ਼੍ਰੇਣੀ ਵਿਚ ਅਧਿਆਪਕ, ਕੰਡਕਟਰ, ਨੇਤਾ, ਗਾਇਕ ਜਾਂ ਅਜਿਹੇ ਹੋਰ ਵਰਗ ਦੇ ਲੋਕ ਸ਼ਾਮਲ ਹੁੰਦੇ ਹਨ ਜੋ ਲਗਾਤਾਰ ਉੱਚੇ ਸੁਰਾਂ ਵਿਚ ਆਪਣੀ ਆਵਾਜ਼ ਦੀ ਵਰਤੋਂ ਕਰਦੇ ਹਨ। ਇਸ ਤੋਂ ਇਲਾਵਾ ਕਈ ਵਾਰ ਕਿਸੇ ਵੱਡੀ ਦੁਰਘਟਨਾ ਵਾਪਰਨ ਨਾਲ ਜਾਂ ਸਿਰ ਤੇ ਵੱਡੀ ਸੱਟ ਲੱਗਣ ਕਾਰਨ ਵੀ ਆਵਾਜ਼ ਨਾਲ ਸੰਬੰਧਤ ਰੋਗ ਪੈਦਾ ਹੋ ਜਾਂਦੇ ਹਨ। ਜ਼ਿਆਦਾ ਸੱਟ ਕਾਰਨ ਬੋਲਣ ਤੇ ਸਮਝਣ ਦੀ ਸਮੱਸਿਆ ਆ ਜਾਂਦੀ ਹੈ।

ਜੇਕਰ ਮਾਪਿਆਂ ਵਲੋਂ ਬੋਲਣ ਨਾਲ ਸੰਬੰਧਤ ਰੋਗਾਂ ਦੇ ਲੱਛਣ ਪਛਾਣ ਕੇ ਤੁਰੰਤ ਹੀ ਉਨ੍ਹਾਂ ਦਾ ਹੱਲ ਕੀਤਾ ਜਾਵੇ ਤਾਂ ਬਹੁਤ ਸਾਰੇ ਅਜਿਹੇ ਬੱਚਿਆਂ ਦਾ ਸਹੀ ਵਿਕਾਸ ਸੰਭਵ ਹੋ ਸਕੇਗਾ। ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਹੀ ਤੇ ਸਾਫ਼ ਮਾਹੌਲ ਦੇਣਾ ਚਾਹੀਦਾ ਹੈ ਕਿਉਂਕਿ ਛੋਟੀ ਉਮਰ ਦੇ ਬੱਚਿਆਂ ਦੇ ਵਿਕਾਸ ਕਰ ਰਹੇ ਦਿਮਾਗ਼ ਵਿਚ ਸਭ ਤੋਂ ਜਿਆਦਾ ਅਸਰ ਆਪਣੇ ਆਲੇ ਦੁਆਲੇ ਅਤੇ ਪਰਿਵਾਰ ਦੇ ਮਾਹੌਲ ਦਾ ਹੀ ਹੁੰਦਾ ਹੈ। ਸੋ ਮਾਪਿਆਂ ਨੂੰ ਵੀ ਆਪਣੇ ਲਾਡ ਪਿਆਰ ਸਮੇਂ ਸਹੀ ਭਾਸ਼ਾ ਦੀ ਵਰਤੋਂ ਕਰਨੀ ਚਾਹੀਦੀ ਹੈ। ਬੋਲਣ ਦੀ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤਾਂ ਉਸਨੂੰ ਬੋਲਣ ਦੀਆਂ ਬਿਮਾਰੀਆਂ ਦੇ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ ।

**ਮੂਲ- ਡਾ. ਪੂਨਮ**
**ਅਨੁਵਾਦਕ : ਭੁਪਿੰਦਰਵੀਰ ਸਿੰਘ**
**99149-57073**

## ਤ੍ਰਿਕੋਣ ਆਸਨ

**ਯੋਗ ਕਰਦੇ ਸਮੇਂ ਸਰੀਰ ਦਾ ਆਕਾਸ ਤ੍ਰਿਕੋਣ ਵਰਗਾ ਹੋਣ ਕਾਰਨ ਇਸ ਆਸਨ ਨੂੰ ਤ੍ਰਿਕੋਣ ਆਸਨ ਕਿਹਾ ਜਾਂਦਾ ਹੈ। ਇਸ ਆਸਨ ਨਾਲ ਪੇਟ, ਕਮਰ, ਪੱਟਾਂ ਅਤੇ ਲੱਕ ਦੁਆਲ਼ੇ ਵਾਧੂ ਚਰਬੀ ਨੂੰ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ।**

ਮੋਟਾਪੇ ਤੋਂ ਪਰੇਸ਼ਾਨ ਲੋਕਾਂ ਲਈ ਇਹ ਸਭ ਤੋਂ ਸੌਖਾ ਅਤੇ ਲਾਭਦਾਇਕ ਆਸਨ ਹੈ। ਇਸ ਆਸਨ ਦਾ ਨਿਯਮਿਤ ਅਭਿਆਸ ਕਰਨ ਨਾਲਪੇਟ, ਕਮਰ, ਪੱਟਾਂ ਅਤੇ ਲੱਕ ਦੁਆਲ਼ੇ ਵਾਧੂ ਚਰਬੀ ਨੂੰ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ।



**ਵਿਧੀ :**

- ਸਭ ਤੋਂ ਪਹਿਲਾਂ ਸਮਤਲ ਜਗ੍ਹਾ 'ਤੇ ਦੋਹਾਂ ਪੈਰਾਂ ਵਿਚ ਕੁਝ ਫਾਸਲਾ ਰੱਖਦੇ ਹੋਏ ਖੜ੍ਹੇ ਹੋ ਜਾਓ।
- ਸੱਜੇ ਪੈਰ ਨੂੰ ਸੱਜੇ ਪਾਸੇ ਮੋੜ ਕੇ ਰੱਖੋ।
- ਮੋਢੇ ਦੀ ਉਚਾਈ ਤਕ ਆਪਣੇ ਦੋਵੇਂ ਹੱਥਾਂ ਨੂੰ ਬਗਲ 'ਚ ਫੈਲਾ ਲਓ।
- ਹੁਣ ਹੌਲੀ ਹੌਲੀ ਸਾਹ ਭਰੋ ਅਤੇ ਸੱਜੇ ਪਾਸੇ ਝੁਕੋ। ਝੁਕਦੇ ਸਮੇਂ ਆਪਣੀਆਂ ਨਜ਼ਰਾਂ ਨੂੰ ਸਾਹਮਣੇ ਵੱਲ ਰੱਖੋ।
- ਹੁਣ ਸੱਜੇ ਹੱਥ ਨਾਲ ਆਪਣੇ ਖੱਬੇ ਪੈਰ ਨੂੰ ਛੂਹਣ ਦੀ ਕੋਸ਼ਿਸ਼ ਕਰੋ।
- ਇਸ ਅਵਸਥਾ ਵਿਚ ਤੁਹਾਡਾ ਖੱਬਾ ਹੱਥ ਸਿੱਧਾ ਆਸਮਾਨ ਵੱਲ ਰੱਖੋ ਅਤੇ ਨਜ਼ਰਾਂ ਆਪਣੇ ਖੱਬੇ ਹੱਥ ਦੀਆਂ ਉਂਗਲਾਂ ਵੱਲ ਰੱਖੋ।
- ਹੁਣ ਸਾਧਾਰਨ ਅਵਸਥਾ ਵਿਚ ਵਾਪਸ ਆ ਕੇ ਖੱਬੇ ਹੱਥ ਨਾਲ ਇਹੀ ਕਿਰਿਆ ਦੁਹਰਾਓ।
- ਅਜਿਹਾ ਘੱਟੋ ਘੱਟ 20 ਵਾਰ ਕਰੋ।
- ਸਰੀਰ ਉਠਾਉਂਦੇ ਸਮੇਂ ਸਾਹਾਂ ਨੂੰ ਅੰਦਰ ਭਰੋ ਅਤੇ ਝੁਕਦੇ ਸਮੇਂ ਸਾਹ ਛੱਡੋ।

**ਲਾਭ :**

- ਨਿਯਮਿਤ ਰੂਪ ਨਾਲ ਇਹ ਆਸਨ ਕਰਨ ਨਾਲ ਗਰਦਨ, ਪਿੱਠ, ਕਮਰ ਅਤੇ ਪੈਰ ਦੇ ਸਾਰੇ ਹਿੱਸੇ ਮਜ਼ਬੂਤ ਹੁੰਦੇ ਹਨ।
- ਸਰੀਰ ਸੰਤੁਲਿਤ ਕਰਨ ਵਿਚ ਮਦਦ ਕਰਦਾ ਹੈ।
- ਪੇਟ ਫੁੱਲਣਾ ਵਰਗੀ ਸਮੱਸਿਆ ਤੋਂ ਛੁਟਕਾਰਾ ਦਿਲਾਉਣ ਵਿਚ ਮਦਦਗਾਰ ਹੈ।
- ਚਿੰਤਾ ਤਣਾਅ ਨੂੰ ਘੱਟ ਕਰਦਾ ਹੈ ਅਤੇ ਤਨ ਮਨ 'ਚ ਚੁਸਤੀ ਦਾ ਸੰਚਾਰ ਕਰਦਾ ਹੈ।
- ਪੇਟ 'ਤੇ ਜੰਮੀ ਵਾਧੂ ਚਰਬੀ ਘਟਾ ਕੇ ਮੋਟਾਪੇ ਦੀ ਸਮੱਸਿਆ ਦੂਰ ਕਰਦਾ ਹੈ।
- ਸਰੀਰ ਨੂੰ ਸੁਡੌਲ ਅਤੇ ਲਚੀਲਾ ਬਣਾਉਂਦਾ ਹੈ।

**ਸਾਵਧਾਨੀਆਂ :**

- ਅਨਿਯਮਿਤ ਬਲੱਡ ਪ੍ਰੈਸ਼ਰ ਦੌਰਾਨ ਇਹ ਆਸਨ ਨਹੀਂ ਕਰਨਾ ਚਾਹੀਦਾ।
- ਸਿਰ ਦਰਦ, ਗਰਦਨ ਦਰਦ ਜਾਂ ਪਿੱਠ ਦੇ ਦਰਦ ਦੌਰਾਨ ਇਹ ਆਸਨ ਨਾ ਕਰੋ। •



## ਓਹੜ ਪੋਹੜ

**ਥੋੜ੍ਹੀ ਜਿਹੀ ਹਲਕੀ, ਦੋ ਲਸਣ ਅਤੇ ਦੋ ਲੌਂਗਾਂ ਨੂੰ ਮਿਕਸੀ ਵਿਚ ਪੀਹ ਕੇ ਇਕ ਕਪ ਗਰਮ ਦੁੱਧ ਜਾਂ ਗਰਮ ਪਾਣੀ ਵਿਚ ਮਿਲਾ ਕੇ ਰੋਜ਼ ਪੀਣ ਨਾਲ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਹੋਵੇਗਾ :**



- ਪੇਟ ਗੈਸ, ਪੇਟ ਦਰਦ ਆਦਿ ਪੇਟ ਦੀਆਂ ਸਮੱਸਿਆਂ ਤੋਂ ਛੁਟਕਾਰਾ ਮਿਲੇਗਾ।
- ਬੰਦ ਨੱਕ ਖੁੱਲ੍ਹ ਜਾਵੇਗੀ।
- ਜ਼ੁਕਾਮ 'ਚ ਰਾਹਤ ਮਿਲੇਗੀ।
- ਸ਼ੂਗਰ ਦਾ ਪੱਧਰ ਘਟ ਹੋਵੇਗਾ।
- ਡਾਇਬਟੀਜ਼ ਨੂੰ ਕੰਟਰੋਲ ਕਰੇਗਾ।
- ਇਹ ਤਿੰਨੋਂ ਮਿਲ ਕੇ ਵਧੀਆ ਐਂਟੀਬਾਇਓਟਿਕ ਦਾ ਕੰਮ ਕਰਦੇ ਹਨ। ਇਸ ਨਾਲ ਐਲਰਜੀ ਆਦਿ ਦੀ ਸਮੱਸਿਆ ਨਹੀਂ ਹੋਵੇਗੀ।
- ਸਵੇਰੇ ਖਾਲੀ ਪੇਟ ਇਹ ਮਿਸ਼ਰਣ ਪੀਣ ਨਾਲ ਵਜ਼ਨ ਘਟਦਾ ਹੈ।
- ਕੋਲੈਸਟਰਾਲ ਦਾ ਪੱਧਰ ਘੱਟ ਹੋ ਜਾਂਦਾ ਹੈ।
- ਦਿਲ ਦੀ ਸਿਹਤ ਲਈ ਬਹੁਤ ਲਾਭਦਾਇਕ ਹੈ।
- ਇੰਫੈਕਸ਼ਨ ਤੋਂ ਬਚਾਅ ਕਰਦਾ ਹੈ।
- ਰੋਗ ਰੋਕੂ ਸਮਰੱਥਾ ਵਧਾਉਣ ਵਿਚ ਸਹਾਇਕ ਹੈ।

# ਨਾਸ਼ਤਾ ਨਾ ਕਰਨਾ ਹਾਰਟ ਅਟੈਕ ਨੂੰ ਸੱਦਾ



ਆਧੁਨਿਕ ਜ਼ਿੰਦਗੀ ਵਿਚ ਮਸਰੂਫ਼ੀਅਤ ਨੇ ਮਨੁੱਖ ਦੀ ਸਿਹਤ ਨੂੰ ਹਾਸ਼ੀਏ 'ਤੇ ਰੱਖ ਦਿੱਤਾ ਹੈ। ਨਤੀਜਾ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਦੇ ਰੂਪ ਵਿਚ ਸਾਹਮਣੇ ਆ ਰਿਹਾ ਹੈ ਪਰ ਅਸੀਂ ਫਿਰ ਵੀ ਜਾਗਰੂਕ ਨਹੀਂ ਹੁੰਦੇ। ਵਾਤਾਵਰਣ ਅਤੇ ਮਨੁੱਖੀ ਸਿਹਤ ਦਾ ਤਾਣਾ ਬਾਣਾ ਇੰਨਾ ਉਲਝ ਚੁੱਕਾ ਹੈ ਕਿ ਸਾਡੀਆਂ ਨਿੱਕੀਆਂ ਨਿੱਕੀਆਂ ਆਦਤਾਂ ਵੀ ਵੱਡੇ ਵੱਡੇ ਸਿਹਤ ਖ਼ਤਰਿਆਂ ਨੂੰ ਸੱਦਾ ਦੇ ਰਹੀਆਂ ਹਨ। ਅਜਿਹੀ ਹੀ ਇਕ ਆਦਤ ਹੈ ਨਾਸ਼ਤਾ ਨਾ ਕਰਨਾ। ਇਕ ਖੋਜ ਦੌਰਾਨ ਇਹ ਤੱਥ ਸਾਹਮਣੇ ਆਇਆ ਹੈ ਕਿ ਨਾਸ਼ਤਾ ਨਾ ਕਰਨ ਵਾਲੇ ਵਿਅਕਤੀਆਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਕਾਫੀ ਵਧ ਜਾਂਦੀ ਹੈ।



ਸਵੇਰੇ ਕੰਮਾਂ ਕਾਰਾਂ 'ਤੇ ਜਾਣ ਦੀ ਜਲਦੀ ਵਿਚ ਜੇਕਰ ਤੁਸੀਂ ਵੀ ਆਪਣਾ ਨਾਸ਼ਤਾ ਟੇਬਲ 'ਤੇ ਹੀ ਛੱਡ ਜਾਂਦੇ ਹੋ ਤਾਂ ਇਹ ਆਦਤ ਤੁਹਾਡੇ ਲਈ ਬਹੁਤ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਇਸ ਸਬੰਧੀ ਹੋਈ ਇਕ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਰੋਜ਼ਾਨਾ ਨਾਸ਼ਤਾ ਕਰਨ ਵਾਲਿਆਂ ਦੀ ਤੁਲਨਾ ਵਿਚ ਨਾਸ਼ਨਾ ਨ ਕਰਨ ਵਾਲਿਆਂ ਨੂੰ ਦਿਲ ਦੇ ਦੌਰੇ ਅਤੇ ਕੋਰੋਨਰੀ ਹਾਰਟ ਡਿਜ਼ੀਜ਼ ਹੋਣ ਦਾ ਖ਼ਤਰਾ 27 ਫ਼ੀਸਦੀ ਜ਼ਿਆਦਾ ਹੁੰਦਾ ਹੈ। ਖੋਜ ਵਿਚ 45 ਤੋਂ 82 ਸਾਲ ਦੀ ਉਮਰ ਵਾਲੇ 26902 ਵਿਅਕਤੀਆਂ 'ਤੇ 16 ਸਾਲ ਤਕ ਉਨ੍ਹਾਂ ਦੇ ਰੋਜ਼ਮੱਰਾ ਦੇ ਕੰਮਾਂ ਕਾਰਾਂ ਦਾ ਚਾਰਟ ਬਣਾਉਣ ਤੋਂ ਬਾਅਦ ਸਿਹਤ ਨਤੀਜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਅਧਿਐਨ ਦੌਰਾਨ 1572 ਮਰਦਾਂ ਨੂੰ ਪਹਿਲੀ ਵਾਰ ਦਿਲ ਨਾਲ ਸਬੰਧਤ ਸ਼ਿਕਾਇਤ ਹੋਈ। ਨਾਸ਼ਤਾ ਨਾ ਕਰਨ ਨਾਲ ਮੋਟਾਪਾ ਹਾਈ ਬਲੱਡ ਪ੍ਰੈਸ਼ਰ, ਹਾਈ ਕੋਲੈਸਟਰਾਲ ਅਤੇ ਸ਼ੂਗਰ ਵਰਗੇ ਰੋਗ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਖੋਜ ਵਿਗਿਆਨੀਆਂ ਮੁਤਾਬਕ ਅਧਿਐਨ ਵਿਚ 97 ਫ਼ੀਸਦੀ ਲੋਕ ਯੂਰਪੀ ਮੂਲ ਦੇ ਸਨ। •

# ਡਾਇਬਟੀਜ਼ ਅਤੇ ਹੋਮਿਓਪੈਥਿਕ ਇਲਾਜ

**ਹੋਮਿਓਪੈਥੀ ਇਕ ਅਜਿਹੀ ਇਲਾਜ ਪ੍ਰਣਾਲੀ 'ਤੇ ਅਧਾਰਿਤ ਹੈ ਜਿਸ ਵਿਚ ਰੋਗ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਂਦਾ ਹੈ..**

ਡਾਇਬਟੀਜ਼ ਇਕ ਅਜਿਹੀ ਬਿਮਾਰੀ ਹੈ ਜਿਸ ਵਿਚ ਖ਼ੂਨ ਵਿਚ ਪਾਏ ਜਾਣ ਵਾਲੇ ਗੁਲੂਕੋਜ਼ ਦੀ ਮਾਤਰਾ ਸਧਾਰਨ ਤੋਂ ਵੀ ਵੱਧ ਜਾਂਦੀ ਹੈ। ਸਾਡੇ ਸਰੀਰ ਵਿਚ ਇਨਸੂਲਿਨ ਨਾਂ ਦਾ ਹਾਰਮੋਨ ਹੁੰਦਾ ਹੈ ਕਿ ਪੈਨਕਰੀਆਜ਼ ਨਾਂ ਦੀ ਗ੍ਰੰਥੀ ਤੋਂ ਨਿਕਲਦਾ ਹੈ ਅਤੇ ਸਾਡੇ ਸਰੀਰ ਦੇ ਗਲੂਕੋਜ਼ ਦੇ ਲੈਵਲ ਨੂੰ ਕੰਟਰੋਲ ਕਰਦਾ ਹੈ। ਜੇਕਰ ਕਿਸੇ ਕਾਰਨ ਇਸ ਗ੍ਰੰਥੀ ਦੇ ਸੈਲ ਨਸ਼ਟ ਹੋ ਜਾਂਦੇ ਹਨ ਤਾਂ ਇਨਸੂਲਿਨ ਬਣਨਾ ਬੰਦ ਹੋ ਜਾਂਦਾ ਹੈ ਜਿਸ ਨਾਲ ਸਰੀਰ ਵਿਚ ਸ਼ੂਗਰ ਦੀ ਮਾਤਰਾ ਵੱਧ ਜਾਂਦੀ ਹੈ।

### ਲੱਛਣ

- ਬਹੁਤ ਜ਼ਿਆਦਾ ਪਿਆਸ ਲੱਗਣਾ
- ਵਾਰ ਵਾਰ ਮੂੰਹ ਸੁੱਕਣਾ।
- ਭਾਰ ਵਿਚ ਕਮੀ।
- ਨਜ਼ਰ ਦਾ ਧੁੰਦਲਾ ਹੋਣਾ।
- ਵਾਰ ਵਾਰ ਭੁੱਖ ਲੱਗਣਾ।

### ਹੋਮਿਉਪੈਥਿਕ ਇਲਾਜ

ਸਹੀ ਨਿਯਮਾਂ ਅਨੁਸਾਰ ਦਵਾਈ ਦੇਣ ਨਾਲ ਉਸ ਸਰੀਰ ਦੀ ਬਿਮਾਰੀ ਨਾਲ ਲੜਨ ਦੀ ਸ਼ਕਤੀ ਵੱਧ ਜਾਂਦੀ ਹੈ। ਇਸ ਲਈ ਸਾਨੂੰ ਮਰੀਜ਼ ਦੇ ਸਰੀਰ ਦੇ ਲੱਛਣ ਜਿਵੇਂ ਭੁੱਖ, ਪਿਆਸ, ਗਰਮੀ ਜਾਂ ਸਰਦੀ ਲਈ ਸਹਿਣ ਸ਼ਕਤੀ ਅਤੇ ਉਸਦੇ ਸੁਭਾਅ ਮੁਤਾਬਕ ਦਵਾਈ ਦਿੱਤੀ ਜਾਂਦੀ ਹੈ ਜਿਸ ਨਾਲ ਪੈਨਕ੍ਰਿਆਜ਼ ਗ੍ਰੰਥੀ ਦੇ ਸੈਲਾਂ ਨੂੰ ਮੁੜ ਉਤੇਜਿਤ ਕਰਕੇ ਇਨਸੂਲਿਨ ਵਿਚ ਵਾਧਾ ਕੀਤਾ ਜਾਂਦਾ ਹੈ ਜਿਸ ਨਾਲ ਸ਼ੂਗਰ ਦੀ ਮਾਤਰਾ ਕੰਟਰੋਲ ਵਿਚ ਆ ਜਾਂਦੀ ਹੈ।

**• ਡਾ. ਪੰਕਜ ਸ਼ਰਮਾ**
**8901101553**



**ਦਿਲ ਵਿਚ ਵਾਲਵ ਦਾ ਕੰਮ ਲਗਾਤਾਰ ਇਕ ਦਿਸ਼ਾ ਵਿਚ ਖ਼ੂਨ ਦੇ ਵਹਾਅ ਨੂੰ ਬਣਾਈ ਰੱਖਣਾ ਹੁੰਦਾ ਹੈ। ਇਹ ਵਾਲਵ ਬਹੁਤ ਹੀ ਨਾਜ਼ੁਕ ਹੁੰਦੇ ਹਨ। ਡਾਕਟਰੀ ਵਿਗਿਆਨ ਦੀ ਤਰੱਕੀ ਤੋਂ ਬਾਅਦ ਦਿਲ ਸਬੰਧੀ ਰੋਗਾਂ ਨੂੰ ਬਿਨਾਂ ਕਿਸੇ ਖ਼ਾਸ ਮੁਸ਼ਕਿਲ ਤੋਂ ਠੀਕ ਕਰ ਲਿਆ ਜਾਂਦਾ ਹੈ...**

# ਕੀ ਹੈ ਹਾਰਟ ਵਾਲਵ ਸਰਜਰੀ

ਹਾਰਟ ਵਾਲਵ ਰਿਪਲੇਸਮੈਂਟ ਜਾਂ ਰਿਪੇਅਰ ਸਰਜਰੀ ਦਿਲ ਦੇ ਰੋਗਾਂ ਦੇ ਇਲਾਜ ਲਈ ਕੀਤੀ ਜਾਣ ਵਾਲੀ ਸਰਜਰੀ ਹੈ। ਹਾਰਟ ਵਾਲਵ ਰਿਪਲੇਸਮੈਂਟ 'ਤੇ ਗੱਲ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਹਾਰਟ ਵਾਲਵ ਬਾਰੇ ਕੁਝ ਜਾਣ ਲਿਆ ਜਾਵੇ ਕਿ ਆਖ਼ਿਰ ਇਹ ਇਹ ਹੈ ਕੀ? ਅਤੇ ਇਸ ਦਾ ਮਨੁੱਖੀ ਸਰੀਰ ਵਿਚ ਕੀ ਕੰਮ ਹੁੰਦਾ ਹੈ। ਇਸ ਦੇ ਨੁਕਸਾਨੇ ਜਾਣ ਜਾਂ ਰੋਗਗ੍ਰਸਤ ਹੋਣ 'ਤੇ ਸਰੀਰ ਨੂੰ ਕੀ ਨੁਕਸਾਨ ਹੋ ਸਕਦਾ ਹੈ?

### ਕੀ ਹੁੰਦਾ ਹੈ ਹਾਰਟ ਵਾਲਵ

ਮਨੁੱਖ ਦੇ ਦਿਲ ਵਿਚ ਝਿੱਲੀਨੁਕਮਾ ਬਣਤਰ ਬਾਰੇ ਚਾਰ ਹਾਰਟ ਵਾਲਵ ਹੁੰਦੇ ਹਨ। ਚਾਰ ਹਿੱਸਿਆਂ ਵਾਰੇ ਦਿਲ ਵਿਚ ਵਾਲਵ ਦਾ ਕੰਮ ਲਗ਼ਾਤਾਰ ਇਕ ਦਿਸ਼ਾ ਵਿਚ ਖ਼ੂਨ ਦੇ ਵਹਾਅ ਨੂੰ ਬਣਾਈ ਰੱਖਣਾ ਹੁੰਦਾਹੈ। ਵਾਲਵ ਉਪਰੀ ਅਤੇ ਹੇਠਲੇ ਹਿੱਸਿਆਂ ਦੇ ਅੱਗੇ ਅਤੇ ਨਿਕਾਸ ਰਾਹ 'ਤੇ ਮੌਜੂਦ ਹੁੰਦੇ ਹਨ। ਇਨ੍ਹਾਂ ਦਾ ਕੰਮ ਖ਼ੂਨ ਨੂੰ ਅੱਗੇ ਭੇਜਣਾ ਅਤੇ ਵਾਪਿਸ ਮੁੜਨ ਤੋਂ ਰੋਕਣਾ ਹੁੰਦਾ ਹੈ। ਇਹ ਫੋਲਡ ਹੋਣ ਦੇ ਨਾਲ ਹੀ ਬੰਦ ਵੀ ਹੋ ਜਾਂਦੇ ਹਨ। ਹਾਰਟ ਵਾਲਵ ਬਹੁਤ ਹੀ ਨਾਜ਼ੁਕ ਹੁੰਦੇ ਹਨ। ਡਾਕਟਰੀ ਵਿਗਿਆਨ ਦੀ ਤਰੱਕੀ ਤੋਂ ਬਾਅਦ ਹਾਰਟ ਸਬੰਧੀ ਰੋਗਾਂ ਨੂੰ ਬਿਨਾ ਕਿਸੇ ਖ਼ਾਸ ਮੁਸ਼ਕਿਲ ਤੋਂ ਠੀਕ ਕਰ ਲਿਆ ਜਾਂਦਾ ਹੈ।

### ਵਾਲਵ ਬਦਲਣ ਦੀ ਕਿਉਂ ਪੈਂਦੀ ਹੈ ਲੋੜ?

ਹਾਰਟ ਵਾਲਵ ਰਿਪੇਅਰ ਜਾਂ ਰਿਪਲੇਸਮੈਂਟ ਸਰਜਰੀ ਦਿਲ ਦੇ ਰੋਗਾਂ ਦੇ ਇਲਾਜ ਕਰਨ ਦਾ ਤਰੀਕਾ ਹੈ। ਜਦੋਂ ਦਿਲ ਦੇ ਵਾਲਵ ਨੁਕਸਾਨਗ੍ਰਸਤ ਜਾਂ ਰੋਗਗ੍ਰਸਤ ਹੋ ਜਾਣ ਕਾਰਨ ਸੁਚਾਰੂ ਰੂਪ ਨਾਲ ਕੰਮ ਨਹੀਂ ਕਰ ਸਕਦੇ ਤਾਂ ਸਰਜਰੀ ਦੀ ਲੋੜ ਪੈਂਦੀ ਹੈ। ਦਿਲ ਦੇ ਵਾਲਵ ਦਾ ਸਹੀ ਢੰਗ ਨਾ ਕੰਮ ਨਾ ਕਰਨਾ ਗੰਭੀਰ ਸਮੱਸਿਆ ਦਾ ਕਾਰਨ ਬਣ ਸਕਦਾ ਹੈ। ਵਾਲਵ ਦੇ ਸਖ਼ਤ ਹੋਣ ਤੇ ਦਿਲ ਦੀਆਂ ਮਾਂਸਪੇਸ਼ੀਆਂ ਨੂੰ ਬਲੱਡ ਖਿਚਣ ਲਈ ਜ਼ਿਆਦਾ ਮਿਹਨਤ ਕਰਨੀ ਪੈਂਦੀ ਹੈ। ਜੇ ਚਾਰਾਂ ਵਿਚੋਂ ਇਕ ਜਾਂ ਇਕ ਤੋਂ ਜ਼ਿਆਦਾ ਵਾਲਵ ਲੀਕ ਕਰਨ ਲੱਗਣ ਤਾਂ ਖ਼ੂਨ ਵਾਪਸ ਆਉਣਾ ਸ਼ੁਰੂ ਹੋ ਜਾਂਦਾ ਹੈ। ਖ਼ੂਨ ਵਾਪਿਸ ਆਉਣ ਅਤੇ ਸਹੀ ਦਿਸ਼ਾ ਵਿਚ ਖ਼ੂਨ ਨਾ ਜਾਣ ਕਾਰਨ ਗੰਭੀਰ ਸਮੱਸਿਆ ਪੈਦਾ ਹੋ ਜਾਂਦੀ ਹੈ। ਰੋਗੀ ਦੀ ਬਿਮਾਰੀ ਦੇ ਲੱਛਣ ਅਤੇ ਦਿਲ ਦੀ ਜਾਂਚ ਦੇ ਆਧਾਰ 'ਤੇ ਡਾਕਟਰ ਇਹ ਫੈਸਲਾ ਲੈਂਦਾ ਹੈ ਕਿ ਵਾਲਵ ਦੀ ਸਰਜਰੀ ਕਰਕੇ ਰਿਪੇਅਰ ਕੀਤੀ ਜਾਵੇ ਜਾਂ ਇਸ ਨੂੰ ਬਦਲਿਆ ਜਾਵੇ।



### ਬਦਲਣਾ ਕਿਉਂ ਜ਼ਰੂਰੀ

ਵਾਲਵ ਬਦਲਣ ਦੀ ਪ੍ਰਕਿਰਿਆ ਵਿਚ ਨੁਕਸਾਨਗ੍ਰਸਤ ਵਾਲਵ ਨੂੰ ਬਦਲ ਦਿੱਤਾ ਜਾਂਦਾ ਹੈ। ਹਾਰਟ ਵਾਲਵ ਦੀ ਰਿਪੇਅਰ ਜਾਂ ਰਿਪਲਸਮੈਂਟ ਕਰਨ ਦੀ ਪ੍ਰਕਿਰਿਆ ਨੂੰ ਓਪਨ ਹਾਰਟ ਸਰਜਰੀ ਕਿਹਾ ਜਾਂਦਾ ਹੈ। ਇਸ ਵਿਚ ਵਾਲਵ ਦੀ ਰਿਪੇਅਰ ਜਾਂ ਰਿਪਲੇਸਮੈਂਟ ਦੌਰਾਣ ਦਿਲ ਦੇ ਕੁਝ ਫੰਕਸ਼ਨਾਂ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਜਾਂਦਾ ਹੈ। ਛਾਤੀ ਨੂੰ ਖੋਲ੍ਹਣ ਤੋਂ ਬਾਅਦ ਸਰਜਨ ਰੋਗੀ ਦੀ ਬ੍ਰੈਸਟਬੋਨ ਨੂੰ ਕੱਟਦਾ ਹੈ ਅਤੇ ਇਸ ਨੂੰ ਇਕ ਪਾਸੇ ਕਰ ਦਿੰਦਾ ਹੈ। ਦਿਲ ਦਿਖਾਈ ਦੇਣ ਤੋਂ ਬਾਅਦ ਸਰਜਨ ਦਿਲ ਦੇ ਅੰਦਰ ਟਿਊਬ ਫਿਟ ਕਰ ਦਿੰਦਾ ਹੈ ਤਾਂ ਕਿ ਸਰਜਰੀ ਦੌਰਾਨ ਹਾਰਟ ਲੰਗ ਮਸ਼ੀਨ ਦੇ ਮਾਧਿਅਮ ਨਾਲ ਖ਼ੂਨ ਦਾ ਵਹਾਅ ਸਧਾਰਨ ਢੰਗ ਨਾਲ ਚੱਲਦਾ ਰਹੇ। ਖ਼ੂਨ ਦੇ ਵਹਾਅ ਲਈ ਬਾਇਪਾਸ ਮਸ਼ੀਨ ਹੁੰਦੀ ਹੈ ਕਿਉਂਕਿ ਜਿੰਨੀ ਦੇਰ ਤਕ ਸਰਜਨ ਹਾਰਟ ਵਾਲਵ ਦੀ ਮੁਰੰਮਤ ਜਾਂ ਬਦਲਣ ਦੀ ਪ੍ਰਕਿਰਿਆ ਕਰਦਾ ਹੈ, ਉਸ ਦੌਰਾਨ ਹਾਰਟ ਬੰਦ ਕਰ ਦਿੱਤਾ ਜਾਂਦਾ ਹੈ। ਇਸ ਦੌਰਾਨ ਖ਼ੂਨ ਦਾ ਵਹਾਅ ਸੁਚਾਰੂ ਰੂਪ ਨਾਲ ਚਲਾਉਣ ਲਈ ਲੰਗ ਮਸ਼ੀਨ ਦੀ ਵਰਤੋਂ ਕੀਤੀ ਜਾਂਦੀ ਹੈ। •



# ਭਾਸ਼ਾ ਵਿਭਾਗ ਦੀ 'ਪੁਸਤਕ ਬੈਠਕ' 'ਚ ਸ਼ਾਮਲ ਹੋਏ ਗੁਰਪ੍ਰੀਤ ਘੁੱਗੀ

## ਕਿਤਾਬਾਂ ਨਾਲ ਆਪਣੇ ਰਿਸ਼ਤੇ ਬਾਰੇ ਕੀਤੀਆਂ ਵੱਡਮੁੱਲੀਆਂ ਗੱਲਾਂ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਦੇ ਮਹੀਨਾਵਾਰ ਸਮਾਗਮ 'ਪੁਸਤਕ ਬੈਠਕ''ਚ ਅੱਜ ਫਿਲਮ ਜਗਤ ਦੀ ਹਰਮਨ-ਪਿਆਰੀ ਸ਼ਖ਼ਸੀਅਤ ਗੁਰਪ੍ਰੀਤ ਘੁੱਗੀ ਪਹੁੰਚੇ ਅਤੇ ਉਨ੍ਹਾਂ ਨੇ ਆਪਣੇ ਕਿਤਾਬਾਂ ਨਾਲ ਰਿਸ਼ਤੇ ਬਾਰੇ ਵੱਡਮੁੱਲੀਆਂ ਗੱਲਾਂ ਕੀਤੀਆਂ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀਆਂ ਅਗਵਾਈ 'ਚ ਹਰ ਮਹੀਨੇ ਹੋਣ ਵਾਲੇ ਇਸ ਸਮਾਗਮ ਦੌਰਾਨ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੜ੍ਹੀਆਂ ਪੁਸਤਕਾਂ ਬਾਰੇ ਹੋਣ ਵਾਲੀ ਚਰਚਾ ਦੌਰਾਨ ਅੱਜ ਗੁਰਪ੍ਰੀਤ ਸਿੰਘ ਘੁੱਗੀ ਨੇ ਪੁਸਤਕ ਸੱਭਿਆਚਾਰ ਨਾਲ ਜੁੜਨ ਬਾਰੇ ਤਜਰਬੇ ਸਾਂਝੇ ਕੀਤੇ। ਇਸ ਮੌਕੇ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਕਿਤਾਬਾਂ ਨਾਲ ਜੋੜਨ ਦੇ ਸਫ਼ਲ ਤਜਰਬੇ ਲਈ ਗੁਰਪ੍ਰੀਤ ਘੁੱਗੀ ਵੱਲੋਂ ਪੁਸਤਕ ਬੈਠਕ 'ਚ ਸ਼ਾਮਲ ਹੋਣਾ ਉਨ੍ਹਾਂ ਨੂੰ ਸ਼ਾਬਾਸ਼ ਦੇਣ ਵਾਂਗ ਹੈ। ਉਨ੍ਹਾਂ ਦੱਸਿਆ ਕਿ ਘੁੱਗੀ ਉਨ੍ਹਾਂ ਸ਼ਖ਼ਸੀਅਤਾਂ 'ਚ ਸ਼ਾਮਲ ਹੈ ਜੋ ਬਚਪਨ ਤੋਂ ਲੈ ਕੇ ਨਿਰੰਤਰ ਕਿਤਾਬਾਂ ਪੜ੍ਹ ਰਹੀਆਂ ਹਨ। ਜਿਸ ਸਦਕਾ ਉਨ੍ਹਾਂ ਦੀ ਅਦਾਕਾਰੀ, ਉਚਾਰਨ ਤੇ ਸ਼ਬਦਾਵਲੀ ਬਹੁਤ ਮਿਆਰੀ ਤੇ ਵਿਸ਼ਾਲ ਹੈ। ਇਸ ਮੌਕੇ ਗੁਰਪ੍ਰੀਤ ਘੁੱਗੀ ਨੇ ਪਾਠਕਾਂ ਨਾਲ ਸੰਵਾਦ ਰਚਾਉਂਦਿਆਂ ਦੱਸਿਆ ਕਿ ਉਸ ਨੇ ਬਹੁਤ ਛੋਟੀ ਉਮਰ 'ਚ 'ਵਿੱਦਿਆ ਵਿਚਾਰੀ ਪਰਉਪਕਾਰੀ'ਦੇ ਅਰਥ ਪੱਲੇ ਬੰਨ੍ਹ ਲਏ ਸਨ ਅਤੇ ਘਰ 'ਚ ਗੁਰਬਤ ਹੋਣ ਦੇ ਬਾਵਜੂਦ ਵੀ ਉਸ ਨੇ ਆਪਣੇ ਵੱਡੇ ਭਰਾ ਦੀ ਪ੍ਰੇਰਨਾ ਨਾਲ ਬਚਪਨ ਤੋਂ ਹੀ ਪੁਸਤਕਾਂ ਨਾਲ ਸਾਂਝ ਪਾ ਲਈ। ਜਿਸ ਦਾ ਸਿੱਟਾ ਇਹ ਨਿੱਕਲਿਆ ਕਿ ਗਿਆਨ ਤੋਂ ਤਾਕਤਵਰ ਕੋਈ ਸ਼ੈਅ ਨਹੀਂ ਅਤੇ ਇਹ ਤੁਹਾਨੂੰ ਹਮੇਸ਼ਾ ਫਲ਼ ਦਿੰਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਕਿਤਾਬ ਰਚਨਾ ਸਦਕਾ ਬਣਦੀ ਹੈ ਤੇ ਰਚਨਾ ਤੋਂ ਹੀ ਰਸਨਾ ਬਣਦੀ ਹੈ।

ਸ. ਘੁੱਗੀ ਨੇ ਕਿਹਾ ਕਿ ਕਿਤਾਬਾਂ ਸਾਨੂੰ ਭਵਿੱਖ ਨਾਲ ਜੋੜਨ ਤੋਂ ਪਹਿਲਾ ਆਪਣੇ ਮਾਣਮੱਤੇ ਤੇ ਕੁਰਬਾਨੀਆਂ ਭਰੇ ਇਤਿਹਾਸ ਨਾਲ ਵੀ ਜੋੜਦੀਆਂ ਹਨ ਜੋ ਸਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।ਉਨ੍ਹਾਂ ਕਿਹਾ ਕਿ ਅਸੀਂ ਆਪਣੇ ਬੱਚਿਆਂ ਲਈ ਜ਼ਮੀਨਾਂ-ਜਾਇਦਾਦਾਂ ਜੋੜਦੇ ਹਾਂ ਪਰ ਉਨ੍ਹਾਂ ਤੋਂ ਵੀ ਵੱਡੀ ਇੱਕ ਦੌਲਤ ਆਪਣੇ ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਹੈ, ਜੋ ਸਿਰਫ਼ ਪੁਸਤਕਾਂ ਨਾਲ ਜੋੜਕੇ ਹੀ ਦਿੱਤੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਹ ਇੱਕ ਕਿਤਾਬ ਪੜ੍ਹਕੇ ਹੀ ਅਦਾਕਾਰੀ ਦੇ ਰਾਹ ਪਿਆ ਸੀ, ਸਕੂਲੀ ਜੀਵਨ ਦੌਰਾਨ ਉਸ ਨੇ ਆਪਣੇ ਭਰਾ ਦੀ ਕਿਤਾਬ 'ਚੋਂ ਇਕਾਂਗੀ ਪੜ੍ਹੀ ਤੇ ਸਕੂਲ ਅਧਿਆਪਕਾਂ ਦੀ ਹੱਲਾਸ਼ੇਰੀ ਨਾਲ ਖੁਦ ਹੀ ਸਾਥੀਆਂ ਨਾਲ ਮਿਲਕੇ ਪੇਸ਼ਕਾਰੀ ਕੀਤੀ। ਇਸ ਪਲੇਠੀ ਪੇਸ਼ਕਾਰੀ ਨੇ ਉਸ ਵਿੱਚ ਸਵੈਵਿਸ਼ਵਾਸ ਭਰਿਆ ਤੇ ਬਾਕੀ ਕੰਮ ਉਸ ਨੇ ਆਪਣੀ ਲਗਨ ਤੇ ਮਿਹਨਤ ਨਾਲ ਕੀਤਾ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਚਾਰ ਚਰਚਾ 'ਚ ਡਾ. ਮਨਜਿੰਦਰ ਸਿੰਘ ਖੋਜ ਅਫ਼ਸਰ, ਕਿਰਨਜੀਤ ਕੌਰ, ਅੰਕੁਸ਼ ਕੁਮਾਰ, ਗੁਰਮੇਲ ਸਿੰਘ, ਬਲਵੀਰ ਕੌਰ ਤੇ ਵਿਕਾਸ ਕੁਮਾਰ ਨੇ ਹਿੱਸਾ ਲਿਆ। ਵਿਭਾਗ ਵੱਲੋਂ ਗੁਰਪ੍ਰੀਤ ਘੁੱਗੀ ਨੂੰ ਸ਼ਾਲ ਤੇ ਪੁਸਤਕਾਂ ਦੇ ਸੈੱਟ ਨਾਲ ਸਤਿਕਾਰ ਦਿੱਤਾ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਗੁਰਪ੍ਰੀਤ ਘੁੱਗੀ ਨੇ ਵਿਭਾਗ ਦੀ ਲਾਇਬਰੇਰੀ ਤੇ ਕੰਪਿਊਟਰ ਵਿੰਗ 'ਚ ਵੀ ਫੇਰੀ ਪਾਈ ਅਤੇ ਚੱਲ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਭਾਗ ਦੀ ਵਧੀਕ ਨਿਰਦੇਸ਼ਕਾ ਹਰਪ੍ਰੀਤ ਕੌਰ, ਡਿਪਟੀ ਡਾਇਰੈਕਟਰ ਹਰਭਜਨ ਕੌਰ, ਚੰਦਨਦੀਪ ਕੌਰ ਤੇ ਆਲੋਕ ਚਾਵਲਾ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ ਤੇ ਸੁਰਿੰਦਰ ਕੌਰ ਵੀ ਹਾਜ਼ਰ ਸਨ।

# ਨਸ਼ਾ ਪੀੜਤਾਂ ਦੇ ਇਲਾਜ ਲਈ ਇਕਸਾਰ ਵਿਧੀ ਅਪਣਾਉਣ ਲਈ ਸੂਬੇ ਭਰ 'ਚ ਕਰਵਾਏ ਜਾ ਰਹੇ ਨੇ ਸਿਖਲਾਈ ਪ੍ਰੋਗਰਾਮ : ਡਾ. ਬਲਬੀਰ ਸਿੰਘ

➢ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਟਿਆਲਾ ਵਿਖੇ ਮੈਡੀਕਲ ਅ.ਫਸਰਾਂ ਤੇ ਵਿਦਿਆਰਥੀਆਂ ਦੀ ਨਸ਼ਾ ਪੀੜਤਾਂ ਦੇ ਇਲਾਜ ਲਈ ਪੰਜ ਰੋਜ਼ਾ ਸਿਖਲਾਈ ਕਰਵਾਈ ➢ ਸਿਹਤ ਵਿਭਾਗ ਦੇ ਸਟਾ.ਫ ਨੂੰ ਨਸ਼ੇ ਦੇ ਕਾਰਨ, ਇਲਾਜ ਤੇ ਕਾਊਂਸਲਿੰਗ ਸਬੰਧੀ ਦਿੱਤੀ ਜਾ ਰਹੀ ਹੈ ਸਿਖਲਾਈ : ਡਾ. ਬਲਬੀਰ ਸਿੰਘ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੇ ਸਟਾਫ਼ ਨੂੰ ਨਸ਼ਾ ਪੀੜਤਾਂ ਦੇ ਇਲਾਜ ਲਈ ਇਕਸਾਰ ਵਿਧੀ ਅਪਣਾਉਣ ਲਈ ਸੂਬੇ ਭਰ ਵਿੱਚ ਸਿਖਲਾਈ ਪ੍ਰੋਗਰਾਮ ਕਰਵਾਏ ਜਾ ਰਹੇ ਹਨ ਤਾਂ ਜੋ ਨਸ਼ਾ ਛੱਡਣ ਵਾਲੇ ਵਿਅਕਤੀ ਨੂੰ ਭਾਵੇਂ ਉਹ ਸੂਬੇ ਦੇ ਕਿਸੇ ਵੀ ਕੋਨੇ ਵਿੱਚ ਰਹਿੰਦਾ ਹੋਵੇ, ਉਹ ਹੀ ਇਲਾਜ ਮਿਲੇ ਜੋ ਕਿਸੇ ਵੱਡੀ ਹਸਪਤਾਲ ਵਿੱਚ ਦਿੱਤਾ ਜਾ ਰਿਹਾ ਹੈ। ਇਹ ਪ੍ਰਗਟਾਵਾਂ ਡਾ. ਬਲਬੀਰ ਸਿੰਘ ਨੇ ਅੱਜ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਵਿਖੇ ਮੈਡੀਕਲ ਅਫ਼ਸਰਾਂ ਦੀ ਸਮਰੱਥਾ ਨਿਰਮਾਣ ਸਿਖਲਾਈ (ਨਸ਼ਾ ਪੀੜਤਾਂ ਦੇ ਇਲਾਜ ਲਈ ਅਗਲੇ ਪੱਧਰ ਦੀ ਸਿਖਲਾਈ) ਦੇ ਸਮਾਪਤੀ ਸਮਾਰੋਹ ਮੌਕੇ ਕੀਤਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਪੰਜਾਬ ਸਰਕਾਰ ਦੀ ਪਹਿਲੀ ਤਰਜੀਹ ਹੈ। ਵਿਗਿਆਨਕ ਸਿਖਲਾਈ, ਰੀਅਲ ਟਾਈਮ ਨਿਗਰਾਨੀ ਅਤੇ ਨਸ਼ਾ ਛੁਡਾਊ ਬੁਨਿਆਦੀ ਢਾਂਚੇ ਦੇ ਵਿਸਥਾਰ ਰਾਹੀਂ, ਅਸੀਂ ਇਲਾਜ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਅਤੇ ਮਰੀਜ਼-ਕੇਂਦ੍ਰਿਤ ਬਣਾਉਣ ਲਈ ਦ੍ਰਿੜ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੈਡੀਕਲ ਅਫਸਰ, ਕੌਂਸਲਰ, ਪੁਲਿਸ ਕਰਮਚਾਰੀ ਅਤੇ ਮਨੋਵਿਗਿਆਨੀਆਂ ਨੂੰ ਪ੍ਰਭਾਵਸ਼ਾਲੀ, ਹਮਦਰਦੀ ਅਤੇ ਪੇਸ਼ੇਵਰ ਦੇਖਭਾਲ ਪ੍ਰਦਾਨ ਕਰਨ ਲਈ ਨਵੀਨਤਮ ਸਿਖਲਾਈ ਨਾਲ ਲੈਸ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਤਹਿਤ ਏਮਜ਼ ਤੋਂ ਪੰਜਾਬ ਦੇ 26 ਸਿਖਲਾਈ ਪ੍ਰਾਪਤ ਮਨੋਰੋਗ ਮਾਹਿਰ ਸਿਧਾਂਤਕ ਗਿਆਨ, ਵਿਹਾਰਕ ਹੁਨਰ ਅਤੇ ਕਾਨੂੰਨੀ ਜਾਗਰੂਕਤਾ ਨੂੰ ਕਵਰ ਕਰਦੇ ਹੋਏ ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਪੰਜ ਦਿਨਾਂ ਦਾ ਸਿਖਲਾਈ ਪ੍ਰੋਗਰਾਮ ਚਲਾ ਰਹੇ ਹਨ। ਇਸਦਾ ਉਦੇਸ਼ ਮੈਡੀਕਲ ਅਫ਼ਸਰਾਂ ਅਤੇ ਸਹਿਯੋਗੀ ਸਟਾਫ ਦੀ ਸਮਰੱਥਾ ਨੂੰ ਵਧਾਉਣਾ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਗਾੜਾਂ ਦਾ ਢੁਕਵਾਂ ਪ੍ਰਬੰਧਨ ਕੀਤਾ ਜਾ ਸਕੇ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਤੇ ਕਪੂਰਥਲਾ ਵਿਖੇ ਦੋ ਮਾਡਲ ਸੈਂਟਰ ਸ਼ੁਰੂ ਕੀਤੇ ਹਨ। ਜਿਥੇ ਨਸ਼ਾ ਕਰਨ ਵਾਲਿਆਂ ਨੂੰ ਟੀਕੇ ਦੀ ਵਰਤੋਂ ਅਤੇ ਨੁਕਸਾਨ ਤੋਂ ਰੋਕਣ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਵਿਧੀ ਸੂਬੇ 'ਚ ਨਸ਼ਾ ਪੀੜਤਾਂ ਦੇ ਇਲਾਜ ਲਈ ਤਰਲ ਅਤੇ ਓਰਲ ਸਬਸਟੀਚਿਊਸ਼ਨ ਥੈਰੇਪੀ ਅਪਣਾਏ ਜਾਣ ਦਾ ਹਿੱਸਾ ਹੈ।

ਉਨ੍ਹਾਂ ਮੈਡੀਕਲ ਅਫ਼ਸਰਾਂ ਅਤੇ ਮਾਹਿਰਾਂ ਦੀ ਵਚਨਬੱਧਤਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਸਮੂਹਿਕ ਯਤਨ 'ਇੱਕ ਸਿਹਤਮੰਦ ਅਤੇ ਨਸ਼ਾ ਮੁਕਤ ਪੰਜਾਬ' ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਕਿਹਾ ਇਹ ਸਿਖਲਾਈ ਪ੍ਰੋਗਰਾਮ ਅਨੰਨਿਆ ਬਿਰਲਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਆਲ ਇੰਡੀਆ ਇੰਸਟਚਿਊਟ ਆਫ਼ ਮੈਡੀਕਲ ਸਾਇੰਸਜ਼, ਪੀ ਜੀ ਆਈ ਚੰਡੀਗੜ੍ਹ, ਆਈਆਈਟੀ ਰੋਪੜ ਅਤੇ ਟਾਟਾ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਮੁੰਬਈ ਜਿਹੀਆਂ ਪ੍ਰਮੁੱਖ ਰਾਸ਼ਟਰੀ ਸੰਸਥਾਵਾਂ ਦੁਆਰਾ ਸਮਰੱਥ, ਇਹ ਯੂਨਿਟ ਰਾਜ ਭਰ ਵਿੱਚ ਨਿਰਵਿਘਨ ਤਕਨੀਕੀ ਸਹਾਇਤਾ ਅਤੇ ਜ਼ਮੀਨੀ ਅਮਲ ਨੂੰ ਯਕੀਨੀ ਬਣਾਉਣ ਲਈ ਇੱਕ ਹੱਬ-ਐਂਡ-ਸਪੋਕ ਮਾਡਲ ਦੀ ਤਰ੍ਹਾਂ ਕੰਮ ਕਰਦਾ ਹੈ।

ਇਸ ਮੌਕੇ ਸਰਕਾਰੀ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਆਰ.ਪੀ.ਐਸ ਸਿਬੀਆ, ਮੈਡੀਕਲ ਸੁਪਰਡੈਂਟ ਸਰਕਾਰੀ ਰਜਿੰਦਰਾ ਹਸਪਤਾਲ ਵਿਸ਼ਾਲ ਚੋਪੜਾ, ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ, ਮੈਡੀਕਲ ਕਮਿਸ਼ਨਰ ਡਾ. ਜਸਵਿੰਦਰ ਸਿੰਘ, ਡਾ. ਰਜਨੀਸ਼ ਸਮੇਤ ਸੰਗਰੂਰ, ਮਾਨਸਾ ਦੇ ਮੈਡੀਕਲ ਅਫ਼ਸਰ ਵੀ ਮੌਜੂਦ ਸਨ।

# ਤੇਜ਼ ਬਾਰਸ਼ ਕਾਰਨ ਗਰੀਬ ਵਿਅਕਤੀ ਦੇ ਘਰ ਦੀ ਛੱਤ ਡਿੱਗੀ



**ਘੱਗਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਛਬੀਲਪੁਰ ਉਰਫ ਕਲਵਾਨੂੰ ਡੇਰਾ ਵਿਖੇ ਤੇਜ਼ ਬਾਰਸ਼ ਕਾਰਨ ਇੱਕ ਗਰੀਬ ਪਰਿਵਾਰ ਦੇ ਮਕਾਨ ਦੀ ਛੱਤ ਡਿੱਗ ਗਈ ਅਤੇ ਮਕਾਨ ਅੰਦਰ ਪਏ ਘਰੇਲੂ ਸਮਾਨ ਦਾ ਵੱਡਾ ਨੁਕਸਾਨ ਵੀ ਹੋਇਆ ਹੈ।

ਇਸ ਸਬੰਧੀ ਪੀੜਤ ਪਰਿਵਾਰ ਦੇ ਮਾਲਕ ਮਲਕੀਤ ਰਾਮ ਬਾਜ਼ੀਗਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਪੈ ਰਹੀ ਲਗਾਤਾਰ ਬਰਸਾਤ ਦਾ ਪਾਣੀ ਮਕਾਨ ਦੀਆਂ ਨੀਹਾਂ ਵਿੱਚ ਪੈ ਜਾਣ ਕਾਰਨ ਬੀਤੇ ਦਿਨੀਂ ਕਰੀਬ 7 ਵਜੇ ਦੇ ਕਰੀਬ ਮਕਾਨ ਦੀ ਛੱਤ ਡਿੱਗ ਗਈ। ਜਦੋਂ ਮਕਾਨ ਦੀ ਛੱਤ ਡਿੱਗੀ ਉਸ ਸਮੇਂ ਉਹ ਆਪਣੇ ਪਰਿਵਾਰ ਸਮੇਤ ਆਪਣੇ ਭਰਾ ਦੇ ਘਰ ਗਿਆ ਹੋਇਆ ਸੀ, ਜਿਸ ਕਾਰਨ ਕੋਈ ਵੀ ਜਾਨੀ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ ਹੈ। ਪਰ ਮਕਾਨ ਦੇ ਅੰਦਰ ਛੱਤ ਦੇ ਮਲਵੇ ਹੇਠ ਆਉਣ ਨਾਲ ਮਕਾਨ ਅੰਦਰ ਪਿਆ ਫਰਿੱਜ, ਟੀ ਵੀ ਅਤੇ ਫਰਨੀਚਰ ਦਾ ਸਮਾਨ ਬੁਰੀ ਤਰਾਂ ਨੁਕਸਾਨਿਆ ਗਿਆ ਹੈ। ਇਸ ਦੇ ਨਾਲ ਹੀ ਘਰੇਲੂ ਰਾਸ਼ਨ ਵੀ ਮਲਵਾ ਡਿੱਗਣ ਨਾਲ ਖ਼ਰਾਬ ਹੋ ਗਿਆ ਹੈ। ਉਸ ਨੇ ਦੱਸਿਆ ਕਿ ਉਹ ਆਪਣੇ ਪਰਿਵਾਰ ਦਾ ਗੁਜ਼ਾਰਾ ਮੇਹਨਤ- ਮਜ਼ਦੂਰੀ ਕਰਕੇ ਕਰ ਰਿਹਾ ਸੀ। ਇਸ ਮਕਾਨ ਦੀ ਛੱਤ ਡਿੱਗਣ ਦੇ ਨਾਲ ਹੋਏ ਨੁਕਸਾਨ ਨੂੰ ਲੈ ਕੇ ਪਿੰਡ ਦੇ ਲੋਕਾਂ ਨੇ ਪੰਜਾਬ ਸਰਕਾਰ ਤੋਂ ਇਸ ਮਜ਼ਦੂਰ ਪਰਿਵਾਰ ਦੇ ਲਈ ਮਾਲੀ ਸਹਾਇਤਾ ਦੀ ਪੁਰਜ਼ੋਰ ਮੰਗ ਕੀਤੀ ਹੈ।

# ਅੱਤਵਾਦ ਪੀੜਤਾਂ ਦੇ ਬੱਚਿਆਂ ਲਈ ਮੈਡੀਕਲ ਕਾਲਜਾਂ ਵਿੱਚ ਸੀਟਾਂ ਦੇ ਰਾਖਵੇਂਕਰਨ ਸਬੰਧੀ ਸੂਚਨਾ

**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਸਿਮਰਪ੍ਰੀਤ ਕੌਰ ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਤੇ ਮੱਦੇ ਨਜ਼ਰ ਦੱਸਿਆ ਹੈ ਕਿ ਗ੍ਰਹਿ ਮੰਤਰਾਲੇ ਵੱਲੋਂ ਅਕਾਦਮਿਕ ਸਾਲ 2025-26 ਦੌਰਾਨ ਕੇਂਦਰੀ ਪੂਲ ਤੋਂ ਮੈਡੀਕਲ ਕਾਲਜਾਂ ਵਿੱਚ ਐਮਬੀਬੀਐਸ ਦੀਆਂ ਨਿਰਧਾਰਤ ਸੀਟਾਂ ਸਾਰੇ ਰਾਜਾਂ ਦੇ ਅੱਤਵਾਦ ਪ੍ਰਭਾਵਿਤ ਆਮ ਨਾਗਰਿਕਾਂ ਦੀ ਸ਼੍ਰੇਣੀ ਵਿੱਚੋਂ ਭਰੀਆਂ ਜਾਣੀਆਂ ਹਨ।

ਇਸ ਤਹਿਤ ਅੱਤਵਾਦ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਬੱਚੇ ਜੋ ਐਮਬੀਬੀਐਸ ਲਈ ਲੋੜੀਂਦੀਆਂ ਯੋਗਤਾਵਾਂ ਰੱਖਦੇ ਹਨ ਉਹ ਅਪਲਾਈ ਕਰ ਸਕਦੇ ਹਨ। ਇਸ ਲਈ ਯੋਗ ਉਮੀਦਵਾਰ 31 ਅਗਸਤ ਤੱਕ ਆਪਣੀ ਅਰਜੀ ਸ੍ਰੀ ਰਾਜੀਵ ਕੁਮਾਰ, ਅਧੀਨ ਸਕੱਤਰ, ਭਾਰਤ ਸਰਕਾਰ (ਸੀ.ਟੀ-99), ਕਮਰਾ ਨੰਬਰ 81, ਸੀ.ਟੀ.ਸੀ.ਆਰ ਡਵੀਜ਼ਨ, ਨਾਰਥ ਬਲਾਕ, ਨਵੀਂ ਦਿੱਲੀ-110001 ਨੂੰ ਦੇ ਸਕਦੇ ਹਨ।

# ਵੋਟਰ ਸੂਚੀਆਂ ਦੀ ਸੁਧਾਈ ਲਈ ਦਾਅਵਿਆਂ ਅਤੇ ਇਤਰਾਜ਼ਾਂ ਦੀ ਮਿਆਦ 3 ਸਤੰਬਰ ਤੱਕ ਵਧਾਈ ਗਈ : ਅਮਰਿੰਦਰ ਸਿੰਘ ਟਿਵਾਣਾ

**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਅਮਰਿੰਦਰ ਸਿੰਘ ਟਿਵਾਣਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਕਮਿਸ਼ਨਰ ਚੋਣ ਵੱਲੋਂ ਰਾਜ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਦੇਖਦੇ ਹੋਏ ਅਤੇ ਪ੍ਰਸ਼ਾਸ਼ਨ ਦੇ ਬਚਾਅ ਕਾਰਜਾਂ ਨੂੰ ਦੇਖਦੇ ਹੋਏ ਅਗਾਮੀ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ 2025 ਲਈ ਵੋਟਰ ਸੂਚੀਆਂ ਦੀ ਸੁਧਾਈ ਲਈ ਦਾਅਵਿਆਂ ਅਤੇ ਇਤਰਾਜਾਂ ਦੀ ਮਿਆਦ 3 ਸਤੰਬਰ ਤੱਕ ਵਧਾ ਦਿੱਤੀ ਗਈ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਪ੍ਰਾਪਤ ਹੋਣ ਵਾਲੇ ਦਾਅਵੇ ਅਤੇ ਇਤਰਾਜਾਂ ਦਾ ਨਿਪਟਾਰਾ 8 ਸਤੰਬਰ ਤੱਕ ਕਰ ਦਿੱਤਾ ਜਾਵੇਗਾ ਅਤੇ ਚੋਣ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾਂ 9 ਸਤੰਬਰ 2025 ਨੂੰ ਕੀਤੀ ਜਾਵੇਗੀ। ਉਹਨਾਂ ਸਭ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਾਣਕਾਰੀ ਦੀ ਜਾਂਚ ਕਰਨ ਅਤੇ ਲੋੜ ਹੋਣ ' ਤੇ ਦਾਅਵਾ ਜਾਂ ਇਤਰਾਜ ਦਾਖ਼ਲ ਕਰਨ ਲਈ 3 ਸਤੰਬਰ ਤੋਂ ਪਹਿਲਾਂ ਆਪਣੇ ਦਾਅਵੇ ਜਾਂ ਇਤਰਾਜ਼ ਜ਼ਰੂਰ ਦਾਖ਼ਲ ਕਰਨ।

# ਹੜ੍ਹ ਪੀੜ੍ਹਤ ਪਰਿਵਾਰਾਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ : ਜੀਵਨ ਸਿੰਘ ਸੰਗੋਵਾਲ



**ਲੁਧਿਆਣਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਗਿੱਲ ਵਿਧਾਇਕ ਜੀਵਨ ਸਿੰਘ ਸੰਗੋਵਾਲ ਵੱਲੋਂ ਪਠਾਨਕੋਟ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੇ ਪਸ਼ੂਆਂ ਲਈ ਚਾਰੇ ਦਾ ਟਰੱਕ ਭੇਜਿਆ ਗਿਆ। ਵਿਧਾਇਕ ਸੰਗੋਵਾਲ ਨੇ ਕਿਹਾ ਕਿ ਕੁਦਰਤੀ ਆਫਤਾਂ ਦੌਰਾਨ, ਮਨੁੱਖੀ ਜੀਵਨ, ਪੱਸ਼ੂ, ਪੰਛੀ, ਫਸਲਾਂ, ਰੁੱਖ-ਬੂਟੇ ਬੁਰੀ ਤਰ੍ਹਾ ਪ੍ਰਭਾਵਿਤ ਹੁੰਦੇ ਹਨ ਅਤੇ ਇਸ ਮੁਸੀਬਤ ਦਾ ਸਾਹਮਣਾ ਕਰਨ ਲਈ ਸਾਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਮਾਰ ਕਾਰਨ ਜਿੱਥੇ ਪਠਾਨਕੋਟ ਦੇ ਵਸਨੀਕਾਂ ਨੂੰ ਭੋਜਨ ਦੀ ਕਿੱਲਤ ਆਈ ਹੈ ਉੱਥੇ ਬੇਜੁ ?ਬਾਨ ਪਸ਼ੂਆਂ ਲਈ ਚਾਰੇ ਦੀ ਵੀ ਥੋੜ ਮਹਿਸੂਸ ਕੀਤੀ ਜਾ ਰਹੀ ਹੈ।

ਉਨ੍ਹਾਂ ਭਰੋਸਾ ਦਿੱਤਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੇ ਸਹਿਯੋਗ ਲਈ ਹੋਰ ਯਤਨ ਵੀ ਕੀਤੇ ਜਾਣਗੇ ਤਾਂ ਜੋ ਪਾਣੀ ਦੀ ਮਾਰ ਹੇਠ ਆਏ ਪਠਾਨਕੋਟ ਦੇ ਵਸਨੀਕ ਇਸ ਮੁਸੀਬਤ ਤੋਂ ਜਲਣ ਉੱਭਰ ਸਕਣ।

ਵਿਧਾਇਕ ਜੀਵਨ ਸਿੰਘ ਸੰਗੋਵਾਲ ਵੱਲੋਂ ਆਸ ਪ੍ਰਗਟਾਈ ਗਈ ਕਿ ਪੰਜਾਬ ਸਰਕਾਰ ਦੇ ਸੰਯੁਕਤ ਉਪਰਾਲਿਆਂ ਸਕਦਾ ਜਲਦ ਇਸ ਮੁਸੀਬਤ ਤੋਂ ਪਾਰ ਪਾ ਲਿਆ ਜਾਵੇਗਾ। ਉਨ੍ਹਾਂ ਸਥਾਨਕ ਵਸਨੀਕਾਂ ਨੂੰ ਵੀ ਅਪੀਲ ਕੀਤੀ ਕਿ ਮਾਨਵਤਾ ਦੀ ਸੇਵਾ ਲਈ ਮੋਹਰੀ ਰੋਲ ਅਦਾ ਕੀਤਾ ਜਾਵੇ।

# ਕਿਸਾਨ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ ਡੀ.ਐਫ.ਐਸ.ਸੀ. ਦੀ ਕਿਸਾਨਾਂ ਨੂੰ ਅਪੀਲ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰੂਪਪ੍ਰੀਤ ਕੌਰ ਵੱਲੋਂ ਅੱਜ ਅਧਿਕਾਰੀਆਂ ਨਾਲ ਇਕ ਅਹਿਮ ਮੀਟਿੰਗ ਕਰਕੇ ਝੋਨੇ ਦੇ ਆਉਣ ਵਾਲੇ ਖ਼ਰੀਦ ਸੀਜ਼ਨ ਦੀਆਂ ਤਿਆਰੀਆਂ ਦਾ ਜਾਇਜਾ ਲਿਆ। ਇਸ ਮੀਟਿੰਗ ਦੌਰਾਨ ਉਹਨਾਂ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਝੋਨੇ ਦੀ ਨਿਰਵਿਘਨ ਅਤੇ ਸੁਚਾਰੂ ਖਰੀਦ ਲਈ ਕੀਤੇ ਜਾ ਰਹੇ ਪ੍ਰਬੰਧਾਂ ' ਤੇ ਵਿਚਾਰ ਚਰਚਾ ਕੀਤੀ। ਉਹਨਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਨਾਉਣ ਲਈ ਕਿਹਾ ਕਿ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤਾਂ ਦਾ ਸਾਹਮਣਾ ਨਾ ਕਰਨਾ ਪਵੇ ।

ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿਣਸ ਦੀ ਸੁਚਾਰੂ ਤੇ ਤੁਰੰਤ ਖ਼ਰੀਦ ਲਈ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ । ਉਹਨਾਂ ਸੁੱਕਾ ਝੋਨਾ ਲਿਆਉਣ ਦੇ ਫਾਇਦੇ ਦਰਸਾਉਂਦੇ ਹੋਏ ਵਿਸ਼ੇਸ਼ ਤੌਰ ' ਤੇ ਕਿਹਾ ਕਿ ਸੁੱਕਾ ਝੋਨਾ ਮੰਡੀਆਂ ਵਿੱਚ ਲਿਆਉਣ ਨਾਲ ਕਿਸਾਨਾਂ ਦੀ ਫ਼ਸਲ ਦੀ ਖਰੀਦ ਜਲਦੀ ਹੋ ਜਾਂਦੀ ਹੈ ਅਤੇ ਇਸ ਉਪਰੰਤ ਅਦਾਇਗੀ ਵੀ ਤੁਰੰਤ ਹੋ ਜਾਂਦੀ ਹੈ। ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸੁੱਕਾ ਝੋਨਾ ਲਿਆਉਣ ਨਾਲ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਅਤੇ ਲਿਫਟਿੰਗ ਨਿਰਵਿਘਨ ਹੁੰਦੀ ਹੈ ਜਿਸ ਕਾਰਨ ਬਾਕੀ ਰਹਿੰਦੇ ਕਿਸਾਨ ਵੀਰਾਂ ਨੂੰ ਮੰਡੀ ਵਿੱਚ ਜਿਣਸ ਵੇਚਣ ਲਈ ਮਸ਼ਕਿਲਾਂ ਦਾ ਸਾਹਮਣਾ ਨਹੀ ਕਰਨਾ ਪੈਂਦਾ।

ਡੀ.ਐਫ.ਐਸ.ਸੀ. ਨੇ ਇਹ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਝੋਨੇ ਦੀ ਖ਼ਰੀਦ ਲਈ ਸਾਰੇ ਲੋੜੀਂਦੇ ਪ੍ਰਬੰਧ ਪਹਿਲੇ ਹੀ ਮੁਕੰਮਲ ਕਰ ਲਏ ਗਏ ਹਨ ਅਤੇ ਕਿਸਾਨਾਂ ਦੀ ਜਿਣਸ ਦਾ ਇਕ ਇਕ ਦਾਣਾ ਸਮੇਂ ਸਿਰ ਖ਼ਰੀਦਿਆ ਜਾਵੇਗਾ। ਇਸ ਲਈ ਉਹਨਾਂ ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਕਿ ਉਹ ਪ੍ਰਸ਼ਾਸ਼ਨ ਨਾਲ ਸਹਿਯੋਗ ਕਰਦੇ ਹੋਏ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਲਿਆਉਣ, ਤਾਂ ਜੋ ਖ਼ਰੀਦ ਦੀ ਪ੍ਰਕ੍ਰਿਆ ਸੁਚਾਰੂ ਢੰਗ ਨਾਲ ਚੱਲ ਸਕੇ ।

# ਹਿੰਦੂ ਵੈਲਫੇਅਰ ਬੋਰਡ ਨੇ ਪੰਜਾਬ ਵਿੱਚ ਅਣਪਛਾਤੇ ਪਰਵਾਸੀ ਮੁਸਲਮਾਨਾਂ ਦੀ ਵੱਧ ਰਹੀ ਗਿਣਤੀ ਬਾਰੇ ਚਿੰਤਾ ਜਤਾਈ



**ਪਟਿਆਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪੰਜਾਬੀ ਹਿੰਦੂ ਗਰੁੱਪ (ਹਿੰਦੂ ਵੈਲਫੇਅਰ ਬੋਰਡ) ਪਟਿਆਲਾ ਦੀ ਮੀਟਿੰਗ ਜਿਲਾ ਕੋਰਡੀਨੇਟਰ ਸ਼੍ਰੀ ਅਰਵਿੰਦ ਕੁਮਾਰ ਦੀ ਅਗੁਵਾਈ ਹੇਠ ਹੋਈ। ਇਸ ਮੀਟਿੰਗ ਵਿੱਚ ਹਿੰਦੂ ਵੈਲਫੇਅਰ ਬੋਰਡ ਦੇ ਚੇਅਰਮੈਨ ਮਹੰਤ ਸ਼੍ਰੀ ਰਵੀ ਕਾਂਤ ਮੁਨੀ ਵੀ ਵਿਸ਼ੇਸ਼ ਤੋਰ ਤੇ ਸ਼ਾਮਿਲ ਹੋਏ। ਇਸ ਮੀਟਿੰਗ ਵਿੱਚ ਪੰਜਾਬ ਵਿੱਚ ਅਣਪਛਾਤੇ ਪਰਵਾਸੀ ਮੁਸਲਮਾਨਾਂ ਦੀ ਵੱਧ ਰਹੀ ਗਿਣਤੀ ਬਾਰੇ ਚਿੰਤਾ ਜਤਾਈ ਗਈ। ਮੀਟਿੰਗ ਵਿੱਚ ਸ਼੍ਰੀ ਅਰਵਿੰਦ ਕੁਮਾਰ ਨੇ ਕਿਹਾ ਕਿ ਪੰਜਾਬ ਦੇ ਲਗਭਗ ਹਰ ਇਲਾਕੇ ਵਿੱਚ ਬਾਹਰ ਤੋਂ ਆਏ ਅਣਪਛਾਤੇ ਮੁਸਲਮਾਨਾਂ ਦੀ ਅਚਾਨਕ ਗਿਣਤੀ ਬਹੁਤ ਵੱਧ ਰਹੀ ਹੈ। ਇਹ ਲੋਕ ਲੋਕਲ ਹਿੰਦੂ ਸਿੱਖ ਅਬਾਦੀਆਂ ਦੇ ਅੰਦਰ ਮਸਜਿਦਾਂ ਅਤੇ ਮਦਰਸਿਆਂ ਦੇ ਨਿਰਮਾਣ ਕਰ ਰਹੇ ਹਨ। ਜਿਹਨਾਂ ਵਿੱਚ ਹਰ ਸ਼ੁਕਰਵਾਰ ਬਹੁਤ ਵੱਡੀ ਗਿਣਤੀ ਵਿੱਚ ਅਣਪਛਾਤੇ ਲੋਕਾਂ ਦੀ ਭੀੜ ਇਕੱਠਾ ਹੋ ਰਹੀ ਹੈ। ਇਹਨਾਂ ਵਿੱਚ ਕਈ ਲੋਕ ਭੀੜ ਵਿੱਚ ਲੋਕਲ ਮਹਿਲਾਵਾਂ ਨਾਲ ਛੇੜਛਾੜ ਕਰਦੇ ਹਨ। ਬਦਮਸ਼ੀਆ ਕਰਦੇ ਹਨ ਅਤੇ ਸਥਾਨਕ ਲੋਕਾਂ ਵਿੱਚ ਡਰ ਅਤੇ ਭੈ ਦਾ ਵਾਤਾਵਰਨ ਬਣਾਉਂਦੇ ਹਨ। ਇਲਾਕੇ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਪੈਦਾ ਕਰਦੇ ਹਨ ਜਿਸ ਬਾਰੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਤੋਂ ਸੂਚਨਾਵਾਂ ਪ੍ਰਾਪਤ ਹੋ ਰਹੀਆਂ ਹਨ। ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹਨਾਂ ਲੋਕਾਂ ਦੀ ਨਾ ਤਾਂ ਕੋਈ ਪਹਿਚਾਣ ਹੈ ਅਤੇ ਨਾ ਹੀ ਕਦੇ ਕੋਈ ਵੈਰੀਫਿਕੇਸ਼ਨ ਹੋਈ ਹੈ ਕਿ ਇਹ ਲੋਕ ਕੌਣ ਹਨ ਕਿਥੋਂ ਅਤੇ ਕਿਸ ਮੰਤਵ ਲਈ ਪੰਜਾਬ ਅਏ ਹਨ। ਇਹਨਾਂ ਦੀ ਇਹ ਵੈਰੀਫਿਕੇਸ਼ਨ ਕਰਨਾ ਵੀ ਅਤਿ ਜ਼ਰੂਰੀ ਹੈ ਕਿ ਇਹ ਲੋਕ ਭਾਰਤੀ ਨਾਗਰਿਕ ਹੈ ਵੀ ਜਾਂ ਫੇਰ ਇਹ ਵਿਦੇਸ਼ੀ ਘੁਸਪੈਠੀਏ ਹਨ। ਪਰਵਾਸੀਆਂ ਦੀ ਵੈਰੀਫਿਕੇਸ਼ਨ ਲਈ ਪਹਿਲਾਂ ਵੀ ਡੀਜੀਪੀ ਪੰਜਾਬ ਵਲੋਂ ਸਮੇ ਸਮੇ ਤੇ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਭੋਲੇ ਹਨ ਅਤੇ ਕਿਸੇ ਤੇ ਵੀ ਵਿਸ਼ਵਾਸ ਕਰ ਲੈਂਦੇ ਹਨ। ਪੰਜਾਬ ਖਾਸ ਕਰ ਹਿੰਦੂ ਕਮਿਊਨਿਟੀ ਦੇ ਲੋਕ ਇਹਨਾਂ ਭੈੜੇ ਅਨਸਰਾਂ ਦੇ ਨਿਸ਼ਾਨੇ ਤੇ ਹੁੰਦੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਨਵਰਤਰਿਆਂ ਤੋਂ ਹਿੰਦੂ ਤਿਉਹਾਰ ਸ਼ੁਰੂ ਹੋ ਰਹੇ ਹਨ। ਲੋਕਲ ਲੋਕਾਂ ਨੂੰ ਇਹਨਾਂ ਭੈੜੇ ਅਨਸਰਾਂ ਤੋਂ ਸੁਰੱਖਿਅਤ ਰੱਖਣ ਲਈ ਪੰਜਾਬੀ ਹਿੰਦੂ ਗਰੁੱਪ ਦੇ ਚੇਅਰਮੈਨ ਮਹੰਤ ਸ਼੍ਰੀ ਰਵੀ ਕਾਂਤ ਮੁਨੀ ਜੀ ਦੇ ਨਿਰਦੇਸ਼ਾਂ ਮੁਤਾਬਿਕ ਪੰਜਾਬ ਦੇ ਕੁੱਲ 398 ਪੁਲਿਸ ਥਾਣਿਆ ਵਿੱਚ

ਅਨਆਈਡਨਟੀਫ਼ਾਈ ਪੀਪਲ ਵੈਰੀਫਿਕੇਸ਼ਨ ਡਰਾਈਵ÷ ਸ਼ੁਰੂ ਕਰਵਾਉਣ ਲਈ ਹਰ ਥਾਣੇ ਦੇ SHO ਨੂੰ ਡੀਜੀਪੀ ਪੰਜਾਬ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਦੀ ਕੰਪਲਾਇੰਸ ਲਈ ਰਿਪਰੇਸੇਂਟਸ਼ਨ ਦਿੱਤੇ ਜਾਣਗੇ। ਜੋਕਿ ਪੂਰੇ ਪੰਜਾਬ ਵਿੱਚ ਵਿਜੇ ਮੁਹੂਰਤ ਵਿੱਚ ਦਿੱਤੇ ਜਾਣੇ ਹਨ। ਮੁਹੂਰਤ ਦਾ ਸਮਾਂ ਅਤੇ ਤਾਰੀਖ ਦੀ ਜਾਣਕਾਰੀ ਜਲਦੀ ਹੀ ਸਾਂਝੀ ਕੀਤੀ ਜਾਵੇਗੀ। ਇਸ ਮੌਕੇ ਸ਼੍ਰੀ ਸੁਰਿੰਦਰ ਵਰਮਾ, ਚੇਤਨ ਦੇਵ, ਕਰਨ ਵਰਮਾ, ਬਿੱਟੂ, ਰਾਮ ਕੁਮਾਰ, ਰਾਜਪਾਲ ਆਦਿ ਵੀ ਮੌਜੂਦ ਰਹੇ।

# ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਕੌਂਸਲ ਦੀ ਪ੍ਰਾਪਰਟੀ ਸਾਖਾ ਅੱਜ ਤੇ ਕੱਲ ਖੁੱਲ੍ਹੀ ਰਹੇਗੀ: ਸੁਖਦੇਵ ਸਿੰਘ

**ਖਰੜ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਬਿਨਾਂ ਜੁਰਮਾਨੇ ਅਤੇ ਵਿਆਜ਼ ਤੋਂ ਜਮ੍ਹਾਂ ਕਰਵਾਉਣ ਲਈ ਓ.ਟੀ.ਐਸ.ਸਕੀਮ ਤਹਿਤ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਨਗਰ ਕੌਂਸਲ ਖਰੜ ਦੀ ਹਦੂੰਦ ਅੰਦਰ ਪੈਂਦੇ ਖੇਤਰ ਦੇ ਵਸਨੀਕਾਂ ਦੀ ਸਹੂਲਤਾਂ ਲਈ 30,31 ਅਗਸਤ , ਦਿਨ ਸ਼ਨੀਚਰਵਾਰ ਤੇ ਐਤਵਾਰ ਨਨਗਰ ਕੌਂਸਲ ਖਰੜ ਦੀ ਪ੍ਰਾਪਰਟੀ ਸਾਖਾ ਸਵੇਰੇ 9 ਤੋਂ 4 ਜੇ ਤੱਕ ਖੁੱਲੀ ਰਹੇਗੀ।

ਨਗਰ ਕੌਂਸਲ ਖਰੜ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਨੇ ਦਸਿਆ ਕਿ ਸਾਖਾਂ ਵਿਚ ਕਰਮਚਾਰੀਆਂ ਦੀਆਂ ਪਹਿਲਾਂ ਹੀ ਡਿਊਟੀਆਂ ਲਗਾਈਆ ਹੋਈਆਂਹਨ।

ਉਨ੍ਹਾਂ ਦਸਿਆ ਕ ਪੰਜਾਬ ਸਰਕਾਰ ਦੀ ਓ.ਟੀ.ਐਸ.ਸਕੀਮ ਤਹਿਤ ਪ੍ਰਾਪਰਟੀ ਦੇ ਮਾਲਕ ਇਨ੍ਹਾਂ ਦੋਵੇ ਦਿਨਾਂ ਵਿਚ ਬਿਨਾਂ ਵਿਆਜ ਅਤੇ ਜੁਰਮਾਨੇ ਤੋਂ ਆਪਣਾ ਬਣਦਾ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਗਰ ਕੌਸਲ ਖਰੜ ਦੇ ਦਫਤਰ ਵਿਚ ਸਮੇਂ ਸਿਰ ਪੁੱਜ ਕੇ ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਕਿਉਂਕਿ ਸਰਕਾਰ ਦੀ ਬਿਨਾਂ ਵਿਆਜ਼ ਅਤੇ ਜੁਰਮਾਨਾ ਜਮ੍ਹਾਂ ਕਰਵਾਉਣ ਲਈ ਐਤਵਾਰ ਤੱਕ ਦਾ ਸਮਾਂ ਹੈ।

# ਸੀਨੀਅਰ ਆਈ ਏ ਐਸ ਅਧਿਕਾਰੀ ਮੁਹੰਮਦ ਤਾਇਬ ਅਤੇ ਡੀ.ਸੀ ਡਾ. ਪ੍ਰੀਤੀ ਯਾਦਵ ਵੱਲੋਂ ਸਰਾਲਾ ਹੈਡ ਤੇ ਮਾੜੂ ਵਿਖੇ ਘੱਗਰ 'ਚ ਪਾਣੀ ਦੇ ਵਹਾਅ ਦਾ ਜਾਇਜ਼ਾ

➢ ਲੋਕ ਸਾਵਧਾਨ ਰਹਿਕੇ ਅ.ਫਵਾਹਾਂ ਤੋਂ ਬਚਣ ਅਤੇ ਵਗਦੇ ਪਾਣੀ ਨੇੜੇ ਨਾ ਜਾਣ ਸਮੇਤ ਬੱਚਿਆਂ ਤੇ ਮਵੇਸ਼ੀਆਂ ਨੂੰ ਵੀ ਪਾਣੀ ਤੋਂ ਦੂਰ ਰੱਖਣ: ਡਾ. ਪ੍ਰੀਤੀ ਯਾਦਵ ➢ਘੱਗਰ ਦੇ ਕੈਚਮੈਂਟ ਖੇਤਰ 'ਚ ਪਾਣੀ ਘਟਿਆ, ਪਟਿਆਲਾ ਜਿਲ੍ਹੇ 'ਚ ਪਾਣੀ ਆਉਣ ਤੋਂ ਬਚਾਅ



**ਪਟਿਆਲਾ, 2 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਪਟਿਆਲਾ ਜ਼ਿਲ੍ਹੇ ਦੀ ਨਿਗਰਾਨੀ ਲਈ ਤਾਇਨਾਤ ਕੀਤੇ ਸੀਨੀਅਰ ਆਈ ਏ ਐਸ ਅਧਿਕਾਰੀ ਮੁਹੰਮਦ ਤਾਇਬ ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਬਾਅਦ ਦੁਪਹਿਰ ਘਨੌਰ ਨੇੜੇ ਸਰਾਲਾ ਹੈਡ ਅਤੇ ਮਾੜੂ ਵਿਖੇ ਘੱਗਰ ਦਰਿ ?ਆ ਦਾ ਦੌਰਾ ਕਰਕੇ ਪਾਣੀ ਦੇ ਵਹਾਅ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਇਸ ਮੌਕੇ ਘੱਗਰ ਦੇ ਕਮਜ਼ੋਰ ਕਿਨਾਰਿਆਂ 'ਤੇ ਡਰੇਨੇਜ ਵਿਭਾਗ ਵੱਲੋਂ ਕੀਤੇ ਜਾ ਰਹੇ ਕਾਰਜਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਰਾਜਪੁਰਾ ਦੇ ਐਸ.ਡੀ.ਐਮ ਅਵਿਕੇਸ਼ ਗੁਪਤਾ ਅਤੇ ਡਰੇਨੇਜ ਵਿਭਾਗ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਘਈ ਵੀ ਮੌਜੂਦ ਸਨ।

ਦੋਵਾਂ ਅਧਿਕਾਰੀਆਂ ਨੇ ਸਰਾਲਾ ਹੈਡ ਵਿਖੇ ਇਲਾਕੇ ਦੇ ਪਤਵੰਤਿਆਂ ਨਾਲ ਮੁਲਾਕਾਤ ਕਰਕੇ ਸਥਿਤੀ ਦਾ ਜਾਇਜ਼ਾ ਲਿਆ ਅਤੇ ਭਰੋਸਾ ਦਿੱਤਾ ਕਿ ਸਰਕਾਰ ਵੱਲੋਂ ਹੜ੍ਹਾਂ ਤੋਂ ਬਚਾਅ ਲਈ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ ਜਿਸ ਲਈ ਘਬਰਾਉਣ ਦੀ ਕੋਈ ਲੋੜ ਨਹੀਂ। ਉਨ੍ਹਾਂ ਮਾੜੂ ਵਿਖੇ ਘੱਗਰ ਦੇ ਕਿਨਾਰੇ 'ਤੇ ਨਿਗਰਾਨੀ ਰੱਖਣ ਬਾਰੇ ਦੱਸਦਿਆਂ ਕਿਹਾ ਕਿ ਸਾਫ ਮੌਸਮ ਦੌਰਾਨ ਇਸ ਜਗ੍ਹਾ 'ਤੇ ਪੱਥਰ ਲਗਾ ਕੇ ਪੱਕਾ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਵੇਲੇ ਘੱਗਰ ਦਰਿਆ 'ਚ ਭਾਂਖਰਪੁਰ ਵਿਖੇ 5 ਫੁੱਟ ਗੇਜ 'ਤੇ ਅਤੇ ਸਰਾਲਾ ਹੈਡ 'ਤੇ 11 ਫੁੱਟ ਗੇਜ 'ਤੇ ਪਾਣੀ ਵਹਿ ਰਿਹਾ ਹੈ। ਇਹ ਪਾਣੀ ਦੇਰ ਰਾਤ ਤੱਕ ਕੁਝ ਵਧੇਗਾ ਪਰ ਫੇਰ ਘਟਣਾ ਸ਼ੁਰੂ ਹੋ ਜਾਵੇਗਾ ਕਿਉਂਕਿ ਘੱਗਰ ਦੇ ਕੈਚਮੈਂਟ ਖੇਤਰ ਵਿੱਚ ਪਾਣੀ ਦਾ ਪੱਧਰ ਘੱਟ ਗਿਆ ਹੈ ਜਿਸ ਕਾਰਨ ਪਟਿਆਲਾ ਜ਼ਿਲ੍ਹੇ ਵਿੱਚ ਫਿਲਹਾਲ ਪਾਣੀ ਵੱਧਣ ਦਾ ਖ਼ਦਸ਼ਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਮੌਸਮ ਸਮੇਤ ਪਾਣੀ ਦੇ ਵਹਾਅ 'ਤੇ ਨਿਰੰਤਰ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਸਥਿਤੀ ਨਿਯੰਤਰਣ ਅਧੀਨ ਹੈ।

ਉਨ੍ਹਾਂ ਕਿਹਾ ਕਿ ਟਾਂਗਰੀ ਅਤੇ ਮਾਰਕੰਡਾ ਨਦੀ 'ਚ ਬੇਸ਼ੱਕ ਵੱਧ ਪਾਣੀ ਵਹਿ ਰਿਹਾ ਹੈ ਪਰ ਖਤਰੇ ਦੀ ਕੋਈ ਗੱਲ ਨਹੀਂ ਫਿਰ ਵੀ ਡਰੇਨੇਜ ਵਿਭਾਗ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪਟਿਆਲਾ ਦੀ ਵੱਡੀ ਨਦੀ ਵਿੱਚ

ਫਿਲਹਾਲ ਕਿਸੇ ਵੀ ਤਰ੍ਹਾਂ ਦਾ ਕੋਈ ਖਤਰਾ ਨਹੀਂ ਹੈ। ਨਦੀ ਦਾ ਪਾਣੀ ਲੈਵਲ ਬਿਲਕੁਲ ਨਿਯੰਤਰਿਤ ਹੈ ਅਤੇ ਕੋਈ ਵੀ ਚਿੰਤਾ ਵਾਲੀ ਸਥਿਤੀ ਨਹੀਂ ਹੈ। ਪਟਿਆਲਾ ਵਾਸੀਆਂ ਨੂੰ ਬੇਨਤੀ ਹੈ ਕਿ ਅਫ਼ਵਾਵਾਂ 'ਤੇ ਧਿਆਨ ਨਾ ਦੇਣ ਅਤੇ ਸ਼ਾਂਤ ਰਹਿਣ। ਇਸ ਦੌਰਾਨ ਸਥਾਨਕ ਵਸਨੀਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਨਿਪਟਾਰੇ ਲਈ ਹਰ ਵੇਲੇ ਤਤਪਰ ਹੈ। ਇਸ ਤੋਂ ਇਲਾਵਾ ਜ਼ਿਲ੍ਹੇ ਦੀਆਂ ਸਾਰੀਆਂ ਨਦੀਆਂ 'ਚ ਪਾਣੀ ਦੇ ਵਹਿਣ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ ਜਿਸ ਲਈ ਲੋਕਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਕਿਸੇ ਕਿਸਮ ਦੀਆਂ ਅਫ਼ਵਾਹਾਂ 'ਤੇ ਯਕੀਨ ਕਰਨਾ ਚਾਹੀਦਾ ਹੈ।

# ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਗੱਜਣਮਾਜਰਾ ਨੇ ਡੇਰਾ ਬਾਬਾ ਨਾਨਕ ਦੇ ਹੜ੍ਹ ਪੀੜਤ ਪਰਿਵਾਰਾਂ ਦੇ ਪਸ਼ੂਆਂ ਲਈ ਫੀਡ ਦੇ ਟਰੱਕ ਭੇਜੇ




**ਮਲੇਰਕੋਟਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਅਮਰਗੜ੍ਹ ਦੇ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਹੜ੍ਹ ਪੀੜਤ ਪਰਿਵਾਰਾਂ ਦੇ ਪਸ਼ੂਆਂ ਲਈ ਤਾਰਾ ਹੈਲਥ ਫੂਡ ਵੱਲੋਂ ਤਿਆਰ ਕੀਤਾ ਫੀਡ ਸਮੱਗਰੀ ਦਾ ਟਰੱਕ ਡੇਰਾ ਬਾਬਾ ਨਾਨਕ ਇਲਾਕੇ ਲਈ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਹੜ੍ਹਾਂ ਦੀ ਵੱਡੀ ਮਾਰ ਨਾਲ ਜੂਝ ਰਿਹਾ ਹੈ ਅਤੇ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਬਚਾਉਣ ਅਤੇ ਰਾਹਤ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈਵਿਧਾਇਕ ਗੱਜਣਮਾਜਰਾ ਨੇ ਕਿਹਾ ਕਿ ਪੰਜਾਬ ਦੇ ਸਰਹੱਦੀ ਇਲਾਕਿਆਂ ਵਿੱਚ ਹੜ੍ਹਾਂ ਕਾਰਨ ਮਨੁੱਖ, ਪਸ਼ੂ, ਫਸਲਾਂ ਅਤੇ ਵਨਸਪਤੀ ਦਾ ਵੱਡਾ ਨੁਕਸਾਨ ਹੋਇਆ ਹੈ। ਇਸ ਸਮੇਂ ਹਰ ਜ਼ਿੰਮੇਵਾਰ ਨਾਗਰਿਕ ਦਾ ਫਰਜ ਬਣਦਾ ਹੈ ਕਿ ਉਹ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਅੱਗੇ ਆਏ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਰਾਹਤ ਸਮੱਗਰੀ ਰੂਪ ਵਿੱਚ ਰਾਸ਼ਨ, ਪੀਣ ਵਾਲਾ ਪਾਣੀ, ਦਵਾਈਆਂ, ਦਾਲਾਂ, ਆਟੇ ਦੀਆਂ ਬੋਰੀਆਂ ਅਤੇ ਪਸ਼ੂਆਂ ਲਈ ਚਾਰਾ ਖੁੱਲ੍ਹੇ ਦਿਲ ਨਾਲ ਦਾਨ ਕਰਕੇ ਲੋੜਵੰਦਾਂ ਤੱਕ ਪਹੁੰਚਾਇਆ ਜਾਵੇ।

ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕਾਂ ਨੇ ਹੜ੍ਹ ਰਾਹਤ ਕਾਰਜਾਂ ਲਈ ਆਪਣੀ ਇੱਕ ਮਹੀਨੇ ਦੀ ਤਨਖਾਹ ਦੇਣ ਦਾ ਫੈਸਲਾ ਕੀਤਾ ਹੈ, ਜੋ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਪੁਨਰਵਾਸ ਕਾਰਜਾਂ ਲਈ ਵਰਤੀ ਜਾਵੇਗੀ। ਵਿਧਾਇਕ ਨੇ ਕਿਹਾ ਕਿ ਤਾਰਾ ਹੈਲਥ ਫੂਡ ਵੱਲੋਂ ਡੇਰਾ ਬਾਬਾ ਨਾਨਕ ਲਈ ਭੇਜੇ ਜਾ ਰਹੇ ਇਸ ਫੀਡ ਟਰੱਕ ਤੋਂ ਇਲਾਵਾ ਅਗਲੇ ਦਿਨਾਂ ਵਿੱਚ ਹੋਰ ਵੀ ਰਾਹਤ ਸਮੱਗਰੀ ਭੇਜੀ ਜਾਵੇਗੀ, ਤਾਂ ਜੋ ਪੀੜਤ ਪਰਿਵਾਰਾਂ ਦੇ ਨਾਲ-ਨਾਲ ਉਨ੍ਹਾਂ ਦੇ ਪਸ਼ੂਆਂ ਦੀ ਸੰਭਾਲ ਹੋ ਸਕੇ।

ਇਸ ਮੌਕੇ ਐਮ.ਡੀ. ਤਾਰਾ ਹੈਲਥ ਫੂਡ ਕੁਲਵੰਤ ਸਿੰਘ ਗੱਜਣਮਾਜਰਾ, ਜ਼ਿਲ੍ਹਾ ਪ੍ਰਧਾਨ ਕਮ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਸਾਕਿਬ ਅਲੀ ਰਾਜਾ, ਪ੍ਰਧਾਨ ਨਗਰ ਕੌਂਸਲ ਅਹਿਮਦਗੜ੍ਹ ਵਿੱਕੀ ਸ਼ਰਮਾ, ਮੈਂਬਰ ਜ਼ਿਲ੍ਹਾ ਯੋਜਨਾ ਬੋਰਡ ਕਮ ਜ਼ਿਲ੍ਹਾ ਮੀਡੀਆ ਇੰਚਾਰਜ ਹਰਪ੍ਰੀਤ ਸਿੰਘ ਰੂਪਰਾਏ, ਪੀ.ਏ. ਅਭੀਜੋਤ ਸਿੰਘ ਨਾਗਰਾ, ਸੀਨੀਅਰ ਆਗੂ ਮੋਹਨਜੀਤ ਸਿੰਘ ਕੁੱਪ ਕਲਾਂ, ਚੌਧਰੀ ਨਿਸਾਰ ਮੁਹੰਮਦ, ਮਾਸਟਰ ਗੁਰਪ੍ਰੀਤ ਸਿੰਘ ਜਵੰਧਾ, ਫਰਦੀਪ ਸਿੰਘ, ਸਰਪੰਚ ਨਾਰੀਕੇ ਨਰੇਸ਼ ਕੁਮਾਰ, ਸਤਵਿੰਦਰ ਸਿੰਘ, ਕਰਮਜੀਤ ਸਿੰਘ ਭੋਗੀਵਾਲ, ਗੁਰਤੇਜ ਸਿੰਘ ਆਦਿ ਹਾਜ਼ਰ ਸਨ।

## ਮਿੰਨੀ ਕਹਾਣੀਆਂ



### ਟਿਊਸ਼ਨ

• ਇਕਵਾਕ ਸਿੰਘ ਪੱਟੀ

ਉਜਾਗਰ ਸਿੰਘ ਸੱਥ ਵਿਚ ਬੈਠੇ ਬੰਦਿਆਂ ਨੂੰ ਦੱਸਣ ਲੱਗਾ ਕਿ ਜਦ ਉਹ ਆਪਣੇ ਪੋਤੇ ਨੂੰ ਸਕੂਲ ਦਾਖਲ ਕਰਵਾਉਣ ਗਿਆ ਤਾਂ ਹਰ ਚੀਜ਼ ਸਕੂਲ ਤੋਂ ਲੈਣੀ ਪਈ ਜਿਵੇਂ ਕਾਪੀਆਂ, ਪੈਂਸਿਲਾਂ, ਪੈੱਨ, ਫੁੱਟਾ, ਰਬੜ-ਸ਼ਾਪਨਰ, ਜੁਮੈਟਰੀ, ਕਿਤਾਬਾਂ, ਬੈਗ, ਕਾਪੀਆਂ ਦੇ ਕਵਰ, ਬੂਟ-ਜੁਰਾਬਾਂ, ਪੈਂਟ-ਕਮੀਜ਼, ਟਾਈ-ਬੈਲਟ, ਬੈਚ, ਰੁਮਾਲ ਅਤੇ ਹੋਰ ਬਹੁਤ ਨਿੱਕ-ਸੁੱਕ ਦੇ ਨਾਲ ਮੋਟੀ ਫ਼ੀਸ। ਹਰ ਚੀਜ਼ ਤੇ ਸਕੂਲ ਦਾ ਨਾਂ ਛਪਿਆ ਹੋਇਆ ਸੀ।

ਇਹ ਸੁਣ ਗੁਰਬਚਨ ਸਿੰਘ ਕਹਿਣ ਲੱਗਾ, ਚੱਲ ਰੱਬ ਨੇ ਦਿੱਤਾ ਹੈ ਤਾਂ ਬੱਚਿਆਂ ਤੇ ਹੀ ਖਰਚ ਕਰਨਾ ਆਪਾਂ, ਨਾਲੇ ਮਹਿੰਗੇ ਤੇ ਵਧੀਆ ਸਕੂਲ ਵਿੱਚ ਪੜ੍ਹਾਈ ਵਧੀਆ ਕਰ ਲਊਗਾ ਜੁਆਕ। ਪੜ੍ਹਾਈ ਵਾਲੀ ਗੱਲ ਸੁਣਦਿਆਂ ਵਿੱਚੋਂ ਹੀ ਟੋਕ ਕੇ ਉਜਾਗਰ ਸਿੰਘ ਕਹਿਣ ਲੱਗਾ, ਪੜ੍ਹਾਈ ਲਈ ਤਾਂ ਟਿਊਸ਼ਨ ਰਖਵਾਈ ਆ ਬਾਹਰ। ਸਕੂਲਾਂ ਵਿਚ ਤਾਂ ਬੱਸ ਹੁਣ ਕਾਰੋਬਾਰ ਹੀ ਹੁੰਦਾ ਪੜ੍ਹਾਉਣ-ਲਿਖਾਉਣ ਦੇ ਕੰਮ ਦਾ ਤਾਂ ਬੱਸ ਰੱਬ ਹੀ ਰਾਖਾ...! •



### ਸ਼ਰਾਧ

ਅੱਜ ਪ੍ਰਸ਼ਿਨੀ ਨੇ ਅਪਣੇ ਸਹੁਰੇ ਦੇ ਪਿਤਾ ਦਾ ਸ਼ਰਾਧ ਪਾਉਣਾ ਹੈ। ਉਹ ਪੂਰੀ ਤਿਆਰੀ ਕਰ ਕੇ ਪੰਡਿਤ ਦੇ ਆਉਣ ਦੀ ਉਡੀਕ ਵਿਚ ਹੈ ਪਰ ਬਾਹਮਣ ਨੇ ਪਹਿਲਾਂ ਹੋਰ ਕਈ ਘਰਾਂ ਦੇ ਸ਼ਰਾਧ ਖਾਣ ਜਾਣਾ ਹੈ, ਜਿਸ ਕਰਕੇ ਕਾਫ਼ੀ ਦੇਰ ਹੋ ਗਈ। ਘਰ ਦੇ ਛੋਟੇ-ਛੋਟੇ ਬੱਚੇ ਦੇਰ ਕਾਰਨ ਭੁੱਖ ਨਾਲ ਵਿਲਕ ਦੇ ਦਾਦੇ ਤੋਂ ਦੇਖੇ ਨਾ ਗਏ।

ਮਨ ਵਿਚ ਸੋਚਦਾ ਹੋਇਆ ਆਪਣੀ ਨਹੂੰ ਨੂੰ ਬੋਲਿਆ, 'ਬਹੂ ਰਾਣੀ, ਇਨ੍ਹਾਂ ਬੱਚਿਆਂ ਨੂੰ ਭੁੱਖਾ ਕਿਉਂ ਮਾਰਿਆ ਹੈ। ਦੇਖ ਤਾਂ ਭਾਈ ਇਨ੍ਹਾਂ ਦਾ ਕਿੰਨਾਂ ਬੁਰਾ ਹਾਲ ਹੋਇਆ ਪਿਆ ਹੈ...।' ਅਪਣੀ ਬਹੂ (ਨੂੰਹ ਰਾਣੀ) ਨੂੰ ਤਾਕੀਦ ਕਰਦਾ ਸਹੁਰਾ ਬੋਲਿਆ, 'ਲਿਆ ਭਾਈ ਇਨ੍ਹਾਂ ਬੱਚਿਆਂ ਨੂੰ ਖਾਣ ਨੂੰ ਦੇ, ਜੋ ਕੁਝ ਮੇਰੇ ਪਿਤਾ ਦੇ ਸ਼ਰਾਧ ਲਈ ਤਿਆਰ ਕੀਤਾ ਹੈ। ਭੁੱਖ ਨਾਲ ਵਿਲਕਦੇ ਬੱਚਿਆਂ ਨੂੰ ਭੋਜਨ ਸਮੇਂ ਸਿਰ ਖਵਾ ਦੇਣਾ ਹੀ ਸ਼ਰਾਧ ਖਵਾਉਣ ਤੋਂ ਵੀ ਮਹਾਨ ਤੇ ਸ਼ੁਭ ਕੰਮ ਹੈ।' ਦਾਦਾ ਬੱਚਿਆਂ ਨੂੰ ਰੋਟੀ (ਸ਼ਰਾਧ) ਖਾਂਦਿਆਂ ਵੇਖ ਕੇ ਬਹੁਤ ਹੀ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ ਤੇ ਸੋਚ ਰਿਹਾ ਸੀ 'ਅਸਲ ਸ਼ਰਾਧ ਤਾਂ ਮੈਂ ਅੱਜ ਪਾਇਆ ਹੈ'।

• ਰਣਜੀਤ ਆਜ਼ਾਦ ਕਾਂਝਲਾ

# ਉਸਤਾਦ ਗ਼ਜ਼ਲਗੋ ਗੁਰਦੀਪ ਭਾਟੀਆ 'ਦੀਪ'



ਅਮਰਜੀਤ ਸਿੰਘ ਸੰਧੂ
ਮੋਬਾਈਲ : 94636-13528

*ਗੁਰਦੀਪ ਨੇ ਮਲੇਰਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਸਾਧੂ ਸਿੰਘ ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ, ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ...*

ਗੁਰਦੀਪ ਭਾਟੀਆ ਨੂੰ ਮੈਂ ਉਸ ਦੀ ਅੱਲ੍ਹੜ ਉਮਰ ਤੋਂ ਜਾਣਦਾ ਹਾਂ। ਉਦੋਂ ਉਹ ਆਪਣੀ ਗੋਤ 'ਭਾਟੀਆ' ਨੂੰ ਹੀ ਤਖ਼ੱਲਸ ਦੇ ਤੌਰ 'ਤੇ ਵਰਤਿਆ ਕਰਦਾ ਸੀ। 'ਦੀਪ' ਉਪਨਾਮ ਤਾਂ ਉਸ ਨੂੰ ਡਾ. ਸਾਧੂ ਸਿੰਘ ਹਮਦਰਦ ਨੇ ਲਾਡ ਨਾਲ ਦਿੱਤਾ ਸੀ, ਜੋ ਭਾਟੀਆ ਨੇ ਤਗਮੇ ਵਾਂਗ ਆਪਣੇ ਦਿਲ 'ਤੇ ਅਤੇ ਕਲਗੀ ਵਾਂਗ ਆਪਣੀ ਦਸਤਾਰ 'ਤੇ ਸਜਾ ਲਿਆ। ਹਮਦਰਦ 'ਦੀਪ' ਨੂੰ ਆਪਣੇ ਪੁੱਤਰਾਂ ਸਮਾਨ ਹੀ ਸਮਝਿਆ ਕਰਦਾ ਸੀ। ਮੈਨੂੰ ਯਾਦ ਹੈ ਜਦ ਦੀਪ ਨੇ ਮਲੇਰ ਕੋਟਲੇ ਇਕ ਵੱਡਾ ਸਾਹਿਤਕ ਸਮਾਗਮ ਰੱਖ ਲਿਆ, ਜਿਸ ਦੀ ਪ੍ਰਧਾਨਗੀ ਡਾ. ਹਮਦਰਦ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਪ੍ਰਕਾਸ਼ ਕੌਰ ਨੇ ਕਰਨੀ ਸੀ। ਸਾਰੇ ਮਲੇਰ ਕੋਟਲੇ ਦੇ ਸਾਹਿਤਕ ਹਲਕਿਆਂ ਵਿਚ ਦੀਪ ਦਾ ਮੌਜੂ ਉਡਾਇਆ ਗਿਆ ਕਿ ਇਕ 'ਫੇਰੀ ਲਾਉਣ ਵਾਲੇ' ਦੇ ਸਮਾਗਮ ਵਿਚ ਹਮਦਰਦ ਨਾ ਆਇਆ। ਪਰ ਸਦਕੇ ਜਾਈਏ ਦੀਪ ਦੇ ਸਿਦਕ ਦੇ ਤੇ ਹਮਦਰਦ ਦੀ ਵਾਅਦਾ ਨਿਭਾਉਣੀ ਫ਼ਿਤਰਤ ਦੇ ਕਿ ਪ੍ਰੋਗਰਾਮ ਸਾਢੇ ਨੌਂ ਵਜੇ ਸ਼ੁਰੂ ਹੋਣਾ ਸੀ ਤੇ ਹਮਦਰਦ ਹੁਰੀਂ ਸਾਢੇ ਅੱਠ ਵਜੇ ਹੀ ਆਪਣੇ ਲਾਓ-ਲਸ਼ਕਰ ਨਾਲ ਦੀਪ ਦਾ ਘਰ ਲੱਭਦੇ ਫਿਰ ਰਹੇ ਸਨ।

ਮੈਨੂੰ ਇਹ ਵੀ ਯਾਦ ਹੈ, ਜਦੋਂ ਅਸੀਂ ਪਹਿਲੀ ਵਾਰ 1975 ਵਿਚ 'ਅਰਸ਼ਦੀਪ' ਮਾਸਿਕ ਪੱਤਰ ਸ਼ੁਰੂ ਕੀਤਾ ਸੀ। ਪਰਚਾ ਸੰਪਾਦਤ ਕਰ ਦੇ ਸਮੇਂ ਕਈ ਵਾਰ ਸੰਪਾਦਕ ਦੀਆਂ ਮਜਬੂਰੀਆਂ ਗ਼ੈਰਤਮੰਦ ਲੇਖਕਾਂ ਦੀਆਂ ਭਾਵਨਾਵਾਂ ਨੂੰ ਚੋਟ ਪਹੁੰਚਾ ਜਾਂਦੀਆਂ ਹਨ। ਦੀਪ ਨਾਲ ਵੀ ਸਾਡੇ ਵੱਲੋਂ ਕੁਝ ਐਸਾ ਹੀ ਵਾਪਰ ਗਿਆ। ਮੈਂ ਵੇਖਿਆ ਹੈ, ਵੱਡੇ-ਵੱਡੇ ਲੇਖਕ ਵੀ ਸੰਪਾਦਕ ਦੀ ਵਧੀਕੀ ਨੂੰ ਮਾਂ ਦਾ ਦੁੱਧ ਸਮਝ ਕੇ ਪੀ ਜਾਂਦੇ ਹਨ ਪਰ ਦੀਪ ਨੇ ਐਸੀ ਅਣਖ ਭਰੀ ਚਿੱਠੀ ਲਿਖੀ ਜਿਸ ਨੇ ਮੈਨੂੰ ਸਦਾ ਵਾਸਤੇ ਉਸ ਦਾ ਮਦਾਹ ਬਣਾ ਦਿੱਤਾ ਤੇ ਅੱਜ ਤਕ ਮੈਂ ਉਸ ਦੇ ਅਣਖੀ ਸੁਭਾਅ ਦਾ ਕਾਇਲ ਹਾਂ। ਮੇਰੀ ਤੇ ਦੀਪ ਦੀ ਦੋਸਤੀ ਦਾ ਰਾਜ਼ ਵੀ ਸਾਡੀ ਅਣਖੀ-ਸਾਂਝ ਹੀ ਹੈ।

ਦੀਪ ਨੇ ਕਦੀ ਹਲਕੇ ਜਾਂ ਬੇ-ਵਜ਼ਨੇ ਸ਼ਿਅਰ ਕਹੇ ਹੋਣਗੇ, ਮੈਨੂੰ ਯਾਦ ਨਹੀਂ। ਉਹ ਸਦਾ ਬੁਲੰਦ ਪਰਵਾਜ਼ ਅਤੇ ਸਮ-ਤੋਲ ਵਜ਼ਨ ਲੈ ਕੇ ਹੀ ਪਾਠਕਾਂ/ਸਰੋਤਿਆਂ ਦੇ ਰੂਬਰੂ ਹੋਇਆ ਹੈ। ਇਸ ਪ੍ਰਾਪਤੀ ਵਿਚ ਉਸ ਦੇ ਮਾਣਯੋਗ ਉਸਤਾਦ ਜਨਾਬ ਸੁਦਰਸ਼ਨ ਕੰਵਲ, ਮਲੇਰ ਕੋਟਲੇ ਵਾਲੇ, ਦਾ ਹੱਦੋਂ ਵੱਧ ਯੋਗਦਾਨ ਹੈ। ਦੀਪ ਦੱਸਦਾ ਹੈ ਕਿ ਜਦ ਵੀ ਉਸ ਨੇ ਆਪਣੇ ਉਸਤਾਦ ਜੀ ਨੂੰ ਗ਼ਜ਼ਲ ਸੁਣਾਉਣੀ ਉਨ੍ਹਾਂ ਨੇ ਬੜੇ ਧਿਆਨ ਨਾਲ ਸੁਣਨੀ, ਪਰ ਨਾਲ ਹੀ ਕਹਿ ਦੇਣਾ 'ਇਸ ਨੂੰ ਪਾੜ ਦੇ, ਹੋਰ ਲਿਖ।' ਬੇਸ਼ਕ ਦੀਪ ਨੇ ਮਨ ਵਿਚ ਮਹਿਸੂਸ ਕਰਨਾ ਕਿ ਦੋਸਤਾਂ ਵੱਲੋਂ ਐਨੀ ਸਲਾਹੀ ਜਾਣ ਵਾਲੀ ਗ਼ਜ਼ਲ ਨੂੰ 'ਪਾੜ ਦੇਣ' ਵਾਸਤੇ ਕਿਉਂ ਕਿਹਾ ਜਾ ਰਿਹਾ ਹੈ, ਪਰ ਉਸ ਨੇ ਉਹ ਗ਼ਜ਼ਲ ਪਾੜ ਹੀ ਦੇਣੀ ਤੇ ਹੋਰ ਗ਼ਜ਼ਲ ਉਸ ਤੋਂ ਵੀ ਵੱਧ ਮਿਹਨਤ ਅਤੇ ਚੌਕਸੀ ਨਾਲ ਲਿਖਣੀ, ਭਾਵੇਂ ਅੰਜ਼ਾਮ ਉਸ ਦਾ ਵੀ ਉਹੋ ਹੀ ਹੋਣਾ। ਇਸ ਮੁਸੱਲਸਲ ਰਿਆਜ਼ ਦੀ ਕੁਠਾਲੀ ਨੇ ਦੀਪ ਦੀ ਗ਼ਜ਼ਲ ਨੂੰ ਕੁੰਦਨ ਬਣਾ ਕੇ ਹੀ ਗ਼ਜ਼ਲ-ਖੇਤਰ ਵਿਚ ਪ੍ਰਵੇਸ਼ ਕਰਵਾਇਆ। ਜਿਸ ਕਾਰਨ ਸ਼ੁਰੂ ਤੋਂ ਹੀ ਗ਼ਜ਼ਲਗੋਆਂ ਵਿਚ ਦੀਪ ਦਾ ਠੁੱਕ ਬੱਝ ਗਿਆ।

ਦੀਪ ਦੇ ਸ਼ਿਅਰ ਹਮੇਸ਼ਾ ਖ਼ਿਆਲ, ਵਜ਼ਨ ਅਤੇ ਵਿਆਕਰਨ ਪੱਖੋਂ ਸੰਪੂਰਨ ਹੁੰਦੇ ਹਨ। ਉਸ ਦੀ ਗ਼ਜ਼ਲ ਦਾ ਮੀਰੀ-ਗੁਣ ਸਪਸ਼ਟਤਾ ਤੇ ਸਾਦਗੀ ਹੈ। ਜਦੋਂ ਭਾਟੀਆ ਦਾ ਪਹਿਲਾ ਗ਼ਜ਼ਲ-ਸੰਗ੍ਰਹਿ 'ਸੁਲਗਦੇ ਅਹਿਸਾਸ' ਛਪ ਰਿਹਾ ਸੀ ਤਾਂ ਮੈਂ ਉਸ ਨੂੰ ਕਿਹਾ ਕਿ ਇਸ ਕਿਤਾਬ ਦੇ ਛਪ ਜਾਣ ਪਿੱਛੋਂ ਇਸ ਪਾਏ ਦੀ ਹੋਰ ਗ਼ਜ਼ਲ-ਪੁਸਤਕ ਪੰਜਾਬੀ ਸਾਹਿਤ ਵਿੱਚੋਂ ਲੱਭਣੀ ਮੁਸ਼ਕਿਲ ਹੋ ਜਾਵੇਗੀ। ਇਸ ਦਾ ਉਹ ਹਮੇਸ਼ਾਂ ਇਹੋ ਹੀ ਉੱਤਰ ਦਿੰਦਾ ਹੈ ਕਿ ਤੁਹਾਡੀ ਸੰਗਤ ਦਾ ਹੀ ਫਲ ਹੈ। ਪਿੱਛੇ ਜਿਹੇ ਇਕ ਬਹੁਤ ਹੀ ਪਿਆਰੇ ਵਿਦਵਾਨ ਦੋਸਤ ਨੇ ਦੀਪ ਨੂੰ ਕਿਹਾ ਕਿ ਕੁਝ ਲਫ਼ਜ਼ ਏਧਰ-ਓਧਰ ਕਰ ਲਿਆ ਕਰ, ਤੇਰੇ ਸ਼ਿਅਰ ਤਾਂ ਬਿਲਕੁਲ ਵਾਰਤਕ ਵਰਗੇ ਹੀ ਹੁੰਦੇ ਨੇ। ਜਦ ਦੀਪ ਨੇ ਇਹ ਗੱਲ ਮੈਨੂੰ ਦੱਸੀ ਤਾਂ ਮੇਰੇ ਮੂੰਹੋਂ ਇਕ ਦਮ ਨਿਕਲਿਆ-'ਬਸ ਬਸ ਬਸ, ਸਾਨੂੰ ਇਹੋ ਹੀ ਰੀਮਾਰਕਸ ਚਾਹੀਦੇ ਸਨ। ਇਹ ਤੁਹਾਡੇ ਸ਼ਿਅਰਾਂ ਲਈ ਸਨਦ ਹੋ ਗਈ ਭਾਟੀਆ! ਅਸਲ ਸ਼ਾਇਰੀ ਹੈ ਹੀ ਉਹੀ ਜੋ ਵਜ਼ਨ, ਬਹਿਰ, ਕਾਫ਼ੀਆ, ਰਦੀਫ਼ ਆਦਿ ਅਰੂਜ਼ ਤੇ ਪਿੰਗਲ ਦੀਆਂ ਸਾਰੀਆਂ ਬੰਧਸ਼ਾਂ ਵਿਚ ਪੂਰੀ ਉੱਤਰਦੀ ਹੋਈ ਵੀ ਵਾਰਤਕ ਵਰਗੀ ਸਰਲ ਤੇ ਵਿਆਕਰਨ ਪੱਖੋਂ ਬਿਲਕੁਲ ਵਾਰਤਕ ਜਿੰਨੀ ਹੀ ਸਹੀ ਹੋਵੇ। ਦੀਪ ਤੂੰ ਸ਼ਾਇਰੀ ਦੇ ਇਮਤਿਹਾਨ ਵਿੱਚੋਂ ਪਾਸ ਹੀ ਨਹੀਂ ਹੋਇਆ, ਸਗੋਂ ਮੈਂ ਸਮਝਦਾ ਹਾਂ ਕਿ 'ਗੋਲਡ-ਮੈਡਲਿਸਟ' ਹੋ ਗਿਆ।' ਮੇਰੇ ਇਸ ਕਥਨ ਦੀ ਪ੍ਰੋੜਤਾ ਲਈ ਕੁਝ ਸ਼ਿਅਰ ਵੰਨਗੀ ਦੇ ਤੌਰ ਤੇ ਵੇਖੋ :

*ਕਹੀਂ ਨਾ, ਚਾਰ ਅੱਖਰ ਹੀ ਲਿਖੇ ਨੇ।*
*ਮੁਹੱਬਤ ਹੈ ਤਾਂ ਏਨੇ ਹੀ ਬੜੇ ਨੇ।*

*ਝੂਠ ਨੂੰ ਝੂਠ ਕਿਹਾ, ਉਸ ਨੂੰ ਬੁਰਾ ਲਗਦਾ ਹੈ।*
*ਮੈਨੂੰ ਉਹ ਵਕਤ ਦੀ ਸਰਕਾਰ ਜਿਹਾ ਲਗਦਾ ਹੈ।*

*ਚੜ੍ਹਦੀ ਸਵੇਰ ਦੇ ਗਈ ਅਖ਼ਬਾਰ, ਦੇਖੀਏ!*
*ਕੀ ਕੀ ਹਨੇਰ ਪਾ ਰਿਹੈ ਸੰਸਾਰ, ਦੇਖੀਏ!*

ਇਨ੍ਹਾਂ ਸ਼ਿਅਰਾਂ ਦੇ ਖ਼ਿਆਲਾਂ ਨੂੰ ਜੇ ਵਾਰਤਕ ਵਿਚ ਵੀ ਲਿਖਣਾ ਹੋਵੇ ਤਾਂ ਆਪਾਂ ਇਸ ਵਿਚ ਕੀ ਤਬਦੀਲੀ ਕਰ ਸਕਾਂਗੇ? ਬਸ, ਇਹ ਗੁਣ ਸ਼ਾਇਰੀ ਦਾ ਸਿਖ਼ਰ ਹੈ, ਜੋ ਦੀਪ ਨੇ ਪ੍ਰਾਪਤ ਕਰ ਲਿਆ ਹੈ।

ਕਲਾ ਵਿਚ ਜਦੋਂ ਕੋਈ ਕਲਾਕਾਰ ਆਪਣੀ ਕਲਾ ਵਿਚ 'ਮਾਸਟਰੀ' ਹਾਸਿਲ ਕਰ ਲਵੇ ਤਾਂ ਉਸ ਨੂੰ 'ਉਸਤਾਦ' ਦਾ ਰੁਤਬਾ ਮਿਲ ਜਾਂਦਾ ਹੈ, ਚਾਹੇ ਉਸ ਦਾ ਕੋਈ ਹਕੀਕੀ ਸ਼ਾਗਿਰਦ ਨਾ ਵੀ ਹੋਵੇ। ਭਾਟੀਏ ਨੂੰ 'ਉਸਤਾਦੀ' ਦੀ ਸਨਦ ਤਾਂ ਕਦੋਂ ਦੀ ਮਿਲ ਚੁੱਕੀ ਹੈ ਪਰ ਹੁਣ ਉਸ ਦੇ ਆਪਣੇ ਕਈ ਸ਼ਾਗਿਰਦ ਵੀ ਹਨ ਜਿਨ੍ਹਾਂ ਨੂੰ ਉਹ ਸਹੀ ਸੇਧ ਦੇ ਕੇ ਮੰਜ਼ਿਲੇ-ਮਕਸੂਦ ਤੱਕ ਪਹੁੰਚਾਉਣ ਦੇ ਆਹਰ ਵਿੱਚ ਹੈ। ਹੋਣਹਾਰ ਸ਼ਾਇਰ ਸਰਬਜੀਤ ਸਿੰਘ 'ਜੀਤ' ਉਸ ਦੇ ਉੱਤਮ ਗ਼ਜ਼ਲਾਂ ਕਹਿਣ ਵਾਲੇ ਸ਼ਾਗਿਰਦਾਂ ਵਿੱਚੋਂ ਸਿਰਕੱਢ ਸ਼ਾਗਿਰਦ ਹੈ। ਭਾਟੀਆ ਆਪਣੇ ਕੋਲ ਮਿਲਣ ਆਏ ਕਿਸੇ ਵੀ ਨੌਜਵਾਨ ਸ਼ਇਰ ਨੂੰ ਸਹੀ ਸੇਧ ਦੇਣ ਤੋਂ ਕਦੀ ਨਹੀਂ ਉੱਕਦਾ। ਕਈ ਵਾਰ ਜਦੋਂ ਅੱਜ ਦੇ ਕਮ-ਚੋਰ ਸ਼ਾਇਰ ਮੁਫ਼ਤ ਮਿਲੀ 'ਅਕਲ' ਨੂੰ ਵੀ ਲੈਣ ਤੋਂ ਆਨਾ-ਕਾਨੀ ਕਰਦੇ ਹਨ ਅਤੇ ਇਸ ਦਾ ਮਨ ਹੀ ਮਨ ਵਿਚ ਬੁਰਾ ਮਨਾਉਂਦੇ ਹਨ ਤਾਂ ਭਾਟੀਆ ਆਪ-ਮੁਹਾਰੇ ਕਹਿ ਰਹਿ ਉੱਠਦਾ ਹੈ :

*ਹਰਿਕ ਸ਼ਾਇਰ ਦੀ ਕੌੜੀ ਅੱਖ,*
*ਰਹਿੰਦੀ ਹੈ ਮੇਰੇ ਵੱਲ ਹੀ,*
*ਬੜਾ ਮਹਿੰਗਾ ਪਿਐ ਮੈਨੂੰ ਗ਼ਜ਼ਲ ਦਾ ਪਾਰਖੂ ਹੋਣਾ।*

ਬੇ-ਗੁਰੇ ਸ਼ਾਇਰ, ਜਿਨ੍ਹਾਂ ਨੇ ਆਪ ਕਿਸੇ ਉਸਤਾਦ ਨੂੰ ਉਸਤਾਦ ਨਹੀਂ ਮੰਨਿਆਂ, ਪਰ ਆਪ ਨੌਜਵਾਨ ਸ਼ਾਇਰਾਂ ਤੋਂ ਗੋਡੀਂ ਹੱਥ ਲਗਵਾਉਣ ਦੀ ਲਾਲਸਾ ਨੂੰ ਤਿਆਗ ਨਹੀਂ ਸਕਦੇ, ਉਨ੍ਹਾਂ ਬਾਰੇ ਭਾਟੀਏ ਦੇ ਵਿਅੰਗ ਦੇ ਤੀਰ ਬੜੇ ਕਾਟਵੇਂ ਹੁੰਦੇ ਹਨ। ਜਿਵੇਂ :

*ਅਜੋਕੇ ਦੌਰ ਵਿਚ ਕੋਈ ਵੀ ਸ਼ਿਸ਼ ਬਣਨਾ ਨਹੀਂ ਚਾਹੁੰਦਾ,*
*ਜਦੋਂ ਕਿ ਲੋਚਦੈ ਹਰ ਕੋਈ, ਹਰ ਇਕ ਦਾ ਗੁਰੂ ਹੋਣਾ।*

1990 ਦੇ ਕਰੀਬ ਇਕ ਦਿਨ ਦੀਪ ਆਪਣੇ ਦੋਹਾਂ ਬੱਚਿਆਂ ਨਾਲ, ਦਕੋਹੇ ਦੇ ਹੀ ਗੁਆਂਢੀ ਪਿੰਡ, ਢਿਲਵਾਂ ਵਿਚ ਸਕੂਟਰ 'ਤੇ ਜਾਂਦਾ ਮਿਲ ਪਿਆ। ਮੈਨੂੰ ਐਨੀ ਖ਼ੁਸ਼ੀ ਹੋਈ ਜਿਵੇਂ ਮੈਨੂੰ ਕੋਈ ਬੜੀ ਹੀ ਦੁਰਲੱਭ ਚੀਜ਼ ਮਿਲ ਗਈ ਹੋਵੇ। ਜਦੋਂ ਦੀਪ ਨੇ ਦੱਸਿਆ ਕਿ ਉਹ ਢਿਲਵਾਂ ਵਿਚ ਹੀ ਡਾਕਟਰੀ ਦੀ ਪ੍ਰੈਕਟਿਸ ਕਰ ਰਿਹਾ ਹੈ ਤਾਂ ਮੈਂ ਦੰਗ ਰਹਿ ਗਿਆ। ਮਲੇਰ ਕੋਟਲੇ ਵਿਚ ਪਰਚੂਨ, ਬਜਾਜੀ ਆਦਿ ਦੀ ਦੁਕਾਨ ਕਰਦਾ ਕਰਦਾ ਉਹ ਡਾਕਟਰ ਕਿਵੇਂ ਬਣ ਗਿਆ? ਪਰ ਇਹ ਵੀ ਦੀਪ ਦੇ ਦ੍ਰਿੜ-ਇਰਾਦੇ ਦਾ ਹੀ ਕ੍ਰਿਸ਼ਮਾ ਕਹਿ ਲਵੋ ਕਿ ਉਸ ਦਾ ਰੋਟੀ-ਰੋਜ਼ੀ ਦੇ ਮਸਲੇ ਵਿਚ ਜਿੱਥੇ ਵੀ ਨਹੁੰ ਅੜਿਆ, ਉਸ ਨੇ ਉੱਥੋਂ ਹੀ ਉੱਪਰ ਵੱਲ ਚੜ੍ਹਨ ਦੀ ਹਰ ਸੰਭਵ ਕੋਸ਼ਿਸ਼ ਕੀਤੀ ਤੇ ਸਫਲ ਵੀ ਹੋਇਆ।

ਅਸਲ ਵਿਚ ਦੀਪ ਦੀ ਕਿਸਮਤ ਅਤੇ ਰਿਸ਼ਤੇਦਾਰਾਂ, ਦੋਸਤਾਂ ਮਿੱਤਰਾਂ ਦੀ ਠਿੱਬੀ ਨੇ ਹੀ ਉਸ ਨੂੰ ਮੇਰੇ ਗੁਆਂਢ ਲਿਆ ਸੁੱਟਿਆ ਸੀ। ਮਿੱਤਰਾਂ ਪਿਆਰਿਆਂ ਦੀ ਮਾਰੀ ਹੋਈ ਇਹ ਲੱਤ ਕੁੱਬੇ ਦਾ ਕੁੱਬ ਕੱਢ ਗਈ। ਹੁਣ ਉਸ ਕੋਲ ਆਪਣਾ ਘਰ ਹੈ। 'ਕਾਮਯਾਬ ਡਾਕਟਰੀ ਕਲੀਨਿਕ' ਵੱਲੋਂ 'ਭਾਟੀਆਂ' ਦੇ ਸੁਭਾਅ ਅਨੁਸਾਰ ਉਹ ਫਿਰ ਬਜਾਜੀ ਵੱਲ ਛਾਲ ਮਾਰ ਕੇ, ਆਪਣੇ ਹੋਣਹਾਰ, ਆਗਿਆਕਾਰ ਅਤੇ ਬੜੀ ਹੀ ਪਿਆਰੀ ਤਬੀਅਤ ਵਾਲੇ ਖ਼ੂਬਸੂਰਤ ਬੇਟੇ ਸੁਮੀਤ ਨਾਲ ਰਾਮਾ ਮੰਡੀ (ਜਲੰਧਰ) ਵਿਚ ਪ੍ਰਮੁੱਖ ਬਜਾਜ ਬਣ ਬੈਠਾ। ਪਰ ਰੁਜ਼ਗਾਰ ਦੇ ਪੜੁੱਲ 'ਤੇ ਉਹ ਹੋਰ ਕਈ ਛਾਲਾਂ ਮਾਰਨ ਮਗਰੋਂ ਅੱਜ-ਕਲ੍ਹ ਡਰੋਲੀ ਕਲਾਂ ਦੇ ਕਾਲਜ ਦੇ ਸਾਹਮਣੇ ਆਪਣਾ ਸੁਹਣਾ 'ਰਿਫਰੈਸ਼ਮੈਂਟ ਹੋਮ' ਚਲਾ ਰਿਹਾ ਹੈ। ਪਰ ਮਲੇਰ ਕੋਟਲਾ ਛੱਡਣ ਦੀਆਂ ਕੌੜੀਆਂ ਕੁਸੈਲੀਆਂ ਯਾਦਾਂ ਨੂੰ ਉਹ ਨਾ ਭੁੱਲਾ ਸਕਿਆ, ਨਾ ਭੁੱਲ ਸਕੇਗਾ। ਇਸ ਸਾਰੇ ਘਟਨਾ-ਚੱਕਰ ਦੀ ਗੁਆਹੀ ਉਸ ਦੇ ਸ਼ਿਅਰ ਭਰਦੇ ਹਨ। ਜਿਵੇਂ :

*ਸੱਤ-ਬਿਗਾਨੇ ਲੋਕਾਂ ਵਿਚ, ਤੇ ਅਪਣੇ ਘਰ ਤੋਂ ਦੂਰ,*
*ਕੋਈ ਕਿਸੇ ਮਜਬੂਰੀ ਵੱਸ ਹੀ ਕਰਦਾ ਹੈ ਪਰਵਾਸ।*



ਆਪਣੇ ਹੋ ਕੇ ਵੀ ਔਕੜ ਵੇਲੇ ਮੂੰਹ ਮੋੜ ਲੈਣ ਵਾਲੇ 'ਆਪਣਿਆਂ' ਬਾਰੇ ਉਹ ਖ਼ੂਬ ਕਹਿੰਦਾ ਹੈ :

*ਉਨ੍ਹਾਂ ਨੂੰ ਮੇਰਿਆਂ ਜ਼ਖ਼ਮਾਂ ਦੀ ਪੀੜ ਹੋਵੇ ਕਿਵੇਂ,*
*ਉਹ ਸਿਰਫ਼ 'ਆਪਣੇ' ਨੇ, ਦੁਖ-ਸੁਖ ਦੇ ਭਾਈਵਾਲ ਨਹੀਂ।*

ਦੀਪ ਬਹੁਤ ਮਿਹਨਤੀ ਸੁਭਾਅ ਦਾ ਸ਼ਖ਼ਸ ਹੈ। ਉਹ ਸੱਚ ਕਹਿੰਦਾ ਹੈ :

*ਨਿਰਧਨ ਸਹੀ ਧਨ ਵਾਲਿਓ, ਬੇਕਾਰ ਨਹੀਂ ਹਾਂ।*
*ਇਕ ਠੋਸ ਹਕੀਕਤ ਹਾਂ, ਸਮਾਚਾਰ ਨਹੀਂ ਹਾਂ।*

ਦੀਪ ਨੂੰ ਬਹੁਤ ਛੋਟੀਆਂ ਛੋਟੀਆਂ ਕਿਰਤਾਂ ਵੀ ਕੀਤੀਆਂ। ਉਸ ਨੇ ਫੇਰੀ ਲਾਈ, ਕਰਿਆਨੇ ਦੀ ਦੁਕਾਨ ਕੀਤੀ, ਕਮੇਟੀਆਂ ਪਾਈਆਂ, ਲੱਕੀ ਸਕੀਮਾਂ ਚਲਾਈਆਂ, ਇਲੈਕਟਰੀਕਲ ਸ਼ੋ-ਰੂਮ ਤੋਂ ਬਾਅਦ ਬਜਾਜੀ ਦਾ ਕੰਮ ਕੀਤਾ, ਬਾਕਾਇਦਾ ਡਾਕਟਰੀ ਸਿਖਿਆ ਲਈ ਤੇ ਕਾਮਯਾਬ ਕਲੀਨਿਕ ਚਲਾਉਣ ਮਗਰੋਂ ਹੁਣ ਫਿਰ ਬਜਾਜੀ ਦੇ ਕੰਮ ਵੱਲੋਂ ਖੁਆਉਣ-ਪਿਲਾਉਣ ਦੀ ਸੇਵਾ ਵੱਲ ਆਉਣ ਤਕ ਉਸ ਨੇ ਕਿਸੇ ਕੰਮ ਨੂੰ ਛੋਟਾ ਸਮਝ ਕੇ ਹੀਣਤਾ ਮਹਿਸੂਸ ਨਹੀਂ ਕੀਤੀ ਤੇ ਨਾ ਹੀ ਵੱਡੇ ਕੰਮ ਦਾ ਕਦੀ ਗ਼ਰੂਰ ਹੀ ਕੀਤਾ। ਉਸ ਨੇ ਤੰਗੀਆਂ-ਤੁਰਸ਼ੀਆਂ ਵਿਚ ਵੀ ਆਪਣੇ ਆਪ ਨੂੰ ਤੇ ਬੀਵੀ-ਬੱਚਿਆਂ ਨੂੰ ਇਉਂ ਹੀ ਹੌਸਲਾ ਦਿੱਤਾ ਹੈ :

*'ਅਜੇ ਨਾ ਹਾਰਿਓ ਦਿਲ', ਦਿਲ ਦੀ ਬਾਤ ਕਹਿੰਦੀ ਹੈ।*
*'ਗੁਜ਼ਰ ਹੀ ਜਾਏਗੀ, ਭੁੱਖਿਆਂ ਨੂੰ ਰਾਤ' ਕਹਿੰਦੀ ਹੈ।*

ਪਰ ਦੁੱਖ ਤਾਂ ਦੁੱਖ ਹੈ, ਦੁੱਖ ਦਾ ਅਹਿਸਾਸ ਜੇ ਇਕ ਸ਼ਾਇਰ ਦੇ ਦਿਲ ਨੂੰ ਨਹੀਂ ਹੋਵੇਗਾ ਤਾਂ ਕਿਸ ਨੂੰ ਹੋਵੇਗਾ?

*ਨਹੀਂ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਈਂ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ*
*ਦੁੱਖ ਨਾ ਪਹੁੰਚਿਆ ਹੋਵੇ।*

ਜਿਸ ਬੋਟ ਨੂੰ ਜੰਮਣ ਵਾਲੇ ਆਲ੍ਹਣੇ ਵਿੱਚੋਂ ਧੱਕਾ ਦੇ ਦੇਣ, ਉਸ ਦਾ ਤਾਂ ਫਿਰ ਅੱਲਾ ਹੀ ਬੇਲੀ ਹੁੰਦਾ ਹੈ। ਸੋ 'ਧੀਦੋ ਹੋ ਤੁਰਿਆ ਵਾਰਿਸ ਸ਼ਾਹ ਜੇਹਾ' ਦੀ ਹਾਲਤ ਵਿਚ ਜਦੋਂ ਦੀਪ ਆਪਣਿਆਂ ਦਾ ਹੀ ਸਤਾਇਆ ਹੋਇਆ, ਘਰ-ਬਾਰ ਤਿਆਗ ਕੇ ਪਰਦੇਸੀ ਹੋ ਤੁਰਿਆ ਤਾਂ ਵੀ ਦੋਖੀਆਂ ਨੇ ਉਸ ਤੇ ਆਵਾਜ਼ੇ ਕੱਸੇ ਤੇ ਦੂਸ਼ਣ ਲਾਏ। ਦੋਸਤਾਂ ਨੇ ਉਸ ਦੀ ਮਜਬੂਰੀ ਸਮੇਂ ਮਦਦ ਤਾਂ ਕੀ ਕਰਨੀ ਸੀ, ਉਲਟਾ ਉਸ ਨੂੰ ਜ਼ਲੀਲ ਕਰਨ ਦੀ ਪੂਰੀ ਵਾਹ ਲਾ ਦਿੱਤੀ। ਦੀਪ ਸਭ ਕੁਝ ਛੱਡ-ਛਡਾ ਕੇ, ਆਪਣੇ ਰੌਸ਼ਨ ਖ਼ਿਆਲਾਂ ਨੂੰ ਹੀ ਆਪਣੀ ਜੀਵਨ-ਪੂੰਜੀ ਸਮਝਦਾ, ਸੰਭਾਲਦਾ ਹੋਇਆ ਜਲੰਧਰ ਆਣ ਲੱਥਾ :

*ਇਕ ਲੁੱਟ ਨਾ ਹੋਏ ਓਸ ਤੋਂ, ਮੇਰੇ ਖ਼ਿਆਲ 'ਦੀਪ',*
*ਬਾਕੀ ਸਮਾਨ ਜੋ ਵੀ ਸੀ, ਬੋਰੀ 'ਚ ਪਾ ਲਿਆ।*

ਜਲੰਧਰ ਆਏ ਨੂੰ ਉਸ ਨੂੰ ਜਿਵੇਂ ਪੰਜਾਬੀ ਦੇ ਪ੍ਰਖ਼ਤਾ ਗ਼ਜ਼ਲਗੋਅ ਸੁਖਵੰਤ ਪੱਟੀ ਨੇ ਬੋਚ ਲਿਆ, ਉਸ ਦੇ ਪ੍ਰਭਾਵ ਥੱਲੇ ਦੀਪ ਆਪ-ਮੁਹਾਰੇ ਕਹਿ ਉੱਠਿਆ :

*ਨਾ ਖ਼ੂਨ ਦਾ ਦਾਅਵਾ ਹੈ, ਨਾ ਜ਼ਾਤ ਦਾ ਰੌਲ਼ਾ ਹੈ,*
*ਇਕ ਵੱਖਰੀ ਸਕੀਰੀ ਹੈ ਦੁਖ-ਸੁਖ ਦੇ ਭਿਆਲਾਂ ਦੀ।*

ਦੀਪ ਬੜੀ ਗਹਿਰ ਗੰਭੀਰ ਤਬੀਅਤ ਦਾ ਮਾਲਿਕ ਹੈ ਪਰ ਜਦ ਉਹ ਮੇਰੇ ਜਿਹੇ ਚੋਣਵੇਂ ਦੋਸਤਾਂ ਕੋਲ ਆਪਣੇ ਦੁੱਖ-ਸੁਖ ਸਾਂਝੇ ਕਰਦਾ ਹੈ ਤਾਂ ਉਸ ਦਾ ਸ਼ਿਅਰ ਆਪਣੇ ਆਪ ਸਿਰ ਚੜ੍ਹ ਬੋਲ ਉੱਠਦਾ ਹੈ :

*ਜਿਦ੍ਹੇ ਚਿਹਰੇ 'ਤੇ ਇਕ ਸੰਜਮ ਜਿਹੀ*
*ਮੁਸਕਾਨ ਰਹਿੰਦੀ ਹੈ,*
*ਕੀ ਉਸ ਦੇ ਮਨ 'ਚ ਸੋਚਾਂ ਦਾ*
*ਖਿਲਾਰਾ ਹੋ ਨਹੀਂ ਸਕਦਾ?*

*ਨਹੀਂ ਅੱਖੀਆਂ 'ਚ ਜੇ ਅੱਥਰੂ,*
*ਇਦ੍ਹਾ ਇਹ ਅਰਥ ਨਹੀਂ ਯਾਰੋ,*
*ਕਿ ਲੱਗੀ ਠੇਸ ਦਾ ਇਸ ਦਿਲ ਨੂੰ,*
*ਦੁੱਖ ਨਾ ਪਹੁੰਚਿਆ ਹੋਵੇ।*

ਪਰ ਅੱਜ ਦੀਪ ਆਪਣੀਆਂ ਤੰਗੀਆਂ-ਤੁਰਸ਼ੀਆਂ ਤੇ ਮਜਬੂਰੀਆਂ ਨੂੰ ਦ੍ਰਿੜ ਇਰਾਦੇ, ਹੌਂਸਲੇ ਤੇ ਮਿਹਨਤ ਦੇ ਪੈਰਾਂ ਹੇਠ ਦਰੜਦਾ ਹੋਇਆ, ਰਿਸ਼ਤੇਦਾਰੀਆਂ, ਸਮਾਜ ਅਤੇ ਸਾਹਿਤਕ ਖੇਤਰ ਵਿਚ ਆਪਣੀ ਹੋਂਦ ਦਾ ਰੜਕਵਾਂ ਅਹਿਸਾਸ ਕਰਵਾ ਰਿਹਾ ਹੈ। ਕਈ ਵਾਰ ਤਾਂ ਉਹ ਚਹਿਚਹਾ ਵੀ ਉੱਠਦਾ ਹੈ :

*ਉਹ ਉਂਗਲਾਂ ਮੂੰਹ 'ਚ ਪਾਉਂਦੇ ਨੇ*
*ਜੋ ਦਾਅਵੇ ਨਾਲ ਕਹਿੰਦੇ ਸੀ,*
*ਅਸਾਂ ਨੇ ਡੋਬ ਦਿੱਤੈ 'ਦੀਪ',*
*ਹੁਣ ਇਹ ਤਰ ਨਹੀਂ ਸਕਦਾ।*

ਦੀਪ ਮੇਰਾ ਬੜੇ ਤਰਸੇਵੇਂ ਦਾ ਦੋਸਤ ਹੈ। ਅਸੀਂ ਸਰੀਰਕ ਤੌਰ 'ਤੇ ਹੀ ਇਕ ਦੂਜੇ ਦੇ ਨੇੜੇ ਨਹੀਂ ਰਹੇ, ਸਗੋਂ ਖ਼ਿਆਲਾਂ ਤੇ ਮੁਹੱਬਤ ਦੇ ਪੱਖੋਂ ਵੀ ਅਤੇ ਮਾਨਸਿਕ ਤੌਰ ਤੇ ਵੀ ਇਕ ਦੂਜੇ ਦੇ ਸਾਂਝੀ ਅਤੇ ਪੂਰਕ ਹਾਂ। ਉਸ ਦੇ ਗੁਣਾਂ ਨੂੰ ਮੈਂ ਆਪਣੇ ਗੁਣ ਸਮਝਦਾ ਹੋਇਆ ਫ਼ਖਰ ਮਹਿਸੂਸ ਕਰਦਾ ਹਾਂ ਤੇ ਉਸ ਦੀਆਂ ਕਮਜ਼ੋਰੀਆਂ ਨੂੰ ਆਪਣੀਆਂ ਕਮਜ਼ੋਰੀਆਂ ਸਮਝਕੇ ਕਬੂਲ ਕਰਨ ਵਿਚ ਮੈਨੂੰ ਕੋਈ ਝਿਜਕ ਨਹੀਂ ਹੈ। ਮੇਰੀ ਹਰ ਵੇਲੇ ਇਹੀ ਦੁਆ ਰਹਿੰਦੀ ਹੈ ਕਿ ਪਰਮਾਤਮਾ ਉਸ ਦੀ ਸੋਚ ਨੂੰ ਸਦਾ ਹੀ ਇਸੇ ਤਰ੍ਹਾਂ ਸਹੀ ਦਿਸ਼ਾ ਪ੍ਰਦਾਨ ਕਰਦਾ ਰਹੇ ਅਤੇ ਦੀਪ ਇਕ ਇਨਸਾਨ ਅਤੇ ਇਕ ਸ਼ਾਇਰ ਦੇ ਤੌਰ ਤੇ ਹੋਰ ਬੁਲੰਦੀਆਂ ਹਾਸਿਲ ਕਰੇ। ਬੇਸ਼ੱਕ ਦੀਪ ਇਉਂ ਵੀ ਕਹਿੰਦਾ ਫਿਰੇ :

*ਉਹ ਜਦੋਂ ਮਿਲਦੇ ਨੇ, 'ਦੀਵਾਨ' ਦੀ ਗੱਲ ਕਰਦੇ ਨੇ,*
*'ਦੀਪ' ਸ਼ਾਇਰ ਲਈ 'ਦੀਵਾਨ' ਜ਼ਰੂਰੀ ਤਾਂ ਨਹੀਂ।*

ਪਰ ਹਕੀਕਤ ਇਹ ਹੈ ਕਿ ਅੱਜ ਗੁਰਦੀਪ ਭਾਟੀਆ 'ਦੀਪ' ਦੋ ਗ਼ਜ਼ਲ-ਮਜਮੂਹਿਆਂ ('ਸੁਲਘਦੇ-ਅਹਿਸਾਸ' ਅਤੇ 'ਸ਼ੀਸ਼ੇ ਦਾ ਕੀ ਕਸੂਰ?') ਦਾ ਸਾਹਿਬ-ਕਿਤਾਬ ਹੈ ਤੇ ਇਨ੍ਹਾਂ ਦੋਹਾਂ ਕਿਤਾਬਾਂ ਨੂੰ ਪਾਠਕਾਂ ਵੱਲੋਂ ਐਨਾ ਪਿਆਰ ਮਿਲਿਆ ਹੈ ਕਿ ਕਈ ਵਾਰ ਭਾਟੀਆ 'ਤੇ ਰਸ਼ਕ ਹੋ ਆਉਂਦਾ ਹੈ। ਪ੍ਰਮਾਤਮਾ ਭਾਟੀਆ ਦੀ ਕਲਮ ਨੂੰ ਹੋਰ ਬਲ ਬਖ਼ਸ਼ੇ ਤੇ ਕਲਾਮ ਨੂੰ ਹੋਰ ਬੁਲੰਦੀ। •

# ਇਤਿਹਾਸਕ ਨਾਵਲ ਸੂਰਜ ਦੀ ਅੱਖ



ਹਰਪਾਲ ਸਿੰਘ ਪੰਨੂ
ਮੋਬਾਈਲ 94642-51454

*ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗ਼ਰੀਬ ਲੋਕ ਤਾਂ ਖੇਡਦੇ ਦੇਖੇ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ...*

*(ਲੜੀ ਜੋੜਨ ਲਈ ਅਦਬ ਦਾ 3 ਸਤੰਬਰ ਦਾ ਅੰਕ ਦੇਖੋ)*

ਮੇਰਾ ਰਣਜੀਤ ਸਿੰਘ ਉੱਤੇ ਲਿਖਿਆ ਲੇਖ ਪੜ੍ਹਕੇ ਇਕ ਮਿੱਤਰ ਨੇ ਫੋਨ ਕੀਤਾ, ਕਿਹਾ-ਤੇਰੀ ਲਿਖਤ ਪੜ੍ਹ ਲਈ ਹੈ। ਇਹ ਦੱਸ, ਰਣਜੀਤ ਸਿੰਘ ਵਿਚ ਕੋਈ ਨੁਕਸ ਨਹੀਂ ਸੀ? ਮੈਂ ਕਿਹਾ-ਤੇਰੀ ਲਿਖਤ ਪੜ੍ਹੀ ਸੀ, ਇਹ ਦੱਸ ਰਣਜੀਤ ਸਿੰਘ ਵਿਚ ਗੁਣ ਨਹੀਂ ਸੀ? ਔਗੁਣ ਹੀ ਔਗੁਣ ਲਿਖੇ ਦੇਖੇ ਤਾਂ ਸਮਤੋਲ ਕਾਇਮ ਕਰਨ ਲਈ ਮੈਂ ਗੁਣ ਹੀ ਗੁਣ ਲਿਖ ਦਿੱਤੇ। ਜੇ ਤੂੰ ਕੋਈ ਗੁਣ ਲਿਖਦਾ, ਮੈਂ ਕੋਈ ਔਗਣ ਵੀ ਲਿਖ ਸਕਦਾ ਫਿਰ।

ਰਣਜੀਤ ਸਿੰਘ ਨੂੰ ਲਾਹੌਰ ਵਿਚ ਹੋਲੀ ਖੇਡਦਾ ਦਿਖਾਇਆ ਹੈ, ਸ਼ਰਾਬ ਪੀਤੀ ਹੋਈ ਹੈ, ਹਾਥੀ ਉੱਪਰ ਮੋਰਾਂ ਆਪਣੇ ਨਾਲ ਬਿਠਾ ਰੱਖੀ ਹੈ, ਰੰਗ ਪਾਉਂਦਿਆਂ ਪਾਉਂਦਿਆਂ ਸਰਦਾਰ ਇਕ ਦੂਜੇ ਨੂੰ ਪੱਥਰ ਮਾਰਨ ਲੱਗਦੇ ਹਨ, ਜੁੱਤੀਆਂ ਮਾਰਨ ਲੱਗਦੇ ਹਨ। ਸਰਕਾਰ ਖ਼ਾਲਸਾ ਦਾ ਅਦਬ, ਸਲੀਕਾ ਕਿੰਨਾ ਸ਼ਾਨਦਾਰ ਸੀ, ਇਹ ਤੱਥ ਤਾਂ ਵਿਦੇਸ਼ੀ ਵੀ ਲਿਖ ਗਏ ਹਨ। ਜਿਸ ਤਰ੍ਹਾਂ ਦੀ ਹੋਲੀ ਬਲਦੇਵ ਸਿੰਘ ਨੇ ਦਿਖਾਈ ਹੈ, ਯੂਪੀ ਦੇ ਗ਼ਰੀਬ ਲੋਕ ਤਾਂ ਖੇਡਦੇ ਦੇਖੇ ਹਨ, ਇਕ ਦੂਜੇ ਉੱਪਰ ਗੋਹਾ, ਗਾਰਾ ਵੀ ਸੁੱਟ ਦਿੰਦੇ ਹਨ। ਪੰਜਾਬ ਵਿਚ ਤਾਂ ਹੁਣ ਵੀ ਆਮ ਲੋਕ ਇਸ ਤਰ੍ਹਾਂ ਦਾ ਵਰਤਾਰਾ ਹੋਲੀ ਦੇ ਦਿਨ ਨਹੀਂ ਕਰਦੇ।

ਆਪਣੇ ਵਜ਼ੀਰਾਂ, ਅਫ਼ਸਰਾਂ ਨਾਲ ਗੱਲਾਂ ਕਰਦਿਆਂ ਰਣਜੀਤ ਸਿੰਘ ਤੋਂ ਜਿਹੜੇ ਵਾਕ ਬੁਲਵਾਏ ਹਨ ਉਹ ਨੀਵੀਂ ਪੱਧਰ ਦੇ ਹਨ। ਚੇਤੇ ਰਹੇ ਕਿ ਰਣਜੀਤ ਸਿੰਘ ਹੱਲ ਵਾਹੁੰਦਾ-ਵਾਹੁੰਦਾ ਅਚਾਨਕ ਇਕ ਦਿਨ ਮਹਾਰਾਜੇ ਦੀ ਗੱਦੀ 'ਤੇ ਨਹੀਂ ਬੈਠ ਗਿਆ ਸੀ। ਮਹਾਰਾਜੇ ਦੇ ਬਾਬਾ ਚੜ੍ਹਤ ਸਿੰਘ ਦਾ ਬਾਬਾ, ਬੁੱਢਾ ਸਿੰਘ ਗੁਰੂ ਹਰਿਰਾਇ ਦਾ ਸਿੱਖ ਸਜਿਆ ਜਿਸ ਨੇ ਦਸਮ ਪਾਤਸ਼ਾਹ ਤੋਂ ਅੰਮ੍ਰਿਤ ਛਕਿਆ ਤੇ ਬਾਬਾ ਬੰਦਾ ਸਿੰਘ ਦੀ ਸੈਨਾ ਵਿਚ ਸੂਰਮਗਤੀ ਦੇ ਜੌਹਰ ਦਿਖਾਏ। ਮਿਸਲ ਸ਼ੁਕਰਚੱਕ ਦੀ ਸਥਾਪਨਾ ਬੁੱਢਾ ਸਿੰਘ ਨੇ ਕਰ ਦਿੱਤੀ ਸੀ। ਇਨ੍ਹਾਂ ਸਰਦਾਰਾਂ ਵਿਚ ਬੋਲ ਬਾਣੀ ਦਾ ਸਲੀਕਾ ਪੁਸ਼ਤਾਂ ਤੋਂ ਤੁਰਿਆ ਆਇਆ ਸੀ। ਵੈਸੇ ਵੀ ਮਝੈਲ, ਰਹਿਣ-ਸਹਿਣ, ਬੋਲਣ-ਚਲਣ ਵਿਚ ਬਾਕੀ ਦੇ ਪੰਜਾਬੀਆਂ ਤੋਂ ਅੱਗੇ ਸਨ ਤੇ ਹਨ।

ਜੋ ਕੁਝ ਸਾਡੇ ਸਾਹਮਣੇ ਪਏ ਸਰੋਤਾਂ ਵਿਚ ਮੌਜੂਦ ਹੈ, ਉਹ ਉਵੇਂ ਦਾ ਉਵੇਂ ਪਾਠਕਾਂ ਅੱਗੇ ਨਹੀਂ ਰੱਖਣਾ ਹੁੰਦਾ। ਛਾਣਨੀ ਨਹੀਂ ਤਾਂ ਰੋਟੀਆਂ ਵਿਚ ਕੋਕੜੂ, ਕੰਕਰ ਆਉਣਗੇ ਹੀ ਆਉਣਗੇ। ਸਾਲ 1975 ਵਿਚ ਗੁਰੂ ਤੇਗ ਬਹਾਦਰ ਸਾਹਿਬ ਦੀ ਤਿੰਨ ਸੌ ਸਾਲਾ ਸ਼ਹੀਦੀ ਸ਼ਤਾਬਦੀ ਮਨਾਈ ਗਈ ਸੀ। ਵਿਦਵਾਨਾਂ ਨੇ ਖੋਜ ਪੱਤਰ ਲਿਖੇ, ਪੜ੍ਹੇ।

ਡਾ. ਫੌਜਾ ਸਿੰਘ ਨੇ ਇਕ ਲੇਖ ਵਿਚ ਗੁਲਾਮ ਹੁਸੈਨ ਦਾ ਹਵਾਲਾ ਦੇ ਦਿੱਤਾ ਜਿਸ ਨੇ ਗੁਰੂ ਜੀ ਬਾਰੇ ਲਿਖਿਆ ਸੀ ਕਿ ਉਹ ਲੁੱਟਮਾਰ ਕਰਿਆ ਕਰਦੇ ਸਨ। ਮੂਲ ਫ਼ਾਰਸੀ ਵਾਕ ਦਾ ਅੰਗਰੇਜ਼ੀ ਉਲਥਾ ਸੀ। ਇਸ ਇਕ ਵਾਕ ਨੇ ਫੌਜਾ ਸਿੰਘ ਦੇ ਸਾਰੇ ਕੈਰੀਅਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਥਾਂ ਥਾਂ ਲਿਖਤੀ ਤੇ ਜ਼ਬਾਨੀ ਮਾਫ਼ੀਆਂ ਮੰਗਦਾ ਫਿਰਿਆ। ਫੌਜਾ ਸਿੰਘ ਖ਼ਿਲਾਫ਼ ਆਖਰੀ ਸਟੀਕ ਲੇਖ ਕਪੂਰ ਸਿੰਘ ਨੇ ਲਿਖਿਆ, 1977 ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਪੜ੍ਹਿਆ। ਜਿਸ ਵਿਚ ਉਨ੍ਹਾਂ ਨੇ ਦੱਸਿਆ ਕਿ ਗੁਲਾਮ ਹੁਸੈਨ ਦਾ ਹਵਾਲਾ ਫੌਜਾ ਸਿੰਘ ਨੇ ਮਨਘੜਤ ਨਹੀਂ ਸੀ ਦਿੱਤਾ, ਮੌਜੂਦ ਹੈ। ਫੌਜਾ ਸਿੰਘ ਨੇ ਉਸ ਦਾ ਵਾਕ ਲਿਖ ਦਿੱਤਾ, ਵਾਕ ਦੀ ਵਜ਼ਾਹਤ ਨਹੀਂ ਕੀਤੀ, ਸਮਝਿਆ ਗਿਆ ਕਿ ਫੌਜਾ ਸਿੰਘ, ਗੁਲਾਮ ਹੁਸੈਨ ਨਾਲ ਸਹਿਮਤ ਹੈ।

ਸਦਾ ਕੌਰ ਆਪਣੇ ਜਵਾਈ ਰਣਜੀਤ ਸਿੰਘ ਨੂੰ ਹਰ ਥਾਂ ਕਾਕਾ ਜੀ ਕਹਿ ਕੇ ਗੱਲ ਕਰਦੀ ਹੈ। ਉਨ੍ਹਾਂ ਦਿਨਾਂ ਵਿਚ ਕੀ, ਪਿਛਲੀ ਵੀਹਵੀਂ ਸਦੀ ਤਕ ਜਵਾਈਆਂ ਨੂੰ ਸਾਊ ਕਿਹਾ ਜਾਂਦਾ ਸੀ ਕਾਕਾ ਜੀ ਨਹੀਂ। ਕਾਕਾ ਜੀ ਪਿਛਲੇ ਤੀਹ ਕੁ ਸਾਲਾਂ ਦੇ ਸਮੇਂ ਵਿਚ ਵਿਕਸਿਤ ਹੋਇਆ ਹੈ। ਪੰਜਾਬੀ ਦੇ ਇਕ ਉੱਘੇ ਨਾਵਲਕਾਰ ਨੇ ਤਾਂ ਲਿਖਤ ਵਿਚ ਗੁਰੂ ਜੀ ਦੇ ਸਾਹਿਬਜ਼ਾਦੇ ਨੂੰ ਵੀ ਕਾਕਾ ਜੀ ਲਿਖ ਦਿੱਤਾ ਸੀ। ਵਡੇਰੀਆਂ ਔਰਤਾਂ ਨੂੰ ਸ਼ਰਾਬਣਾਂ, ਕਬਾਬਣਾਂ ਤੇ ਦੁਰਾਚਾਰਨੀਆਂ ਦਿਖਾ ਕੇ ਚਟਖਾਰੇ ਲਏ ਹਨ। ਲਿਖਿਆ ਹੈ ਜਦੋਂ ਮਹਾਰਾਣੀ ਜਿੰਦਾ ਨਾਲ ਵਿਆਹ ਹੋਇਆ ਉਦੋਂ ਤਾਂ ਰਣਜੀਤ ਸਿੰਘ ਨਪੁੰਸਕ ਹੋ ਚੁੱਕਾ ਸੀ, ਗੱਲਾਂ ਹੋ ਰਹੀਆਂ ਹਨ ਕਿ ਦਲੀਪ ਸਿੰਘ ਮਹਾਰਾਜੇ ਦਾ ਨਹੀਂ ਮਾਸ਼ਕੀ ਦਾ ਬੀਜ ਹੈ। ਇਸੇ ਤਰ੍ਹਾਂ ਰਾਣੀ ਮਹਿਤਾਬ ਕੌਰ ਦੇ ਦੋ ਜੌੜੇ ਬੇਟੇ ਜਨਮ ਲੈਂਦੇ ਹਨ ਤਾਂ ਰਣਜੀਤ ਸਿੰਘ ਨੂੰ ਪਤਾ ਸੀ ਇਕ ਲੜਕਾ ਧੋਬੀ ਦਾ ਹੈ ਦੂਜਾ ਸਦਾ ਕੌਰ ਦੀ ਇਕ ਨੌਕਰਾਣੀ ਦਾ। ਨਮੋਸ਼ੀ ਤੋਂ ਬਚਣ ਲਈ ਰਣਜੀਤ ਸਿੰਘ ਨੇ ਖ਼ੁਸ਼ੀ ਮਨਾਉਣ ਦਾ ਹੁਕਮ ਦਿੱਤਾ। (ਪੰਨਾ 209)

ਹਕੀਮ ਮਹਾਰਾਜਾ ਨੂੰ ਦਵਾਈ ਦੇਣ ਆਇਆ ਤਾਂ ਆਪਣੇ ਜੁਆਨ ਬੇਟੇ ਅਜੀਜ਼ਉਦੀਨ ਨੂੰ ਵੀ ਨਾਲ ਲਿਆਇਆ। ਇਸ ਜੁਆਨ ਦੀ ਜ਼ਬਾਨ ਏਨੀ ਬਾਅਦਬ ਕਿ ਮਹਾਰਾਜੇ ਨੇ ਹਕੀਮ ਨੂੰ ਕਿਹਾ-ਇਹ ਬੇਟਾ ਸਾਡੇ ਮਹਿਲਾਂ ਵਿਚ ਰਹੇਗਾ। ਜਿਸ ਸ਼ਖ਼ਸ ਵਿਚ ਖ਼ੁਦ ਸਲੀਕਾ ਨਾ ਹੋਵੇ ਉਸ ਨੂੰ ਸਲੀਕੇਦਾਰ ਲੋਕ ਚੰਗੇ ਨਹੀਂ ਲੱਗਿਆ ਕਰਦੇ। ਮਹਾਰਾਜਾ ਆਪਣੇ ਤੋਂ ਛੋਟਿਆਂ ਨੂੰ ਵੀ ਤੁਸੀਂ ਕਹਿਕੇ ਬੁਲਾਉਂਦਾ ਹੁੰਦਾ ਸੀ। ਇਸ ਨਾਵਲ ਵਿਚ ਉਹ ਆਪਣੇ ਵਜ਼ੀਰਾਂ ਨਾਲ ਇਕ ਵਚਨ ਵਿਚ ਤੂੰ-ਤੂੰ ਕਹਿਕੇ ਗੱਲ ਕਰਦਾ ਹੈ।

ਸਰਕਾਰ ਖ਼ਾਲਸਾ ਦੀ ਮਾਇਕ ਹਾਲਤ ਏਨੀ ਮਾੜੀ ਹੋ ਗਈ ਕਿ ਮਹਾਰਾਜੇ ਨੇ ਸਾਰੇ ਮੁਲਾਜ਼ਮਾਂ ਨੂੰ ਦੋ ਦੋ ਮਹੀਨੇ ਦੀ ਤਨਖ਼ਾਹ ਜਮ੍ਹਾਂ ਕਰਵਾਉਣ ਲਈ ਕਿਹਾ। ਬਾਕੀ ਤਾਂ ਮੰਨ ਗਏ, ਜਰਨੈਲ ਐਲਾਰਡ ਅਤੇ ਵੈਨਤੂਰਾ ਅੜ ਗਏ, ਤਨਖ਼ਾਹ ਜਮ੍ਹਾਂ ਨਹੀਂ ਕਰਵਾਈ। ਮਹਾਰਾਜੇ ਨੇ ਤਲਬ ਕਰ ਲਏ। ਦਰਬਾਰ ਦੀ ਸਾਰੀ ਮਰਿਆਦਾ ਭੁਲਾ ਕੇ ਉਨ੍ਹਾਂ ਨੂੰ ਮਾਵਾਂ-ਭੈਣਾਂ ਦੀਆਂ ਗਾਲ੍ਹਾਂ ਕੱਢਣ ਲੱਗਾ। ਖੰਜਰ ਲੈ ਕੇ ਉਨ੍ਹਾਂ ਉੱਪਰ ਝਪਟਿਆ। (ਪੰਨਾ 409)

ਫਕੀਰ ਅਜੀਜ਼ਉਦੀਨ ਹੈਨਰੀ ਕੁਰਟ ਅਤੇ ਅਵੀਤਾਬੇਲ ਨੂੰ ਮਹਾਰਾਜੇ ਅੱਗੇ ਪੇਸ਼ ਕਰਦਿਆਂ ਆਖਦਾ ਹੈ, 'ਮਹਾਰਾਜ ਇਹ ਇਤਾਲਵੀ ਅਵੀਤਾਬੇਲ ਥੋੜ੍ਹਾ ਹਰਾਮੀ ਜਾਪਦਾ ਏ' (ਪੰਨਾ 420)। ਇਹ ਦੋਵੇਂ ਸਰਕਾਰ ਖ਼ਾਲਸਾ ਦੇ ਜਰਨੈਲ ਹਨ। (ਪੰਨਾ 430, 431 ਉੱਪਰ) ਲੈਲੀ ਨੂੰ ਘੋੜਾ ਦੱਸਦਾ ਹੈ ਪਰ (ਪੰਨਾ 594, 595




ਉੱਪਰ) ਲੈਲੀ ਅਚਾਨਕ ਘੋੜੀ ਹੋ ਗਈ। ਘੋੜਿਆਂ ਦੇ ਵਪਾਰੀ ਜੋ ਮੁੱਲ ਮੰਗਦੇ ਹਨ, ਮਹਾਰਾਜੇ ਨੂੰ ਮਨਜ਼ੂਰ ਨਹੀਂ। ਹੁਕਮ ਦਿੰਦਾ ਹੈ, ਵਪਾਰੀਆਂ ਨੂੰ ਕੋੜੇ ਮਾਰੋ। ਕੋੜੇ ਖਾ ਕੇ ਵਪਾਰੀ ਜਿੰਨੇ ਪੈਸੇ ਮਿਲੇ ਲੈ ਕੇ ਤੁਰਨ ਦੀ ਕਰਦੇ ਹਨ (ਪੰਨਾ 431), ਨਪੁੰਸਕ ਰਾਜੇ ਦੀਆਂ ਰਾਣੀਆਂ ਪੁੱਤਰ ਜੰਮਦੀਆਂ ਰਹੀਆਂ, ਉਹ ਖ਼ੁਸ਼ੀਆਂ ਮਨਾਉਂਦਾ ਰਿਹਾ (444)।

ਦੂਤ ਖ਼ੁਸ਼ਖ਼ਬਰੀ ਸੁਣਾਉਂਦਾ ਹੈ, "ਮਹਾਰਾਜ, ਕੁੰਵਰ ਖੜਕ ਸਿੰਘ ਨੇ ਮਿਠਨਕੋਟ 'ਤੇ ਕਬਜ਼ਾ ਕਰ ਲਿਆ ਹੈ। ਹੁਣ ਉਸ ਨੇ ਸ਼ਿਕਾਰਪੁਰ ਉੱਪਰ ਕਬਜ਼ਾ ਕਰਨ ਦੀ ਆਗਿਆ ਮੰਗੀ ਹੈ"। ਦੂਤ ਨੇ ਕੁੰਵਰ ਵਾਸਤੇ ਉਸ ਨੇ ਸ਼ਬਦ ਵਰਤੇ ਹਨ, ਉਨ੍ਹਾਂ ਨੇ ਨਹੀਂ।

ਸਹੂਲਤ ਲਈ ਅਤੇ ਖ਼ੁਦ ਨੂੰ ਖ਼ਤਰਨਾਕ ਖ਼ਿਆਲਾਂ ਤੋਂ ਨਿਰਲੇਪ ਕਰਨ ਲਈ ਲੇਖਕ ਨੇ ਇਕ ਪਾਤਰ ਘੜ ਲਿਆ ਹੈ ਪ੍ਰੋਫੈਸਰ ਕੌਤਕੀ। ਕੌਤਕੀ ਲਫ਼ਜ਼ ਆਪਣੇ ਆਪ ਵਿਚ ਹਲਕਾ ਹੈ, ਜਿਵੇਂ ਮਦਾਰੀ। ਕੌਤਕ ਕੋਈ ਨਹੀਂ ਦਿਖਾਉਂਦਾ, ਮਹਾਰਾਜੇ ਦਾ ਨਿੱਘਰਿਆ ਰੂਪ ਪੇਸ਼ ਕਰਦਾ ਹੈ। ਇਹ ਪਾਤਰ ਸੰਜੀਦਾ ਹੋਣ ਦੀ ਥਾਂ ਰਾਮਲੀਲਾ ਦਾ ਮਖੌਲੀਆ ਵਧੀਕ ਲੱਗਦਾ ਹੈ। ਜਿਸ ਤੋਂ ਵਧੀਕ ਗੰਭੀਰਤਾ ਦੀ ਉਮੀਦ ਸੀ, ਉਹੀ ਵਾਰ-ਵਾਰ ਸੰਜੀਦਗੀ ਵਿਚ ਤ੍ਰੇੜਾਂ ਪਾਉਂਦਾ ਹੈ।

ਇਸ ਨਾਵਲ ਨਾਲ ਨਾ ਇਤਿਹਾਸ ਵਿਚ ਕੋਈ ਵਾਧਾ ਹੋਇਆ ਨਾ ਨਾਵਲਕਾਰੀ ਵਿਚ। ਪਾਠਕਾਂ ਨੂੰ ਤੈਸ਼ ਵਿਚ ਆ ਕੇ ਲੇਖਕ ਵਾਸਤੇ ਅਪਸ਼ਬਦ ਨਹੀਂ ਬੋਲਣੇ ਚਾਹੀਦੇ। ਰਣਜੀਤ ਸਿੰਘ ਸਿੱਖਾਂ ਦਾ ਕੋਈ ਧਾਰਮਿਕ ਨੇਤਾ ਨਹੀਂ ਹੈ। ਸਖ਼ਤ ਦਿਲ ਸਖ਼ਤ ਜਾਨ ਹੈ, ਚਤਰ ਹੈ, ਸਵਾਰਥੀ ਹੈ, ਲੋਭੀ ਹੈ, ਰੋਮਾਂਟਿਕ ਹੈ, ਰਾਜੇ ਇਸੇ ਤਰ੍ਹਾਂ ਦੇ ਹੋਇਆ ਕਰਦੇ ਹਨ। ਦੇਖਣਾ ਇਹ ਹੈ ਕਿ ਹਜ਼ਾਰ ਔਗੁਣਾਂ ਦੇ ਹੁੰਦਿਆਂ ਉਸ ਨੇ ਅੱਧੀ ਸਦੀ ਤਕ 8 ਫ਼ੀਸਦੀ ਸਿੱਖਾਂ ਦਾ ਰਾਜ 92 ਫ਼ੀਸਦੀ ਪਰਜਾ ਉੱਪਰ ਕਰਵਾਇਆ ਜਿਸ ਦੇ ਜਿਉਂਦਿਆਂ ਕਿਸੇ ਨੇ ਗੱਦਾਰੀ ਨਹੀਂ ਕੀਤੀ। ਏਸ਼ੀਆ ਵਿਚ ਮੁਸਲਮਾਨਾਂ ਦੇ ਰਾਜ ਸਮੇਂ ਕੇਵਲ ਰਣਜੀਤ ਸਿੰਘ ਇਹ ਜ਼ੁਰਅਤ ਕਰ ਸਕਿਆ ਕਿ ਮੁਸਲਮਾਨ ਦੇਸ਼ਾਂ ਵਿਚਕਾਰ ਘਿਰਿਆ ਹੋਣ ਦੇ ਬਾਵਜੂਦ ਉਸ ਨੇ ਮੁਸਲਮਾਨ ਵਜ਼ੀਰ ਅਤੇ ਜਰਨੈਲ ਰੱਖੇ। ਕਿਸੇ ਮੁਸਲਮਾਨ ਵਜ਼ੀਰ ਜਾਂ ਜਰਨੈਲ ਨੇ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਾਜ਼ਿਸ਼ਾਂ ਵਿਚ ਹਿੱਸਾ ਨਹੀਂ ਲਿਆ, ਗ਼ੱਦਾਰੀ ਨਹੀਂ ਕੀਤੀ। ਮਾਖੇ ਖ਼ਾਨ ਅੰਗਰੇਜ਼ਾਂ ਉੱਪਰ ਤੋਪਾਂ ਦੇ ਗੋਲੇ ਦਾਗ਼ਦਾ ਰਿਹਾ। ਅੰਗਰੇਜ਼ਾਂ ਨੂੰ ਤੀਸਰੀ ਜਾਤ ਕਹਿੰਦਿਆਂ ਸ਼ਾਹ ਮੁਹੰਮਦ ਲਿਖਦਾ ਹੈ :

*ਸੁਖੀ ਬਹੁਤ ਵੱਸਣ ਮੁਸਲਮਾਨ ਹਿੰਦੂ,*
*ਸਿਰ ਦੋਹਾਂ ਦੇ ਉੱਤੇ ਆਫ਼ਾਤ ਆਈ।*
*ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ*
*ਕਦੇ ਨਹੀਂ ਸੀ ਤੀਸਰੀ ਜਾਤ ਆਈ। •*

## ਦੋਹੇ

ਬਾਗੀਂ ਖਿੜੇ ਬਹਾਰ ਕੀ, ਮਾਲੀ ਮਿਲੇ ਮਕਾਰ।
ਖ਼ੁਦ ਹੀ ਧਰਤ ਸੁਆਰੀਏ, ਖ਼ੁਦ ਹੀ ਚੁਣੀਏ ਖ਼ਾਰ।

ਮੌਤ ਮੁਲਤਵੀ ਰਹੇਗੀ, ਹਾਲੇ ਕੁਝ ਕੁ ਸਾਲ।
ਉਨ੍ਹਾਂ ਖੰਜਰ ਖੋਭਿਆ, ਏਸ ਮੁਹਾਰਤ ਨਾਲ।

ਭਖਦੇ ਮੁੱਦੇ ਭੁੱਲ ਕੇ, ਵਿਕ ਜਾਂਦੀ ਹੈ ਵੋਟ।
ਦਿੰਦਾ ਜਦ ਦਸ ਨੰਬਰੀ, ਦੋ ਨੰਬਰ ਦੇ ਨੋਟ।

ਸੱਚੀ-ਸੁੱਚੀ ਕਿਰਤ ਨੂੰ, ਮਿਲਿਆ ਇਹ ਸਨਮਾਨ।
ਖ਼ਾਲੀ ਘਰ ਦੇ ਬੋਝ ਨੇ, ਕੀਤੀ ਕਮਰ ਕਮਾਨ।

ਹੋਸ਼ 'ਚ ਗੁੰਨ੍ਹ ਕੇ ਜੋਸ਼ ਨੂੰ, ਸਿਖ ਜੂਝਣ ਦੀ ਜਾਂਚ।
ਕੇਵਲ ਅੰਨ੍ਹੇ ਜੋਸ਼ ਵਿਚ, ਜਾਂਦੀ ਹੋਸ਼ ਗੁਆਚ।

ਸਾਡੀ ਖ਼ਾਤਰ ਸ਼ਖ਼ਸ ਜੋ, ਜੂਝੇ ਉਮਰ ਤਮਾਮ।
ਕਿਸ ਕੀਤੇ ਇਤਿਹਾਸ 'ਚੋਂ, ਉਹ ਸੂਰੇ ਗੁੰਮਨਾਮ।

ਹੱਥ ਖ਼ੁਦਾ ਦੇ ਡੋਰੀਆਂ, ਕੁਝ ਨਾ ਸਾਡੇ ਹੱਥ।
ਰੱਖਣ ਜਿਹੜੇ ਸੋਚ ਇਹ, ਰਹਿੰਦੇ ਖ਼ਾਲੀ ਹੱਥ।

ਖ਼ੁਦ ਸਰਕਾਰੀ ਮਾਲ ਨੂੰ, ਨੇਤਾ ਜੀ ਬੁੱਕ ਲਾਉਣ।
ਭੁੱਖੇ ਨੰਗਿਆਂ ਵਾਸਤੇ, ਬੁੱਕੀਂ ਵੜੇ ਪਕਾਉਣ।

ਹੋਵੇ ਖ਼ੂਨ ਸਫ਼ੈਦ ਜਦ, ਮਨ ਵਿਚ ਵਧੇ ਖਟਾਸ।
ਕਰਦੀ ਫੇਰ ਖਟਾਸ ਇਹ, ਨਹੁੰਆਂ ਤੋਂ ਵੱਖ ਮਾਸ।

ਰਹਿੰਦਾ ਹੈ ਉਹ ਤੜਪਦਾ, ਭਰਦਾ ਨਾ ਪਰਵਾਜ਼।
ਜਿਹੜਾ ਨਜ਼ਰੋਂ ਡਿੱਗ ਕੇ, ਹੁੰਦਾ ਨਜ਼ਰ-ਅੰਦਾਜ਼।

ਇਸ ਥਾਂ ਕਿਸੇ ਬਹਾਰ ਦੇ, ਮਿਲਦੇ ਕਿਵੇਂ ਨਿਸ਼ਾਨ।
ਰੱਬ ਸਬੱਬੀ ਬਣਦੀਆਂ, ਕੁਝ ਕਣੀਆਂ ਮਹਿਮਾਨ।



• ਹਰਮਿੰਦਰ ਸਿੰਘ ਕੋਹਾਰਵਾਲਾ, ਮੋਬਾਈਲ : 98768-73735

## ਗ਼ਜ਼ਲਾਂ

ਮੇਰੀ ਮਾਸੂਮੀਅਤ ਦੇ ਪੰਖ ਉੱਤੇ ਭਾਰ ਇੰਨਾਂ ਪਾਉ ਨਾ।
ਉੱਡਣ ਦਿਉ ਉੱਚਾ ਅੰਬਰੀਂ ਮੈਨੂੰ ਬਹੁਤਾ ਤਰਸਾਉ ਨਾ।
ਬੋਝ ਵੀ ਮੈਂ ਝੱਲ ਸਕਦਾਂ ਰਹਿ ਸਕਦਾਂ ਥੁੜ੍ਹਾਂ ਦੇ ਵਿਚ,
ਲੇਕਿਨ ਮੇਰੇ ਮੁੱਖ ਤੋਂ ਖ਼ੁਸ਼ੀ ਤੇ ਬਚਪਨ, ਚੁਰਾਉ ਨਾ।
ਪਲ ਵਿਚ ਹੀ ਲੰਘ ਜਾਣਾ ਏ ਸਮਾਂ ਨੰਨੀਆਂ ਖੇਡਾਂ ਦਾ,
ਏ ਖੇਡ ਮੁਨਾਫ਼ੇ ਵਾਲੀ ਦਾ ਮੈਨੂੰ ਹਿੱਸਾ ਅਜੇ ਬਣਾਉ ਨਾ।
ਕੀ ਜਾਤਾਂ, ਕੀ ਧਰਮ ਤੇ ਕੀ ਕਰਨਾ ਮੈਂ ਉਪਦੇਸ਼ਾਂ ਨੂੰ,
ਜਿਉਣ ਜੋਗੀ ਧਰਤ ਉੱਤੇ ਪਲ ਫ਼ੁਰਸਤ ਦੇ ਦਿਵਾਉ ਨਾ।
ਨਾ ਮੈਂ ਚਾਹਾਂ ਮਹਿਲ ਮੁਨਾਰੇ ਤੇ ਨਾ ਚਾਹਾਂ ਵਸਤਾਂ ਨੂੰ,
ਮੈਨੂੰ ਮੇਰੀ ਮਾਂ ਦੀ ਗੋਦੀ ਤੇ ਪਿਉ ਦਾ ਲਾਡ ਭੁਲਾਉ ਨਾ।
ਮਾਰ ਉਡਾਰੀਆਂ ਉੱਚੀਆਂ ਪਹੁੰਚੇ ਦੂਰ ਸਭ ਹਾਣੀ ਮੇਰੇ,
ਪੁੱਜ ਜਾਵਾਂਗਾ ਰੀਂਗ ਕੇ ਨੈਂ ਵੀ ਰਾਹ ਤੋਂ ਮੈਨੂੰ ਭਟਕਾਉ ਨਾ।
ਲੰਬੀਆਂ ਵਾਟਾਂ ਦਾ ਹਾਂ ਰਾਹੀ ਚਾਹੇ ਕਦਮ ਛੋਟੇ ਨੇ ਮੇਰੇ,
ਹਨੇਰਿਆਂ ਵਿਚਾਲੇ ਖੜ੍ਹ ਕੇ ਮੇਰਾ ਰਾਹ ਕੋਈ ਰੁਸ਼ਨਾਉ ਨਾ।



• ਕੁਲਦੀਪ ਹੰਸਪਾਲ, ਮੋਬਾਈਲ : 8872521400

ਰੋਈ ਤਿਤਲੀ ਮਾਲੀ ਰੋਏ।
ਬਾਗ਼ੀਂ ਫੁੱਲ ਕਲੀ ਨੇ ਮੋਏ।
ਐਵੇਂ ਨਜ਼ਰਾਂ ਰਾਹਾਂ ਤੱਕਣ,
ਆਵੇ ਨਾ ਉਹ ਲੋਏ ਲੋਏ।
ਐਸੇ ਉਹ ਪਰਦੇਸ ਗਏ ਨੇ,
ਮੁੜ ਨਾ ਖੁੱਲ੍ਹੇ ਬੂਹੇ ਢੋਏ।
ਦਿਲਬਰ ਬਣ ਕੇ ਕਹਿਰ ਗੁਜ਼ਾਰੇ,
ਰਾਹੀਂ ਮੇਰੇ ਥੋਹਰ ਬੋਏ।
ਰੌਸ਼ਨ ਕਰਦੇ ਜੋ ਮਨ ਮੇਰਾ,
ਕੋਈ ਐਸਾ ਸੂਰਜ ਹੋਏ।
ਮੌਲਾ ਵੈਰੀ ਬਣਿਆ ਮੇਰਾ,
ਲੱਭੇ ਨਾਹੀ ਮੋਤੀ ਖੋਏ।



• ਕਰਮਜੀਤ "ਦਿਉਣ"
ਮੋਬਾਈਲ : 94672-95003

## ਕਵਿਤਾਵਾਂ

### ਹੰਝੂ

ਬੜਾ ਮੁਸ਼ਕਿਲ ਸੀ ਤੈਨੂੰ ਦਿਲ ਦੀ ਸੁਣਾਉਣਾ।
ਨੈਣਾਂ 'ਚ ਰੱਖਣੇ ਹੰਝੂ ਤੇ ਝੂਠਾ ਮੁਸਕਰਾਉਣਾ।
ਜੁਗਨੂੰਆਂ ਦੇ ਕਾਫ਼ਲੇ ਤੋਂ ਸੂਰਜ ਦੀ ਅੱਗ ਮੰਗਣੀ,
ਤੇ ਹਨੇਰੇ 'ਚ ਗ਼ਮ ਦੀ ਲਾਟ ਦਾ ਜਗਮਗਾਉਣਾ।
ਉਦਾਸੀ ਰੁੱਤ ਦੇ ਗਲ਼ ਲੱਗ ਰੋਣਾ ਅਕਸਰ,
ਪਤਝੜ 'ਚ ਬਹਾਰ ਦਾ ਭਰਮ ਬਣਾਉਣਾ।
ਉੱਡਣ ਨਾ ਦੇਣਾ ਯਾਦਾਂ ਦੇ ਪੰਖੇਰੂ ਨੂੰ,
ਮਿਲਣੇ ਦੀ ਤਾਂਘ ਵਿਚ ਜ਼ਿੰਦਗੀ ਬਿਤਾਉਣਾ।
ਸੌਖਾ ਨਹੀਂ ਸੀ, ਤੈਨੂੰ ਲਿਖੇ ਖ਼ਤ ਸਾੜ ਦੇਣੇ,
ਫਿਰ ਰਾਖ ਨੂੰ ਸੀਨੇ ਲਾ ਹੰਝੂ ਵਹਾਉਣਾ।



• ਮਨਿੰਦਰ ਕੌਰ 'ਬਸੀ', ਮੋਬਾਈਲ : 98784-38722

### ਮਾਂ ਦੀ ਸੇਵਾ

ਮਾਂ ਧਰਤੀ ਦਾ ਰੱਬ ਹੈ ਦੂਜਾ
ਮਾਂ ਦੀ ਕਰੋ ਹਮੇਸ਼ਾ ਪੂਜਾ
ਮਾਂ ਦੀ ਮਮਤਾ 'ਚ ਅਥਾਹ ਸ਼ਕਤੀ
ਮਾਂ ਦੀ ਕਰੋ ਸੇਵਾ ਭਗਤੀ
ਮਾਂ ਦਾ ਕਰਜ਼ ਉਤਾਰ ਨਾ ਸਕੇ ਕੋਈ
ਜੋ ਦੁੱਖ ਦੇਵੇ ਮਾਂ ਨੂੰ, ਮਿਲੇ ਨਾ ਉਸ ਨੂੰ ਢੋਈ
ਮਾਂ ਦਾ ਦਿਲ ਜਿਸ ਨੇ ਵੀ ਦੁਖਾਇਆ
ਦੁੱਖ ਤੋਂ ਛੁਟਕਾਰਾ ਉਸ ਕਦੇ ਨਾ ਪਾਇਆ
ਸਦਾ ਹੀ ਮਾਂ ਨੂੰ ਪੁੱਤ 'ਤੇ ਤਰਸ ਹੈ ਆਇਆ
ਨਾ ਉਸ ਨੂੰ ਸਮਝਿਆ ਉਸ ਕਦੇ ਪਰਾਇਆ
ਵਿਰਦੀ ਜੋ ਕਰਨ ਮਾਂ ਦੀ ਰੱਜ ਕੇ ਸੇਵਾ
ਦੋਹੀਂ ਜਹਾਨੀ ਮਿਲੇ ਉਨ੍ਹਾਂ ਨੂੰ ਮੇਵਾ।



• ਅਮਰਜੀਤ ਸਿੰਘ ਵਿਰਦੀ

### ਫੱਟ ਮੁਹੱਬਤਾਂ ਦੇ

ਮਿਲਦੇ ਨਹੀਂ ਲੱਗੇ ਹੋਏ ਡੂੰਘੇ ਫੱਟ ਮੁਹੱਬਤਾਂ ਦੇ।
ਭੁਲਾਇਆਂ ਵੀ ਨਹੀਂ ਭੁੱਲਦੇ ਬੀਤੇ ਝੱਟ ਮੁਹੱਬਤਾਂ ਦੇ।
ਬਾਹਰੋਂ ਦੇਖਣ ਨੂੰ ਤਾਂ ਬੁੱਤ ਪੂਰਾ-ਸੂਰਾ ਦਿੱਸਦਾ ਹੈ,
ਅੰਦਰੋਂ ਘੁਣ ਵਾਂਗੂ ਜਾਂਦੇ ਨੇ ਦੁੱਖ ਚੱਟ ਮੁਹੱਬਤਾਂ ਦੇ।
ਹੁਸਨ ਕੱਚਿਆਂ 'ਤੇ ਠਿੱਲ੍ਹ ਪੈਂਦੈ ਲਾਉਂਦੈ ਜਾਨ ਦੀ ਬਾਜ਼ੀ,
ਮੱਛੀ ਦੀ ਥਾਂ ਭੁੰਨੇ ਜਾਂਦੇ ਜਦੋਂ ਵੀ ਪੱਟ ਮੁਹੱਬਤਾਂ ਦੇ।
ਰੋਗ ਉਮਰਾਂ ਦਾ ਬਣ ਜਾਂਦੀ ਕੀਤੀ ਦੋ ਘੜੀਆਂ ਦੀ ਭੁੱਲ,
ਜਦੋਂ ਲੇਖਾਂ ਵਿਚ ਲਿਖੇ ਹੋਣ, ਲੇਖੇ ਘੱਟ ਮੁਹੱਬਤਾਂ ਦੇ।
ਜਗ ਰੁੱਸਦੈ ਤਾਂ ਰੁੱਸ ਜਾਵੇ ਇਸ ਗੱਲ ਦਾ ਝੋਰਾ ਨਹੀਂ,
ਜਰਨੇ ਬੜੇ ਔਖੇ ਨੇ ਮੱਥੇ ਪਏ ਵੱਟ ਮੁਹੱਬਤਾਂ ਦੇ।
ਚੀਮੇ ਬੇਵਸੀਆਂ ਵੱਸ ਪੈ ਕੇ ਹਾਰਗੇ ਇਸ਼ਕੇ ਦੀ ਬਾਜ਼ੀ,
ਸੱਚੇ ਹੁੰਦਿਆਂ ਝੂਠੇ ਮਿਹਣੇ ਲਏ ਖੱਟ ਮੁਹੱਬਤਾਂ ਦੇ।



• ਅਮਰਬੀਰ ਸਿੰਘ ਚੀਮਾ, ਮੋਬਾਈਲ : 98889-40211

# ਖੇਤਰੀ ਹੁਨਰ ਮੰਤਰੀਆਂ ਦਾ ਸੰਮੇਲਨ 'ਕੌਸ਼ਲ ਮੰਥਨ' ਚੰਡੀਗੜ੍ਹ ਵਿੱਚ ਸਫਲਤਾਪੂਰਵਕ ਆਯੋਜਿਤ

**➢ ਆਈਟੀਆਈ ਅਪਗ੍ਰੇਡੇਸ਼ਨ ਅਤੇ ਸੈਂਟਰ ਆਫ਼ ਐਕਸੀਲੈਂਸ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਖੋਲ੍ਹਣਗੇ: ਸ਼੍ਰੀ ਜਯੰਤ ਚੌਧਰੀ ➢ ਸਾਡੇ ਨੌਜਵਾਨਾਂ ਦੀ ਅਟੁੱਟ ਗਤੀਸ਼ੀਲਤਾ ਅਤੇ ਸਰਗਰਮ ਇਰਾਦਾ ਭਾਰਤ ਨੂੰ ਹੁਨਰ ਅਤੇ ਨਵੀਨਤਾ ਦੇ ਇੱਕ ਮੋਹਰੀ ਗਲੋਬਲ ਹੱਬ ਵਿੱਚ ਬਦਲਣ ਦੀ ਬੁਨਿਆਦ ਹੋਣਗੇ: ਸ਼੍ਰੀ ਜਯੰਤ ਚੌਧਰੀ**

**ਚੰਡੀਗੜ੍ਹ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ ਦੀ ਅਗਵਾਈ ਹੇਠ ÷ਕੌਸ਼ਲ ਮੰਥਨ – ਖੇਤਰੀ ਹੁਨਰ ਮੰਤਰੀਆਂ ਦਾ ਸੰਮੇਲਨ÷ ਅੱਜ ਚੰਡੀਗੜ੍ਹ ਵਿੱਚ ਆਯੋਜਿਤ ਕੀਤਾ ਗਿਆ। ਕਾਨਫਰੰਸ ਦਾ ਵਿਸ਼ਾ ÷ਆਈਟੀਆਈ ਅੱਪਗ੍ਰੇਡੇਸ਼ਨ ਅਤੇ ਰਾਸ਼ਟਰੀ ਉੱਦਮਤਾ ਕੇਂਦਰਾਂ ਦੀ ਸਥਾਪਨਾ ਲਈ ਰਾਸ਼ਟਰੀ ਯੋਜਨਾ÷ ਸੀ। ਮਾਨਯੋਗ ਪ੍ਰਧਾਨ ਮੰਤਰੀ ਦੇ ਹੁਨਰ, ਮੁੜ ਹੁਨਰਮੰਦ ਬਣਾਉਣ ਅਤੇ ਹੁਨਰ ਵਿਕਾਸ ਦੇ ਮੰਤਰ ਤੋਂ ਪ੍ਰੇਰਿਤ, ਕਾਨਫਰੰਸ ਦੀ ਪ੍ਰਧਾਨਗੀ ਭਾਰਤ ਸਰਕਾਰ ਦੇ ਮਾਨਯੋਗ ਹੁਨਰ ਵਿਕਾਸ ਅਤੇ ਉੱਦਮਤਾ ਰਾਜ ਮੰਤਰੀ (ਸੁਤੰਤਰ ਚਾਰਜ) ਅਤੇ ਸਿੱਖਿਆ ਰਾਜ ਮੰਤਰੀ ਸ਼੍ਰੀ ਜਯੰਤ ਚੌਧਰੀ ਨੇ ਕੀਤੀ। ਇਸ ਕਾਨਫਰੰਸ ਵਿੱਚ ਉੱਤਰ ਭਾਰਤ ਦੇ ਵੱਖ-ਵੱਖ ਰਾਜਾਂ ਦੇ ਹੁਨਰ ਵਿਕਾਸ ਮੰਤਰੀ, ਸੰਸਦ ਮੈਂਬਰ, ਸੀਨੀਅਰ ਅਧਿਕਾਰੀ ਅਤੇ ਨੀਤੀ ਨਿਰਮਾਤਾ ਸ਼ਾਮਲ ਹੋਏ। ਇਸ ਕਾਨਫਰੰਸ ਵਿੱਚ ਪੰਜਾਬ, ਚੰਡੀਗੜ੍ਹ, ਦਿੱਲੀ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ, ਲੱਦਾਖ, ਬਿਹਾਰ, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਸਰਕਾਰਾਂ ਨੇ ਸ਼ਿਰਕਤ ਕੀਤੀ।

ਇਸ ਮੌਕੇ 'ਤੇ ਬੋਲਦਿਆਂ, ਕੇਂਦਰੀ ਹੁਨਰ ਵਿਕਾਸ ਅਤੇ ਉੱਦਮਤਾ ਮੰਤਰੀ ਸ਼੍ਰੀ ਜਯੰਤ ਚੌਧਰੀ ਨੇ ਕਿਹਾ, ÷ਇਹ ਕਾਨਫਰੰਸ 'ਸਕਿੱਲ ਇੰਡੀਆ ਮਿਸ਼ਨ' ਨੂੰ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਆਈਟੀਆਈ ਅਪਗ੍ਰੇਡੇਸ਼ਨ ਅਤੇ ਸੈਂਟਰ ਆਫ਼ ਐਕਸੀਲੈਂਸ ਦੀ ਸਥਾਪਨਾ ਨੌਜਵਾਨਾਂ ਨੂੰ ਉਦਯੋਗ-ਅਧਾਰਤ ਆਧੁਨਿਕ ਸਿਖਲਾਈ ਪ੍ਰਦਾਨ ਕਰੇਗੀ, ਜਿਸ ਨਾਲ ਬਿਹਤਰ ਰੋਜ਼ਗਾਰ ਦੇ ਮੌਕੇ ਮਿਲਣਗੇ। ਭਾਰਤ ਵਿਸ਼ਵ ਹੁਨਰ ਅਰਥਵਿਵਸਥਾ ਵਿੱਚ ਵੀ ਮੋਹਰੀ ਭੂਮਿਕਾ ਨਿਭਾਏਗਾ।÷



ਉਨ੍ਹਾਂ ਅੱਗੇ ਦੱਸਿਆ ਕਿ ÷ਭਾਰਤ ਵਿੱਚ 2014 ਵਿੱਚ ਸਿਰਫ਼ 600 ਸਟਾਰਟਅੱਪ ਸਨ, ਪਰ ਇਹ ਗਿਣਤੀ 2025 ਤੱਕ ਵਧ ਕੇ 1.5 ਲੱਖ ਹੋ ਗਈ ਹੈ। ਇਹ ਬਦਲਾਅ ਦਰਸਾਉਂਦਾ ਹੈ ਕਿ ਭਾਰਤ ਦੀ ਨੌਜਵਾਨ ਸ਼ਕਤੀ ਅਤੇ ਹੁਨਰ ਵਿਕਾਸ ਪ੍ਰੋਗਰਾਮ ਇਕੱਠੇ ਦੇਸ਼ ਨੂੰ ਨਵੀਨਤਾ ਅਤੇ ਉੱਦਮਤਾ ਦੇ ਇੱਕ ਨਵੇਂ ਯੁੱਗ ਵਿੱਚ ਅੱਗੇ ਲੈ ਜਾ ਰਹੇ ਹਨ।÷ ਸ਼੍ਰੀ ਚੌਧਰੀ ਨੇ ਇਹ ਵੀ ਕਿਹਾ ਕਿ ਮਹਿਲਾਵਾਂ ਭਾਰਤ ਦੀ ਆਬਾਦੀ ਦਾ ਅੱਧਾ ਹਿੱਸਾ ਹਨ ਅਤੇ ਉਹ ਆਰਥਿਕਤਾ ਵਿੱਚ ਸਰਗਰਮੀ ਨਾਲ ਹਿੱਸਾ ਲੈ ਰਹੀਆਂ ਹਨ। ਅੱਜ, ਮਹਿਲਾਵਾਂ ਦੇਸ਼ ਦੇ ਕਾਰਜਬਲ ਦਾ ਲਗਭਗ 40% ਬਣ ਗਈਆਂ ਹਨ। ਇਹ ਭਾਗੀਦਾਰੀ ਭਾਰਤ ਦੀ ਤਰੱਕੀ ਅਤੇ ਸੰਮਲਿਤ ਵਿਕਾਸ ਦੀ ਪ੍ਰੇਰਕ ਸ਼ਕਤੀ ਹੈ।

ਸ਼੍ਰੀ ਜਯੰਤ ਚੌਧਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਦੇ ਨੌਜਵਾਨਾਂ ਦੀ ਅਟੁੱਟ ਗਤੀਸ਼ੀਲਤਾ ਅਤੇ ਸਰਗਰਮ ਇਰਾਦਾ ਦੇਸ਼ ਨੂੰ ਹੁਨਰ ਅਤੇ ਨਵੀਨਤਾ ਦੇ ਇੱਕ ਮੋਹਰੀ ਗਲੋਬਲ ਹੱਬ ਵਿੱਚ ਬਦਲਣ ਲਈ ਨੀਂਹ ਵਜੋਂ ਕੰਮ ਕਰੇਗਾ। ਉਨ੍ਹਾਂ ਅੱਗੇ ਜ਼ੋਰ ਦਿੱਤਾ ਕਿ ਮਹਿਲਾਵਾਂ ਦੀ ਭਾਗੀਦਾਰੀ ਭਾਰਤ ਦੀ ਤਰੱਕੀ ਅਤੇ ਸੰਮਲਿਤ ਵਿਕਾਸ ਦੇ ਪਿੱਛੇ ਦੀ ਪ੍ਰੇਰਕ ਸ਼ਕਤੀ ਹੈ, ਜੋ ਉਨ੍ਹਾਂ ਨੂੰ ਟਿਕਾਊ ਅਤੇ ਬਰਾਬਰ ਵਿਕਾਸ ਵੱਲ ਦੇਸ਼ ਦੀ ਯਾਤਰਾ ਦੇ ਕੇਂਦਰ ਵਿੱਚ ਰੱਖਦੀ ਹੈ।

ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਆਈਟੀਆਈ ਅਪਗ੍ਰੇਡੇਸ਼ਨ ਸਕੀਮ ਲਈ ਫੰਡ ਕੇਂਦਰ ਸਰਕਾਰ ਵਲੋਂ ਪ੍ਰਦਾਨ ਕੀਤੇ ਜਾਣਗੇ, ਪਰ ਰਾਜਾਂ ਨੂੰ ਇਸਦੇ ਅਮਲ ਵਿੱਚ ਪੂਰੀ ਲਚਕਤਾ ਦਿੱਤੀ ਜਾਵੇਗੀ। ਇਹ ਇੱਕ ਮੰਗ-ਅਧਾਰਤ ਯੋਜਨਾ ਹੋਵੇਗੀ, ਜਿਸ ਵਿੱਚ ਨਿੱਜੀ ਭਾਈਵਾਲਾਂ, ਅਕਾਦਮਿਕ ਸੰਸਥਾਵਾਂ ਅਤੇ ਮਹਿਲਾਵਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇਗਾ। ਇਸ ਦੇ ਨਾਲ ਹੀ, ਆਈਟੀਆਈ ਵਿਦਿਆਰਥੀਆਂ ਨੂੰ ਅਪ੍ਰੈਂਟਿਸਸ਼ਿਪ ਦੇ ਮੌਕੇ ਪ੍ਰਦਾਨ ਕੀਤੇ ਜਾਣਗੇ ਅਤੇ ਸਰਕਾਰ ਉਨ੍ਹਾਂ ਲਈ ਵਜ਼ੀਫ਼ਾ ਪ੍ਰਦਾਨ ਕਰੇਗੀ। ਇਹ ਸਕੀਮ ਕਲੱਸਟਰ-ਅਧਾਰਤ ਢੰਗ ਨਾਲ ਲਾਗੂ ਕੀਤੀ ਜਾਵੇਗੀ, ਤਾਂ ਜੋ ਖੇਤਰੀ ਲੋੜਾਂ ਅਨੁਸਾਰ ਵਧੀਆ ਨਤੀਜੇ ਪ੍ਰਾਪਤ ਕੀਤੇ ਜਾ ਸਕਣ।

ਉਨ੍ਹਾਂ ਇਹ ਵੀ ਦੱਸਿਆ ਕਿ ÷2024 ਤੱਕ ਆਈਟੀਆਈ ਅਪਗ੍ਰੇਡੇਸ਼ਨ ਸਕੀਮ ਤਹਿਤ ਲਗਭਗ 4.5 ਲੱਖ ਸੀਟਾਂ ਐਫੀਲੀਏਟ ਕੀਤੀਆਂ ਗਈਆਂ ਹਨ, ਜੋ ਵੱਧ ਤੋਂ ਵੱਧ ਨੌਜਵਾਨਾਂ ਨੂੰ ਮਿਆਰੀ ਸਿਖਲਾਈ ਅਤੇ ਰੋਜ਼ਗਾਰ-ਅਧਾਰਤ ਸਿੱਖਿਆ ਪ੍ਰਦਾਨ ਕਰੇਗੀ।

ਇਸ ਮੌਕੇ ਸ਼੍ਰੀ ਚੌਧਰੀ ਨੇ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਪੰਜਾਬ ਦੀਆਂ ਆਈਟੀਆਈ ਸੰਸਥਾਵਾਂ ਵਿੱਚ ਸੀਟਾਂ ਭਰ ਰਹੀਆਂ ਹਨ, ਜੋ ਕਿ ਇੱਕ ਸਕਾਰਾਤਮਕ ਸੰਕੇਤ ਹੈ ਅਤੇ ਹੁਨਰ ਵਿਕਾਸ ਪ੍ਰਤੀ ਨੌਜਵਾਨਾਂ ਦੀ ਵੱਧ ਰਹੀ ਰੁਚੀ ਨੂੰ ਦਰਸਾਉਂਦਾ ਹੈ। ਹਰੇਕ ਰਾਜ ਦੀ ਆਪਣੀ ਵਿਲੱਖਣਤਾ ਹੈ, ਪਰ ਸਿਰਫ਼ ਸਰੋਤਾਂ ਨੂੰ ਇਕੱਠਾ ਕਰਕੇ, ਰਣਨੀਤੀਆਂ ਦਾ ਤਾਲਮੇਲ ਬਣਾ ਕੇ ਅਤੇ ਉਦਯੋਗ ਨੂੰ ਬਰਾਬਰ ਦਾ ਭਾਈਵਾਲ ਬਣਾ ਕੇ ਹੀ ਅਸੀਂ ਆਈਟੀਆਈ ਵਿੱਚ ਬਦਲਾਅ ਲਿਆ ਸਕਦੇ ਹਾਂ, ਨੌਜਵਾਨਾਂ ਨੂੰ ਮਜ਼ਬੂਤ ਬਣਾ ਸਕਦੇ ਹਾਂ ਅਤੇ ਇੱਕ ਅਜਿਹਾ ਮਾਹੌਲ ਸਿਰਜ ਸਕਦੇ ਹਾਂ ਜਿੱਥੇ ਹੁਨਰ ਰੋਜ਼ਗਾਰ, ਉੱਦਮਤਾ ਅਤੇ ਕਿਰਤ ਦੇ ਮਾਣ ਲਈ ਰਾਹ ਪੱਧਰਾ ਕਰਦੇ ਹੋਣ। ਕੌਸ਼ਲ ਮੰਥਨ ਸਿਰਫ਼ ਇੱਕ ਕਾਨਫਰੰਸ ਨਹੀਂ ਹੈ – ਇਹ 2047 ਵਿੱਚ ਵਿਕਸਿਤ ਭਾਰਤ ਲਈ ਹੁਨਰ ਵਿਕਾਸ ਨੂੰ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਾਂਝੇ ਕਦਮ ਚੁੱਕਣ ਦਾ ਸੱਦਾ ਹੈ।

ਆਪਣੇ ਸੰਬੋਧਨ ਵਿੱਚ ਉਨ੍ਹਾਂ ਇਹ ਵੀ ਕਿਹਾ ਕਿ ਹੁਨਰ ਵਿਕਾਸ ਨਾ ਸਿਰਫ਼ ਸਰਕਾਰ ਦੀ ਜ਼ਿੰਮੇਵਾਰੀ ਹੈ, ਸਗੋਂ ਦੇਸ਼ ਦੇ ਨੌਜਵਾਨਾਂ ਦੀ ਵੀ ਜ਼ਿੰਮੇਵਾਰੀ ਹੈ। ਨੌਜਵਾਨਾਂ ਨੂੰ ਭਾਰਤ ਨੂੰ ਇੱਕ ਆਲਮੀ ਹੁਨਰ ਕੇਂਦਰ ਵਜੋਂ ਸਥਾਪਤ ਕਰਨ ਲਈ ਇਸ ਮਿਸ਼ਨ ਵਿੱਚ ਸਰਗਰਮੀ ਨਾਲ ਸ਼ਾਮਲ ਹੋਣਾ ਚਾਹੀਦਾ ਹੈ।

ਅੰਤ ਵਿੱਚ, ਉਨ੍ਹਾਂ ਨੇ ਰਾਜ ਦੇ ਪ੍ਰਤੀਨਿਧੀਆਂ ਨੂੰ ÷ਆਪਣੇ ਵਿਚਾਰ ਖੁੱਲ੍ਹ ਕੇ ਸਾਂਝੇ ਕਰਨ÷ ਦਾ ਸੱਦਾ ਦਿੱਤਾ ਤਾਂ ਜੋ ਇਸ ਰਾਸ਼ਟਰੀ ਯੋਜਨਾ ਨੂੰ ਜ਼ਮੀਨੀ ਪੱਧਰ ਤੱਕ ਸਫਲਤਾਪੂਰਵਕ ਲਿਜਾਣ ਲਈ ਠੋਸ ਅਤੇ ਵਿਹਾਰਕ ਰਣਨੀਤੀਆਂ ਤਿਆਰ ਕੀਤੀਆਂ ਜਾ ਸਕਣ।

ਇਸ ਕਾਨਫਰੰਸ ਵਿੱਚ ਸ਼੍ਰੀ ਵਿਕਰਮਜੀਤ ਸਿੰਘ ਸਾਹਨੀ, ਮਾਨਯੋਗ ਸੰਸਦ ਮੈਂਬਰ (ਰਾਜ ਸਭਾ) ਅਤੇ ਉਪ ਚੇਅਰਮੈਨ, ਰਾਸ਼ਟਰੀ ਅਪ੍ਰੈਂਟਿਸਸ਼ਿਪ ਅਤੇ ਖੇਡਾਂ, ਹੁਨਰ ਯੋਜਨਾਬੰਦੀ ਅਤੇ ਉੱਦਮਤਾ ਨੀਤੀ ਨਿਰਮਾਣ; ਸ਼੍ਰੀ ਕਪਿਲ ਦੇਵ ਅਗਰਵਾਲ, ਮਾਨਯੋਗ ਰਾਜ ਮੰਤਰੀ (ਸੁਤੰਤਰ ਚਾਰਜ) ਕਿੱਤਾਮੁਖੀ ਸਿੱਖਿਆ ਅਤੇ ਹੁਨਰ ਵਿਕਾਸ, ਉੱਤਰ ਪ੍ਰਦੇਸ਼ ਸਰਕਾਰ; ਸ਼੍ਰੀ ਮਨਜਿੰਦਰ ਸਿੰਘ ਸਿਰਸਾ, ਮਾਨਯੋਗ ਕੈਬਨਿਟ ਮੰਤਰੀ, ਉਦਯੋਗ, ਖੁਰਾਕ ਅਤੇ ਸਪਲਾਈ, ਅਤੇ ਵਾਤਾਵਰਣ, ਜੰਗਲਾਤ ਅਤੇ ਜੰਗਲੀ ਜੀਵ, ਦਿੱਲੀ ਸਰਕਾਰ; ਸ਼੍ਰੀ ਕ੍ਰਿਸ਼ਨ ਕੁਮਾਰ ਵਿਸ਼ਨੋਈ, ਰਾਜਸਥਾਨ ਸਰਕਾਰ ਦੇ ਉਦਯੋਗ ਅਤੇ ਵਣਜ ਅਤੇ ਖੇਡ ਅਤੇ ਯੁਵਾ ਮਾਮਲੇ, ਰੋਜ਼ਗਾਰ ਅਤੇ ਉੱਦਮਤਾ ਨੀਤੀ ਨਿਰਮਾਣ ਰਾਜ ਮੰਤਰੀ; ਸ਼੍ਰੀ ਹਰਜੋਤ ਸਿੰਘ ਬੈਂਸ, ਮਾਨਯੋਗ ਕੈਬਨਿਟ ਮੰਤਰੀ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਉੱਚ ਸਿੱਖਿਆ ਅਤੇ ਭਾਸ਼ਾਵਾਂ ਅਤੇ ਸਕੂਲ ਸਿੱਖਿਆ, ਪੰਜਾਬ ਸਰਕਾਰ; ਸ਼੍ਰੀ ਅਮਨ ਅਰੋੜਾ, ਮਾਨਯੋਗ ਕੈਬਨਿਟ ਮੰਤਰੀ, ਰੋਜ਼ਗਾਰ ਸਿਰਜਣ, ਹੁਨਰ ਵਿਕਾਸ ਅਤੇ ਸਿਖਲਾਈ, ਪੰਜਾਬ ਸਰਕਾਰ; ਅਤੇ ਸ਼੍ਰੀ ਰਾਜੇਸ਼ ਧਰਮਾਣੀ, ਮਾਨਯੋਗ ਕੈਬਨਿਟ ਮੰਤਰੀ, ਤਕਨੀਕੀ ਸਿੱਖਿਆ, ਕਿੱਤਾਮੁਖੀ ਅਤੇ ਉਦਯੋਗਿਕ ਸਿਖਲਾਈ, ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਰਕਤ ਕੀਤੀ।

ਇਸ ਪਲੇਟਫਾਰਮ ਰਾਹੀਂ, ਦੇਸ਼ ਦੇ ਹੁਨਰ ਵਿਕਾਸ ਵਾਤਾਵਰਣ ਨੂੰ ਹੋਰ ਮਜ਼ਬੂਤ ਕਰਨ, ਗੁਣਵੱਤਾ ਸਿਖਲਾਈ ਦੇ ਮਿਆਰਾਂ ਨੂੰ ਉਤਸ਼ਾਹਿਤ ਕਰਨ ਅਤੇ ਸਿਖਲਾਈ ਵਿੱਚ ਆਧੁਨਿਕ ਟੈਕਨੋਲੋਜੀਆਂ ਨੂੰ ਸ਼ਾਮਲ ਕਰਨ 'ਤੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਸਮਾਗਮ ਵਿੱਚ 'ਨੈਸ਼ਨਲ ਆਈਟੀਆਈ ਅਪਗ੍ਰੇਡੇਸ਼ਨ ਅਤੇ ਨੈਸ਼ਨਲ ਸੈਂਟਰ ਆਫ਼ ਐਕਸੀਲੈਂਸ ਸਕੀਮ' ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ। ਇਸ ਸਕੀਮ ਦੇ ਤਹਿਤ, ਦੇਸ਼ ਭਰ ਵਿੱਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਨੈਸ਼ਨਲ ਸਕਿੱਲ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕੀਤੇ ਜਾਣਗੇ। ਇਹ ਸੈਂਟਰ ਨਾ ਸਿਰਫ਼ ਉੱਨਤ ਸਿਖਲਾਈ ਪ੍ਰਦਾਨ ਕਰਨਗੇ ਬਲਕਿ ਉਦਯੋਗ ਦੀਆਂ ਲੋੜਾਂ ਦੇ ਅਨੁਸਾਰ ਖੋਜ, ਨਵੀਨਤਾ ਅਤੇ ਹੁਨਰ ਵਿਕਾਸ ਨੂੰ ਵੀ ਉਤਸ਼ਾਹਿਤ ਕਰਨਗੇ। ਕਾਨਫਰੰਸ ਵਿੱਚ ਹੋਏ ਤਕਨੀਕੀ ਸੈਸ਼ਨਾਂ ਵਿੱਚ, ਇੰਡਸਟਰੀ 4.0 ਦੇ ਅਨੁਸਾਰ ਡਿਜੀਟਲ ਲਰਨਿੰਗ ਪਲੇਟਫਾਰਮ, ਹੁਨਰ ਮਿਆਰੀਕਰਨ ਅਤੇ ਸਿਖਲਾਈ ਰਣਨੀਤੀਆਂ ਵਰਗੇ ਵਿਸ਼ਿਆਂ 'ਤੇ ਵੀ ਚਰਚਾ ਕੀਤੀ ਗਈ।

ਕਾਨਫਰੰਸ ਦਾ ਮੁੱਖ ਫੋਕਸ ਹਾਲ ਹੀ ਵਿੱਚ ਮਨਜ਼ੂਰ ?60,000 ਕਰੋੜ ਦੀ ਰਾਸ਼ਟਰੀ ਆਈਟੀਆਈ ਅਪਗ੍ਰੇਡੇਸ਼ਨ ਸਕੀਮ ਅਤੇ ਸੈਂਟਰ ਆਫ਼ ਐਕਸੀਲੈਂਸ ਸਥਾਪਨਾ ਸਕੀਮ ਸੀ, ਜਿਸ ਦੇ ਤਹਿਤ 1,000 ਸਰਕਾਰੀ ਆਈਟੀਆਈਜ਼ ਨੂੰ ਇੱਕ ਹੱਬ-ਐਂਡ-ਸਪੋਕ ਮਾਡਲ ਰਾਹੀਂ ਵਿਸ਼ਵ ਪੱਧਰੀ ਸੰਸਥਾਵਾਂ ਵਿੱਚ ਬਦਲਿਆ ਜਾਵੇਗਾ। ਇਹ ਪਰਿਵਰਤਨ ਉਦਯੋਗ-ਅਗਵਾਈ ਵਾਲੇ ਵਿਸ਼ੇਸ਼ ਮੰਤਵ ਵਾਹਨਾਂ (ਐੱਸਪੀਵੀ) ਨਾਲ ਚਲਾਇਆ ਜਾਵੇਗਾ।

ਇਸ ਯੋਜਨਾ ਦੇ ਨਾਲ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ 4.0 (ਪੀਐੱਮਕੇਵੀਵਾਈ 4.0), ਰਾਸ਼ਟਰੀ ਅਪ੍ਰੈਂਟਿਸਸ਼ਿਪ ਪ੍ਰਮੋਸ਼ਨ ਯੋਜਨਾ (ਐੱਨਏਪੀਐੱਸ) ਅਤੇ ਜਨ ਸਿੱਖਿਆ ਸੰਸਥਾਨ (ਜੇਐੱਸਐੱਸ) ਵਰਗੇ ਪ੍ਰਮੁੱਖ ਪ੍ਰੋਗਰਾਮਾਂ 'ਤੇ ਵੀ ਚਰਚਾ ਕੀਤੀ ਗਈ। ਭਾਗੀਦਾਰਾਂ ਨੇ ਖੇਤਰੀ ਉਦਯੋਗਿਕ ਮੰਗਾਂ ਨਾਲ ਰਾਜ-ਪੱਧਰੀ ਪ੍ਰੋਗਰਾਮਾਂ ਅਤੇ ਯੋਜਨਾਵਾਂ ਨੂੰ ਬਿਹਤਰ ਢੰਗ ਨਾਲ ਜੋੜਨ ਦੀ ਲੋੜ 'ਤੇ ਜ਼ੋਰ ਦਿੱਤਾ।

## ਐਸ ਐਸ ਪੀ ਗਗਨ ਅਜੀਤ ਸਿੰਘ ਵੱਲੋਂ ਟ੍ਰੈਫਿਕ ਪੁਲਿਸ ਇੰਚਾਰਜ ਬਲਵੀਰ ਸਿੰਘ ਨੂੰ ਪੁਲਿਸ ਡਿਸਕ ਨਾਲ ਕੀਤਾ ਸਨਮਾਨਿਤ



**ਮਲੇਰਕੋਟਲਾ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲਿਸ ਦੇ ਡੀ ਜੀ ਪੀ ਗੌਰਵ ਯਾਦਵ ਵੱਲੋਂ ਐਸ ਐਸ ਪੀ ਮਾਲੇਰਕੋਟਲਾ ਗਗਨ ਅਜੀਤ ਸਿੰਘ ਨੇ ਜ਼ਿਲਾ ਟ੍ਰੈਫਿਕ ਇੰਚਾਰਜ ਬਲਵੀਰ ਸਿੰਘ ਨੂੰ ਉਹਨਾਂ ਵੱਲੋਂ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਪੁਲਿਸ ਡਿਸਕ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਡੀ ਐਸ ਪੀ ਰਣਜੀਤ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਐਸ ਐਸ ਪੀ ਗਗਨ ਅਜੀਤ ਸਿੰਘ ਨੇ ਟ੍ਰੈਫਿਕ ਪੁਲਿਸ ਇੰਚਾਰਜ ਬਲਵੀਰ ਸਿੰਘ ਨੂੰ ਹੋਰ ਮਿਹਨਤ ਅਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਲਈ ਪ੍ਰੇਰਿਤ ਕੀਤਾ। ਜਦੋਂ ਕਿ ਬਲਬੀਰ ਸਿੰਘ ਨੇ ਇਸ ਸਨਮਾਨ ਲਈ ਡੀ ਜੀ ਪੀ ਪੰਜਾਬ ਗੌਰਵ ਯਾਦਵ ਅਤੇ ਐਸ ਐਸ ਪੀ ਗਗਨ ਅਜੀਤ ਸਿੰਘ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਵਾਇਆ ਕਿ ਉਹ ਆਪਣੀ ਡਿਊਟੀ ਪਹਿਲਾਂ ਨਾਲੋਂ ਵੀ ਵੱਧ ਮਿਹਨਤ, ਇਮਾਨਦਾਰੀ ਅਤੇ ਉਤਸਾਹ ਨਾਲ ਨਿਭਾਉਣਗੇ।

## ਆਯੁਰਵੈਦਿਕ ਵਿਭਾਗ ਪੰਜਾਬ ਅਤੇ ਗ੍ਰਾਮ ਪੰਚਾਇਤ ਰੋਹੀੜਾ ਵਲੋਂ ਆਯੂਸ਼ ਕੈਂਪ ਸਫਤਲਤਾ ਪੂਰਵਕ ਸੰਪੰਨ



**ਮਲੇਰਕੋਟਲਾ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਰੋਹੀੜਾ ਵਿਖੇ ਆਯੂਸ਼ ਕੈਂਪ ਦਾ ਉਦਘਾਟਨ ਕੁਲਵੰਤ ਸਿੰਘ ਗੱਜਣ ਮਾਜਰਾ , ਭਰਾ ਵਿਧਾਇਕ ਐਮ ਐਲ ਏ ਅਮਰਗੜ੍ਹ ਨੇ ਕੀਤਾ । ਇਸ ਕੈਂਪ ਵਿਚ ਡਾਕਟਰ ਰੁਬੀਨਾ ਖ਼ਾਨ, ਡਾਕਟਰ ਮੁਹੰਮਦ ਵਾਹਿਦ , ਡਾਕਟਰ ਜਸਦੀਪ ਸਿੰਘ, ਨੇ ਮੌਜੂਦਾ ਮਰੀਜ਼ਾਂ ਦਾ ਚੈਕ ਅੱਪ ਕੀਤਾ। ਕੈਂਪ ਇੰਚਾਰਜ ਡਾਕਟਰ ਮੁਹੰਮਦ ਅਕਮਲ ਨੇ ਦੱਸਿਆ ਕਿ, ਡਾਇਰੈਕਟਰ ਆਫ ਆਯੁਰਵੈਦਾ ਡਾਕਟਰ ਰਵੀ ਡੂਮਰਾ ਜੀ , ਦੇ ਦਿਸ਼ਾ ਨਿਰਦੇਸ਼ਾਂ ਸਦਕਾ ਅਤੇ ਜਿਲਾ ਆਯੁਰਵੈਦਿਕ ਅਤੇ ਯੂਨਾਨੀ ਅਫ਼ਸਰ ਡਾਕਟਰ ਮਲਕੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਆਯੂਸ਼ ਕੈਂਪ ਲਗਾਇਆ ਗਿਆ ਹੈ ਜਿਸ ਵਿਚ 649 ਮਰੀਜ਼ਾਂ ਨੇ ਲਾਭ ਉਠਾਇਆ ਹੈ।

ਇਸ ਆਯੂਸ਼ ਕੈਂਪ ਵਿੱਚ ਗ੍ਰਾਮ ਪੰਚਾਇਤ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ, ਸਰਪੰਚ ਸ਼ਬਨਮ ਜੀ, ਮੈਂਬਰ ਪੰਚਾਇਤ ਅਬਦੁਲ ਸੱਤਾਰ, ਮੁਰਤਜ਼ਾ ਖਾਨ, ਬਿਲਕਿਸਾਂ, ਸਮਈਆ, ਅਬਦੁਲ ਸ਼ਕੂਰ (ਬੌਬੀ) ਸਰਪੰਚ, ਜਰਨੈਲ ਸਿੰਘ, ਫੈਰੋਜ਼ ਖਾਨ, ਮੌਜੂਦ ਰਹੇ।

ਅਤੇ ਫਾਰਮਾਸਿਸਟ ਹਰਜੋਤ ਸਿੰਘ ਲੈਲ, ਗੁਰਪ੍ਰੀਤ ਸਿੰਘ, ਰਾਜਵਿੰਦਰ ਸਿੰਘ, ਸਿਕੰਦਰ ਸ਼ਰਮਾ, ਰੁਬੀਨਾ, ਨੀਰੂ ਗਰਗ ਨੇ ਡਿਊਟੀ ਨਿਭਾਈ। ਤਾਹਿਰ ਹੁਸੈਨ , ਸੁਖਦੀਪ ਸਿੰਘ, ਚਮਨਪ੍ਰੀਤ ਕੌਰ, ਸਤਿਆ ਦੇਵੀ, ਸੁਖਵਿੰਦਰ ਕੌਰ, ਕਰਮਜੀਤ ਕੌਰ, ਪਰਮਜੀਤ ਕੌਰ, ਕੁਲਵੰਤ ਕੌਰ ਨੇ ਸੇਵਾ ਨਿਭਾਈ।

# ਹਰਜੋਤ ਸਿੰਘ ਬੈਂਸ ਵੱਲੋਂ ਲੁਧਿਆਣਾ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਕਿੱਲਜ਼ ਅਤੇ ਪੰਜਾਬ ਵਿੱਚ 5 ਆਈ.ਟੀ.ਆਈ. ਹੱਬ ਸਥਾਪਤ ਕਰਨ ਦੀ ਮੰਗ

**ਤਕਨੀਕੀ ਸਿੱਖਿਆ ਮੰਤਰੀ ਨੇ ਸਕਿੱਲ ਮੰਤਰੀਆਂ ਦੀ ਖੇਤਰੀ ਕਾਨਫਰੰਸ ਦੌਰਾਨ ਕੇਂਦਰੀ ਰਾਜ ਮੰਤਰੀ ਅੱਗੇ ਰੱਖੀਆਂ ਮੰਗਾਂ**

**ਚੰਡੀਗੜ੍ਹ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਦੇ ਨੌਜਵਾਨਾਂ ਨੂੰ ਉਦਯੋਗ ਨਾਲ ਸਬੰਧਤ ਸਿਖਲਾਈ ਪ੍ਰਦਾਨ ਕਰਕੇ ਹੁਨਰ ਦੇ ਪਾੜੇ ਨੂੰ ਪੂਰਨ ਅਤੇ ਪੰਜਾਬ ਨੂੰ ਹੁਨਰ ਵਿਕਾਸ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਵਾਸਤੇ ਪੰਜਾਬ ਦੇ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਲੁਧਿਆਣਾ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਕਿੱਲਜ਼ ਅਤੇ ਸੂਬੇ ਭਰ ਵਿੱਚ ਪੰਜ ਆਈ.ਟੀ.ਆਈ. ਹੱਬ ਸਥਾਪਤ ਕੀਤੇ ਜਾਣ।

ਸ. ਬੈਂਸ ਨੇ ਕੇਂਦਰੀ ਹੁਨਰ ਵਿਕਾਸ ਅਤੇ ਉੱਦਮਤਾ ਬਾਰੇ ਰਾਜ ਮੰਤਰੀ ਸ੍ਰੀ ਜਯੰਤ ਚੌਧਰੀ ਦੀ ਪ੍ਰਧਾਨਗੀ ਹੇਠ ਹੋਏ ਸਕਿੱਲ ਮੰਤਰੀਆਂ ਦੀ ਖੇਤਰੀ ਕਾਨਫਰੰਸ ਦੌਰਾਨ ਇਹ ਮੰਗਾਂ ਰੱਖੀਆਂ ।



ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਸ. ਹਰਜੋਤ ਸਿੰਘ ਬੈਂਸ ਨੇ ਇੰਡੀਅਨ ਇੰਸਟੀਚਿਊਟ ਆਫ਼ ਸਕਿੱਲਜ਼ ਲਈ ਲੁਧਿਆਣਾ ਢੁਕਵਾਂ ਸਥਾਨ ਹੋਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਉਦੇਸ਼ ਲਈ ਇਸ ਉਦਯੋਗਿਕ ਸ਼ਹਿਰ ਵਿੱਚ 20 ਏਕੜ ਜ਼ਮੀਨ ਉਪਲਬਧ ਹੈ।

ਸ. ਹਰਜੋਤ ਸਿੰਘ ਬੈਂਸ ਨੇ ਤਕਨੀਕੀ ਸਿੱਖਿਆ ਵਿੱਚ ਪੰਜਾਬ ਦੀ ਸ਼ਾਨਦਾਰ ਪ੍ਰਗਤੀ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਾਲ 2022 ਤੋਂ ਸੂਬੇ ਨੇ ਆਪਣੀਆਂ ਆਈ.ਟੀ.ਆਈਜ਼ ਵਿੱਚ ਸੀਟਾਂ ਦੀ ਗਿਣਤੀ 25,000 ਤੋਂ ਵਧਾ ਕੇ 52,000 ਕਰ ਦਿੱਤਾ ਹੈ, ਜੋ ਦੁੱਗਣੇ ਤੋਂ ਵੀ ਵੱਧ ਬਣਦੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਦਾਖਲਾ ਦਰ ਪਿਛਲੇ ਸਮੇਂ ਦੀ 60 ਫ਼ੀਸਦ ਤੋਂ ਵੱਧ ਕੇ 98 ਫ਼ੀਸਦ ਹੋਣ ਦਾ ਅਨੁਮਾਨ ਹੈ, ਜਦੋਂ ਕਿ ਬੁਨਿਆਦੀ ਢਾਂਚੇ ਦੀ ਸਰਵੋਤਮ ਵਰਤੋਂ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਵਧੇਰੇ ਹੁਨਰਮੰਦ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਤਕਨੀਕੀ ਸਿੱਖਿਆ ਵਿੱਚ ਵੀ ਵਿਆਪਕ ਪ੍ਰਗਤੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਰਾਣੇ ਕੋਰਸਾਂ ਦੀ ਥਾਂ ਉਦਯੋਗਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਅਤੇ ਬਾਜ਼ਾਰ ਦੀ ਮੰਗ ਅਨੁਸਾਰ ਤਿਆਰ ਕੀਤੀਆਂ ਗਈਆਂ 814 ਨਵੀਆਂ ਟ੍ਰੇਡਾਂ ਸ਼ੁਰੂ ਕੀਤੀਆਂ ਗਈਆਂ ਹਨ। ਇਨ੍ਹਾਂ ਟ੍ਰੇਡਾਂ ਨੂੰ ਉਦਯੋਗ ਭਾਈਵਾਲਾਂ ਅਤੇ ਉਦਯੋਗਿਕ ਪ੍ਰਬੰਧਨ ਕਮੇਟੀਆਂ (ਆਈ.ਐਮ.ਸੀਜ਼) ਨਾਲ ਵਿਆਪਕ ਸਲਾਹ-ਮਸ਼ਵਰੇ ਉਪਰੰਤ ਵਿਕਸਤ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀਆਂ ਨੂੰ ਮੰਗ ਅਨੁਸਾਰ ਹੁਨਰਾਂ ਨਾਲ ਲੈਸ ਕੀਤਾ ਜਾ ਸਕੇ ਅਤੇ ਉਨ੍ਹਾਂ ਦੀ ਰੁਜ਼ਗਾਰਯੋਗਤਾ ਅਤੇ ਨੌਕਰੀ ਪ੍ਰਾਪਤ ਕਰਨ ਲਈ ਤਿਆਰੀ ਨੂੰ ਵਧਾਇਆ ਜਾ ਸਕੇ। ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਹੁਨਰ ਦੇ ਪਾੜੇ ਨੂੰ ਖ਼ਤਮ ਕਰਨ ਲਈ ਸੋਨਾਲੀਕਾ, ਹੀਰੋ ਆਦਿ ਸਮੇਤ ਉਦਯੋਗਿਕ ਦਿੱਗਜ਼ਾਂ ਨਾਲ ਮਹੱਤਵਪੂਰਨ ਭਾਈਵਾਲੀਆਂ ਕੀਤੀਆਂ ਹਨ। ਉਹਨਾਂ ਅੱਗੇ ਕਿਹਾ ਕਿ ਇਹ ਭਾਈਵਾਲੀਆਂ ਆਈ.ਟੀ.ਆਈ. ਗ੍ਰੈਜੂਏਟ ਦੋਵੇਂ ਮਾਨਤਾ ਪ੍ਰਾਪਤ ਯੋਗਤਾਵਾਂ ਅਤੇ ਵਿਹਾਰਕ ਉਦਯੋਗਿਕ ਹੁਨਰ ਪ੍ਰਾਪਤ ਕਰਨਾ ਯਕੀਨੀ ਬਣਾਉਂਦੀਆਂ ਹਨ। ਸ. ਬੈਂਸ ਨੇ ਦੱਸਿਆ ਕਿ ਪੰਜਾਬ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐਮ.ਆਰ.ਐਸ.ਪੀ.ਟੀ.ਯੂ.), ਬਠਿੰਡਾ ਵਿਖੇ ਫਰੀਦਾਬਾਦ ਦੀ ਵਿਕਟੂਰਾ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ (ਵੀ.ਟੀ.ਪੀ.ਐਲ.) ਦੀ ਮਦਦ ਨਾਲ ਆਪਣੀ ਕਿਸਮ ਦਾ ਪਹਿਲਾ ਬੀ.ਟੈਕ. ਇਨ ਮਕੈਨੀਕਲ ਇੰਜੀਨੀਅਰਿੰਗ (ਇੰਡਸਟਰੀ ਇੰਟੀਗ੍ਰੇਟਿਡ) ਪ੍ਰੋਗਰਾਮ ਸ਼ੁਰੂ ਕੀਤਾ। ਇਹ ਦੇਸ਼ ਭਰ ਵਿੱਚ ਪਹਿਲਾ ਕੋਰਸ ਹੈ, ਜਿਸ ਤਹਿਤ ਪਹਿਲੇ ਸਮੈਸਟਰ ਤੋਂ ਹੀ ਵਿਦਿਆਰਥੀ ਉਦਯੋਗ ਦਾ ਹਿੱਸਾ ਬਣ ਜਾਵੇਗਾ ਅਤੇ ਇੰਡਸਟਰੀ ਕੈਂਪਸ ਨੂੰ ਯੂਨੀਵਰਸਿਟੀ ਦਾ ਇੱਕ ਡੀਮਡ ਕੈਂਪਸ ਮੰਨਿਆ ਜਾਵੇਗਾ। ਹਰਜੋਤ ਸਿੰਘ ਬੈਂਸ ਨੇ ਕੇਂਦਰੀ ਰਾਜ ਮੰਤਰੀ ਸ੍ਰੀ ਜਯੰਤ ਚੌਧਰੀ ਨੂੰ ਸਰਕਾਰੀ ਆਈ.ਟੀ.ਆਈ. ਲੁਧਿਆਣਾ ਦਾ ਦੌਰਾ ਕਰਨ ਲਈ ਸੱਦਾ ਦਿੱਤਾ ਅਤੇ ਆਪਣੇ ਉੱਨਤ ਉਪਕਰਣਾਂ ਤੇ ਆਧੁਨਿਕ ਲੈਬਾਟਰੀਆਂ ਸਦਕਾ ਇਸਨੂੰ ਦੇਸ਼ ਭਰ ਵਿੱਚ ਤਕਨੀਕੀ ਸਿੱਖਿਆ ਲਈ ਇੱਕ ਮਾਡਲ ਵਜੋਂ ਪੇਸ਼ ਕੀਤਾ। ਸ. ਬੈਂਸ ਨੇ ਇਸ ਮੌਕੇ ਸ੍ਰੀ ਚੌਧਰੀ ਵਲੋਂ ਮਿਲ ਰਹੇ ਸਹਿਯੋਗ ਵਿਸ਼ੇਸ਼ ਤੌਰ 'ਤੇ ਪਿਛਲੇ ਤਿੰਨ ਸਾਲਾਂ ਦੌਰਾਨ ਵੱਖ-ਵੱਖ ਤਕਨੀਕੀ ਸਿੱਖਿਆ ਸਬੰਧੀ ਪਹਿਲਕਦਮੀਆਂ ਵਿੱਚ ਉਹਨਾਂ ਵੱਲੋਂ ਕੀਤੀ ਸਹਾਇਤਾ ਲਈ ਉਹਨਾਂ ਦਾ ਧੰਨਵਾਦ ਵੀ ਕੀਤਾ।

## ਮਾਲੇਰਕੋਟਲਾ ਦਾ ਕੰਪਿਊਟਰ ਫੈਕਲਟੀ ਕੁਨਾਲ ਕਪੂਰ-ਪਰਬੱਤ ਅਰੋਹ ਵਜੋਂ ਉਭਰਦਾ ਨਵਾਂ ਤਾਰਾ

**ਮਲੇਰਕੋਟਲਾ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਦੇ ਸਰਕਾਰੀ ਸਕੂਲ ਵਿੱਚ ਕੰਪਿਊਟਰ ਫੈਕਲਟੀ ਵਜੋਂ ਸੇਵਾ ਨਿਭਾ ਰਹੇ ਕੁਨਾਲ ਕਪੂਰ ਨੇ ਆਪਣੀ ਦ੍ਰਿੜ ?ਤਾ, ਹੌਂਸਲੇ ਅਤੇ ਜੁਨੂਨ ਨਾਲ ਟ੍ਰੈਕਿੰਗ ਦੇ ਖੇਤਰ ਵਿੱਚ ਵਿਸ਼ੇਸ਼ ਪਛਾਣ ਬਣਾਈ ਹੈ। ਹੁਣ ਤੱਕ ਉਹ 17 ਵੱਡੇ ਟ੍ਰੈਕਾਂ ਦੀ ਸਫਲਤਾ ਨਾਲ ਟ੍ਰੈਕਿੰਗ ਕਰ ਚੁੱਕਾ ਹੈ ਅਤੇ ਹੁਣ ਉਹ ਆਪਣੀ ਅਗਲੀ ਮੁਹਿੰਮ ਲਈ 6387 ਮੀਟਰ ਦੀ ਉੱਚਾਈ ਵਾਲੇ ਬਲੈਕ ਪੀਕ ਐਕਸਪੀਡੀਸ਼ਨ 'ਤੇ ਅਗਲੇ ਮਹੀਨੇ 06 ਸਤੰਬਰ 2025 ਨੂੰ ਰਵਾਨਾ ਹੋਣ ਜਾ ਰਿਹਾ ਹੈ।

ਹਾਕੀ ਓਲੰਪੀਅਨ ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ ਨੇ ਕੁਨਾਲ ਕਪੂਰ ਨੂੰ ਇਸ ਨਵੀਂ ਚੁਣੌਤੀ ਲਈ ਦਿਲੋਂ ਸੁਭਕਾਮਨਾਵਾਂ ਦਿੱਤੀਆਂ ਹਨ ਅਤੇ ਕਿਹਾ ਕਿ ਮਾਲੇਰਕੋਟਲਾ ਵਰਗੇ ਛੋਟੇ ਜ਼ਿਲ੍ਹੇ ਤੋਂ ਉੱਭਰ ਰਹੇ ਨੌਜਵਾਨਾਂ ਦੀਆਂ ਕਾਮਯਾਬੀਆਂ ਸਾਰੇ ਜ਼ਿਲ੍ਹੇ ਲਈ ਮਾਣ ਦਾ ਕਾਰਨ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਕੁਨਾਲ ਵਰਗੇ ਪ੍ਰੇਰਣਾਦਾਇਕ ਨੌਜਵਾਨਾਂ ਤੋਂ ਹਿੰਮਤ, ਮਿਹਨਤ ਅਤੇ ਦ੍ਰਿੜ ?ਤਾ ਸਿੱਖਣੀ ਚਾਹੀਦੀ ਹੈ।

ਕੁਨਾਲ ਕਪੂਰ ਨੇ ਆਪਣੇ ਹੌਂਸਲੇ ਨਾਲ ਨਾ ਸਿਰਫ ਆਪਣਾ ਸੁਪਨਾ ਸਾਕਾਰ ਕੀਤਾ ਹੈ, ਸਗੋਂ ਮਾਲੇਰਕੋਟਲਾ ਦੇ ਨੌਜਵਾਨਾਂ ਲਈ ਵੀ ਇੱਕ ਨਵਾਂ ਮਾਪਦੰਡ ਸੈੱਟ ਕੀਤਾ ਹੈ। ਕੁਨਾਲ ਕਪੂਰ ਨੇ ਕਿਹਾ ਕਿ ਪਹਾੜਾਂ ਦੀ ਉੱਚਾਈ ਮਨੁੱਖ ਦੇ ਜਜ਼ਬੇ ਅੱਗੇ ਛੋਟੀ ਪੈਂਦੀ ਹੈ, ਜੇਕਰ ਮਨੁੱਖ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਹਿੰਮਤ ਰੱਖੇ।

ਪਿਛਲੇ ਕੁਝ ਸਾਲਾਂ ਦੌਰਾਨ ਕੁਨਾਲ ਨੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੇ ਮੁੱਖ ਟ੍ਰੈਕਾਂ 'ਤੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਉਸ ਨੇ ਖਾਸ ਤੌਰ 'ਤੇ ਨੌਜਵਾਨਾਂ ਨੂੰ ਸੁਨੇਹਾ ਦਿੱਤਾ ਹੈ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ, ਐਡਵੈਂਚਰ ਅਤੇ ਬਾਹਰੀ ਗਤੀਵਿਧੀਆਂ ਵਿਚ ਹਿੱਸਾ ਲੈਣ ਨਾਲ ਮਨੁੱਖ ਦੇ ਸ਼ਰੀਰ ਅਤੇ ਮਨ ਦੋਵਾਂ ਦੀ ਵਿਕਾਸ ਯਾਤਰਾ ਸੰਭਵ ਹੁੰਦੀ ਹੈ। ਕੁਨਾਲ ਕਪੂਰ ਦਾ ਕਹਿਣਾ ਹੈ ਕਿ ਕੁਦਰਤ ਨਾਲ ਪਿਆਰ ਹੀ ਉਨ੍ਹਾਂ ਨੂੰ ਐਕਸਪੀਡੀਸ਼ਨ/ਟ੍ਰੈਕ ਕਰਨ ਲਈ ਉਰਜਾ ਦਿੰਦੀ ਹੈ ।

ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਕੁਦਰਤ ਨਾਲ ਜੁੜਨ ਅਤੇ ਕੁਦਰਤੀ ਸੋਮਿਆਂ ਦੀ ਕਦਰ ਨੂੰ ਪਹਿਚਾਣ ਕੇ ਉਨ੍ਹਾਂ ਨੂੰ ਸੁਰੱਖਿਅਤ ਕਰਨ ਦੇ ਉਪਰਾਲੇ ਕੀਤੇ ਜਾਣ ਤਾਂ ਜੋ ਵਾਤਾਵਰਣ ਨੂੰ ਆਉਣ ਵਾਲੀਆਂ ਪੀੜੀਆਂ ਲਈ ਸੁਰੱਖਿਅਤ ਰੱਖਿਆ ਜਾ ਸਕੇ । ਉਨ੍ਹਾਂ ਐਸ.ਐਸ.ਪੀ.ਅਵਗਤ ਕਰਵਾਇਆ ਕਿ ਇਸ ਐਕਸਪੀਡੀਸ਼ਨ ਤੇ ਚੰਡੀਗੜ੍ਹ ਤੋਂ ਪੰਕਜ ਭੰਡਾਰੀ,ਗੁਜਰਾਤ ਤੋਂ ਅਮੂਲ ਪਟੇਲ,ਮਹਾਰਾਸ਼ਟਰਾ ਤੋਂ ਸਚਿਨ ਕਾਰਖਾਨੀ ਵੀ ਉਨ੍ਹਾਂ ਨਾਲ ਰਵਾਨਾ ਹੋ ਰਹੇ ਹਨ। ਹੁਣ ਤੱਕ ਉਹ ਔਡੈਂਸ ਕੋਲ ਐਕਸਪੀਡੀਸ਼ਨ (5490 ਮੀਟਰ ), ਲਮਖਾਗਾ ਪਾਸ (5280 ਮੀਟਰ), ਬਾਲੀ ਪਾਸ (4950 ਮੀਟਰ), ਬਰਾਡਸਰ ਝੀਲ ਟ੍ਰੈਕ (4400 ਮੀਟਰ), ਕੈਦਾਰਕਾਂਠਾ ਟ੍ਰੈਕ (3800 ਮੀਟਰ), ਕੁਆਰੀ ਪਾਸ (3815 ਮੀਟਰ), ਹਮਤਾ ਪਾਸ (4300 ਮੀਟਰ), ਹਰਿ ਕੀ ਦੂਨ ਟ੍ਰੈਕ (3566 ਮੀਟਰ), ਚੰਦਰ ਨਾਹਨ ਝੀਲ ਟ੍ਰੈਕ (4260 ਮੀਟਰ), ਦਯਾਰਾ ਥਾਚ ਟ੍ਰੈਕ (3400 ਮੀਟਰ), ਫੁਲਾਰਾ ਰਿਜ ਟ੍ਰੈਕ (3700 ਮੀਟਰ), ਬ੍ਰਹਮਤਾਲ ਟ੍ਰੈਕ (3750 ਮੀਟਰ), ਬੁਰਾਨ ਘਾਟੀ ਪਾਸ (4572 ਮੀਟਰ), ਰੁਈਨਸਾਰਾ ਝੀਲ ਟ੍ਰੈਕ (3600 ਮੀਟਰ), ਵਿਜੇ ਟਾਪ ਟ੍ਰੈਕ (3878 ਮੀਟਰ), ਖਾਤਲਿੰਗ ਗਲੇਸ਼ੀਅਰ ਟ੍ਰੈਕ (4200 ਮੀਟਰ) ਅਤੇ ਦੁਮਦਾਰ ਕਾਂਡੀ ਪਾਸ (5380 ਮੀਟਰ) ਕਰ ਚੁੱਕੇ ਹਨ।

# ਪੰਜਾਬ ਦੀ ਭੈਣਾਂ ਨੂੰ ਆਮ ਆਦਮੀ ਪਾਰਟੀ 'ਤੇ ਨਹੀਂ ਭਰੋਸਾ, ਹੁਣ ਹਰਿਆਣਾ ਮਾਡਲ ਦੇ ਵੱਲ ਦੇਖ ਰਹੀ ਜਨਤਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

**ਚੰਡੀਗੜ੍ਹ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਦੀ ਭੈਣਾਂ ਨੂੰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਭਰੋਸਾ ਨਹੀਂ ਰਿਹਾ ਅਤੇ ਉੱਥੇ ਦੀ ਜਨਤਾ ਭਲਾਈਕਾਰੀ ਯੋਜਨਾਵਾਂ ਦੇ ਲਈ ਹਰਿਆਣਾ ਦੇ ਵੱਲ ਉਮੀਦ ਨਾਲ ਦੇਖ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਤਰ੍ਹਾ ਪਹਿਲਾਂ ਕਾਂਗਰਸ ਪਾਰਟੀ ਨੇ ਪੰਜਾਬ ਨੂੰ ਖੋਖਲਾ ਕੀਤਾ, ਉਸੀ ਰਾਹ 'ਤੇ ਹੁਣ ਆਮ ਆਦਮੀ ਪਾਰਟੀ ਵੀ ਚੱਲ ਰਹੀ ਹੈ ਅਤੇ ਚੋਣਾਂ ਵਿੱਚ ਮਹਿਲਾਵਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਨਹੀਂ ਕਰ ਰਹੀ।

ਮੁੱਖ ਮੰਤਰੀ ਅੱਜ ਕੈਬੀਨੇਟ ਦੀ ਮੀਟਿੰਗ ਵਿੱਚ ਦੀਨਦਿਆਲ ਲਾਡੋ ਲੱਛਮੀ ਯੋਜਨਾ ਲਾਗੂ ਕਰਨ ਦੇ ਫੈਸਲੇ ਬਾਅਦ ਪੱਤਰਕਾਰਾਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਯੋਜਨਾ ਤਹਿਤ ਸਾਰੀ ਯੋਗ ਮਹਿਲਾਵਾਂ ਨੂੰ ਪ੍ਰਤੀ ਮਹੀਨਾ 2100 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਨੇ ਸੰਕਲਪ ਪੱਤਰ ਦੇ ਇੱਕ ਹੋਰ ਵਾਅਦੇ ਨੂੰ ਪੂਰਾ ਕਰਨ ਦਾ ਕੰਮ ਕੀਤਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਦੀ ਜਨਤਾ ਨੇ ਹੁਣ ਮਨ ਬਣਾ ਲਿਆ ਹੈ ਅਤੇ ਇਹ ਚੰਗੀ ਤਰ੍ਹਾ ਸਮਝ ਚੁੱਕੀ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਹੀ ਅਜਿਹੇ ਨੇਤਾ ਹਨ ਜਿਨ੍ਹਾਂ ਦੀ ਅਗਵਾਈ ਹੇਠ ਪੂਰੇ ਦੇਸ਼ ਵਿੱਚ ਜਨਭਲਾਈ ਦੇ ਇਤਿਹਾਸਕ ਕੰਮ ਹੋ ਰਹੇ ਹਨ। ਇਸ ਦੇ ਵਿਪਰੀਤ, ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਇੱਛਾਸ਼ਕਤੀ, ਨੀਅਤ ਅਤੇ ਨੀਤੀ, ਤਿੰਨੋਂ ਹੀ ਪੱਧਰ 'ਤੇ ਅਸਫਲ ਸਾਬਤ ਹੋਈਆਂ ਹਨ।

**ਹਰਿਆਣਾ ਸਰਕਾਰ ਬਿਨ੍ਹਾ ਚੋਣ ਦੇ ਨਿਭਾ ਰਹੀ ਵਾਅਦੇ, ਪੰਜਾਬ ਵਿੱਚ ਚੋਣ ਕਰੀਬ ਫਿਰ ਵੀ ਅਧੂਰੇ ਹਨ ਵਾਅਦੇ**

ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਹਰਿਆਣਾ ਸਰਕਾਰ ਆਪਣੇ ਸੰਕਲਪ ਪੱਤਰ ਦੇ ਹਰੇਕ ਵਾਅਦੇ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪਿਤ ਹੈ। ਉਨ੍ਹਾਂ ਨੇ ਕਾਂਗਰਸ 'ਤੇ ਤਿੱਖਾ ਵਾਰ ਕਰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਐਲਾਨ ਪੱਤਰ ਲਿਆ ਕੇ ਚੋਣਾਂ ਵਿੱਚ ਜਨਤਾ ਨੂੰ ਗੁਮਰਾਹ ਕਰਦੀ ਹੈ, ਪਰ ਸੱਤਾ ਵਿੱਚ ਆਉਂਦੇ ਹੀ ਉਸ ਨੂੰ ਭੁੱਲ ਜਾਂਦੀ ਹੈ, ਕੂੜੈਦਾਨ ਵਿੱਚ ਪਾ ਦਿੰਦੀ ਹੈ। ਕਾਂਗਰਸ ਦੇ ਨੇਤਾ ਕਹਿੰਦੇ ਕੁੱਝ ਹਨ ਅਤੇ ਕਰਦੇ ਕੁੱਝ ਹੋਰ ਹਨ। ਇੱਹੀ ਹਾਲਾਤ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਵੀ ਹਨ। ਉੱਥੇ ਵੀ ਚੋਣ ਵਿੱਚ ਆਮ ਆਦਮੀ ਪਾਰਟੀ ਨੇ ਮਹਿਲਾਵਾਂ ਨੂੰ ਆਰਥਕ ਸਹਾਇਤਾ ਪ੍ਰਦਾਨ ਕਰਨ ਦਾ ਵਾਅਦਾ ਕੀਤਾ ਸੀ, ਪਰ ਅੱਜ ਤੱਕ ਉਸ ਨੂੰ ਲਾਗੂ ਨਹੀਂ ਕੀਤਾ ਗਿਆ। ਇਸ ਦੇ ਵਿਪਰੀਤ ਹਰਿਆਣਾ ਵਿੱਚ, ਜਿੱਥੇ ਚੋਣ ਬਹੁਤ ਦੂਰ ਹਨ, ਸਰਕਾਰ ਸੰਕਲਪ ਪੱਤਰ ਦੇ ਵਾਅਦਿਆਂ ਨੂੰ ਲਗਾਤਾਰ ਪੂਰਾ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਗਾਰੰਟੀ ਹੈ- ਜੋ ਕਿਹਾ, ਉਹ ਕੀਤਾ। ਜਦੋਂ ਕਿ ਕਾਂਗਰਸ ਦੀ ਗਾਰੰਟੀ ਚਾਈਨੀਜ਼ ਸਮਾਨ ਦੀ ਤਰ੍ਹਾ ਹੈ - ਜਿਸ ਦੀ ਕੋਈ ਗਾਰੰਟੀ ਨਹੀਂ ਹੁੰਦੀ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਸਰਕਾਰ ਜਿੱਥੇ-ਜਿੱਥੇ ਹੈ, ਚਾਹੇ ਮਹਾਰਾਸ਼ਟ, ਮੱਧਪ੍ਰਦੇਸ਼, ਰਾਜਸਤਾਨ ਹੋਵੇ ਜਾਂ ਹਰਿਆਣਾ ਹੋਵੇ, ਉੱਥੇ ਜਨਤਾ ਨਾਲ ਕੀਤਾ ਗਿਆ ਹਰ ਵਾਅਦਾ ਪੂਰਾ ਕੀਤਾ ਗਿਆ ਹੈ।

**ਕਰਨਾਟਕ, ਤੇਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਭੈਣਾਂ ਨਾਲ ਕੀਤੇ ਗਏ ਵਾਅਦੇ ਅੱਜ ਤੱਕ ਅਧੂਰੇ**

ਇੱਕ ਸੁਆਲ ਦੇ ਜਵਾਬ ਵਿੱਚ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕੁੱਝ ਪਾਰਟੀ ਚੋਣਾਂ ਵਿੱਚ ਵੋਟ ਤਾਂ ਲੈ ਲੈਂਦੇ ਹਨ, ਪਰ ਬਾਅਦ ਵਿੱਚ ਜਨਤਾ ਨੂੰ ਉਸ ਦੇ ਹਾਲਾਤ 'ਤੇ ਛੱਡ ਦਿੰਦੇ ਹਨ। ਉਨ੍ਹਾਂ ਨੇ ਯਾਦ ਦਿਵਾਇਆ ਕਿ ਕਾਂਗਰਸ ਨੇ ਮਾਨਸੂਨ ਸੈਸ਼ਨ ਤੋਂ ਪਹਿਲਾਂ ਦੇ ਸੈਸ਼ਨ ਵਿੱਚ ਲਾਡੋ ਲੱਛਮੀ ਯੋਜਨਾ ਦਾ ਮੁੱਦਾ ਖੂਬ ਚੁੱਕਿਆ ਸੀ, ਸੁਆਲ ਵੀ ਲਗਾਏ, ਪਰ ਹੁਣ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕਰਨਾਟਕ, ਤੇਲੰਗਾਨਾ ਅਤੇ ਹਿਮਾਚਲ ਪ੍ਰਦੇਸ਼ ਵਿੱਚ ਕਾਂਗਰਸ ਸਰਕਾਰਾਂ ਵੱਲੋਂ ਭੈਣਾਂ ਨਾਲ ਕੀਤੇ ਗਏ ਵਾਅਦਿਆਂ ਨੂੰ ਹੁਣ ਤੱਕ ਕਿਉਂ ਪੂਰਾ ਨਹੀਂ ਕੀਤਾ ਗਿਆ, ਤਾਂ ਉਨ੍ਹਾਂ ਦੇ ਕੋਲ ਕੋਈ ਜਵਾਬ ਨਹੀਂ ਸੀ।

ਇੱਕ ਹੋਰ ਸੁਆਲ ਦੇ ਜਵਾਬ ਵਿੱਚ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਕੋਲ ਕੋਈ ਮੁੱਦਾ ਨਹੀਂ ਹੈ ਜਿਸ ਤਰ੍ਹਾ ਕਾਂਗਰਸ ਵਿਧਾਇਕਾਂ ਨੇ ਬੇਟੀ ਬਚਾਓ ਦੇ ਪੋਸਟਰ ਸਦਨ ਵਿੱਚ ਲਹਿਰਾਏ ਉਸ ਤੋਂ ਉਹ ਖੁਦ ਨਿਜੀ ਤੌਰ 'ਤੇ ਆਹਤ ਹੋਏ ਹਨ। ਸਦਨ ਵਿੱਚ ਬੇਟੀ ਬਚਾਓ ਦੇ ਪੋਸਟਰ ਲਹਿਰਾ ਕੇ ਕਾਂਗਰਸ ਨੇ ਸਿਰਫ ਸਿਆਸੀ ਨੌਟੰਕੀ ਕੀਤੀ ਹੈ। ਜਿਨ੍ਹਾਂ ਦੇ ਸ਼ਾਸਨਕਾਲ ਵਿੱਚ ਬੇਟੀਆਂ ਦੀ ਭਰੂਣ ਹੱਤਿਆ ਹੁੰਦੀ ਸੀ, ਉਹ ਅੱਜ ਨਾਰੀ ਸਨਮਾਨ ਦੀ ਗੱਲ ਕਰ ਰਹੇ ਹਨ, ਇਹ ਮੰਦਭਾਗੀ ਹੈ।

**ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਹਰਿਆਣਾ ਕਰੇਗੀ ਸਹਿਯੋਗ, ਮੁੱਖ ਮੰਤਰੀ ਭਗਵੰਤ ਮਾਨ ਨੂੰ ਭੇਜਿਆ ਸਹਾਇਤਾ ਪ੍ਰਸਤਾਵ**

ਪੰਜਾਬ ਵਿੱਚ ਆਏ ਹੜ੍ਹ ਦੇ ਹਾਲਾਤ 'ਤੇ ਚਿੰਤਾ ਜਾਹਰ ਕਰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਆਪਦਾ ਨਾਲ ਹੋਏ ਭਾਰੀ ਨੁਕਸਾਨ ਨੂੰ ਲੈ ਕੇ ਉਹ ਬਹੁਤ ਦੁਖੀ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਹਰਿਆਣਾ ਸਰਕਾਰ ਵੱਲੋਂ ਰਾਹਤ ਸਮੱਗਰੀ, ਬਚਾਅ ਪਾਰਟੀ ਅਤੇ ਮੈਡੀਕਲ ਸਹਾਇਤਾ ਭੇਜਣ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਮਨੁੱਖਤਾ ਦੇ ਨਾਤੇ ਪੰਜਾਬ ਵਿੱਚ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਹੈ। ਉੱਥੇ ਹੀ ਸ੍ਰੀ ਭਗਵੰਤ ਮਾਨ ਜਿੱਥੇ ਵੀ ਕਹਿਣਗੇ ਜਰੂਰੀ ਸਹਾਇਤਾ ਉਸੀ ਥਾਂ ਤੁਰੰਤ ਉਪਲਬਧ ਕਰਵਾ ਦਿੱਤੀ ਜਾਵੇਗੀ ਤਾਂ ਜੋ ਸੰਕਟ ਦੀ ਸਮੇਂ ਵਿੱਚ ਜਲਦੀ ਤੋਂ ਜਲਦੀ ਪੀੜਤ ਲੋਕਾਂ ਨੂੰ ਸਹਾਇਤਾ ਪਹੁੰਚਾਈ ਜਾ ਸਕੇ।

ਇਸ ਮੌਕੇ 'ਤੇ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ, ਲੋਕ ਨਿਰਮਾਣ ਵਿਭਾਗ ਮੰਤਰੀ ਸ੍ਰੀ ਰਣਬੀਰ ਗੰਗਵਾ, ਸੇਵਾ ਮੰਤਰੀ ਸ੍ਰੀ ਕ੍ਰਿਸ਼ਣ ਕੁਮਾਰ ਬੇਦੀ, ਮੁੱਖ ਮੰਤਰੀ ਦੇ ਮੁੱਖ ਪ੍ਰਧਾਨ ਸਕੱਤਰ ਸ੍ਰੀ ਰਾਜੇਸ਼ ਖੁੱਲਰ, ਸੇਵਾ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਜੀ. ਅਨੁਪਮਾ ਅਤੇ ਸੂਚਨਾ, ਲੋਕਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਨਰਲ ਸ੍ਰੀ ਕੇ.ਐਮ. ਪਾਂਡੂਰੰਗ ਵੀ ਮੌਜੂਦ ਸਨ।

## ਹਰਿਆਣਾ ਸਰਕਾਰ ਦਾ ਮਹਿਲਾਵਾਂ ਦੇ ਹੱਕ ਵਿੱਚ ਵੱਡਾ ਫੈਸਲਾ; ਯੋਗ ਮਹਿਲਾਵਾਂ ਨੂੰ ਹਰ ਮਹੀਨੇ ਮਿਲੇਗੀ 2100 ਰੁਪਏ ਦੀ ਵਿਤੀ ਸਹਾਇਤਾ

**ਚੰਡੀਗੜ੍ਹ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਪ੍ਰਧਾਨਗੀ ਵਿੱਚ ਅੱਜ ਇੱਥੇ ਹੋਈ ਕੈਬੀਨੇਟ ਦੀ ਮੀਟਿੰਗ ਵਿੱਚ ਹਰਿਆਣਾ ਸਰਕਾਰ ਨੇ ਆਪਣੇ ਸੰਕਲਪ ਪੱਤਰ ਦੇ ਇੱਕ ਹੋਰ ਵਾਅਦੇ ਨੂੰ ਪੂਰਾ ਕਰਦੇ ਹੋਏ ਮਹਿਲਾਵਾਂ ਦੇ ਸਮਾਜਿਕ ਸੁਰੱਖਿਆ ਅਤੇ ਸਨਮਾਨ ਲਈ ਦੀਨ ਦਿਆਲ ਲਾਡੋ ਲਛਮੀ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਹੈ। ਪੰਡਿਤ ਦੀਨ ਦਿਆਲ ਉਪਾਧਿਆਏ ਦੀ ਆਗਾਮੀ ਜੈਯੰਤੀ 25 ਸਤੰਬਰ 2025 ਨਾਲ ਇਸ ਯੋਜਨਾ ਦਾ ਸ਼ੁਭਾਰੰਭ ਹੋਵੇਗਾ। ਇਸ ਯੋਜਨਾ ਤਹਿਤ ਯੋਗ ਮਹਿਲਾਵਾਂ ਨੂੰ ਹਰ ਮਹੀਨੇ 2100 ਰੁਪਏ ਦੀ ਵਿਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।

ਯੋਜਨਾ ਤਹਿਤ 25 ਸਤੰਬਰ 2025 ਨੂੰ 23 ਸਾਲ ਜਾਂ ਉਸ ਤੋਂ ਵੱਧ ਉਮਰ ਦੀ ਸਾਰੀ ਮਹਿਲਾਵਾਂ ਨੂੰ ਲਾਭ ਮਿਲੇਗਾ। ਯੋਜਨਾ ਤਹਿਤ ਪਹਿਲੇ ਪੜਾਅ ਵਿੱਚ ਉਨ੍ਹਾਂ ਪਰਿਵਾਰਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਜਿਸ ਦੀ ਸਾਲਾਨਾਂ ਆਮਦਨ 1 ਲੱਖ ਰੁਪਏ ਤੋਂ ਘੱਟ ਹੈ। ਆਉਣ ਵਾਲੇ ਸਮੇ ਵਿੱਚ ਲੜੀਬੱਧ ਢੰਗ ਨਾਲ ਹੋਰ ਆਮਦਣ ਗਰੁਪਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇਗਾ।

ਯੋਜਨਾ ਦਾ ਲਾਭ ਦੇਣ ਲਈ ਅਵਿਵਾਹਿਤ ਆਵੇਦਿਕਾ ਦਾ ਜਾਂ ਵਿਵਾਹਿਤ ਆਵੇਦਿਕਾ ਦੇ ਪਤੀ ਦਾ ਹਰਿਆਣਾ ਵਿੱਚ ਪਿਛਲੇ 15 ਸਾਲ ਤੋਂ ਨਿਵਾਸੀ ਹੋਣਾ ਜਰੂਰੀ ਹੋਵੇਗਾ। ਯੋਜਨਾ ਤਹਿਤ ਇੱਕ ਪਰਿਵਾਰਾਂ ਵਿੱਚ ਮਹਿਲਾਵਾਂ ਦੀ ਗਿਣਤੀ 'ਤੇ ਕੋਈ ਰੋਕ ਨਹੀਂ ਹੋਵੇਗਾ। ਜੇਕਰ ਇੱਕ ਪਰਿਵਾਰ ਵਿੱਚ 3 ਯੋਗ ਮਹਿਲਾਵਾਂ ਹਨ ਤਾਂ ਉਨ੍ਹਾਂ ਤਿਨਾਂ ਮਹਿਲਾਵਾਂ ਨੂੰ ਲਾਭ ਮਿਲੇਗਾ। ਸਰਕਾਰ ਵੱਲੋਂ ਪਹਿਲਾਂ ਤੋਂ ਚਲਾਈ ਜਾ ਰਹੀ ਅਜਿਹੀ 9 ਯੋਜਨਾਵਾਂ-ਬੁਢਾਪਾ ਅਵਸਥਾ ਸਨਮਾਨ ਭੱਤਾ ਯੋਜਨਾ, ਵਿਧਵਾ ਅਤੇ ਨਿਰਾਸ਼ਰਿਤ ਮਹਿਲਾਵਾਂ ਨੂੰ ਵਿਤੀ ਸਹਾਇਤਾ, ਹਰਿਆਣਾ ਦਿਵਯਾਂਗ ਪੇਂਸ਼ਨ ਯੋਜਨਾ, ਲਾਡਵੀ ਸਮਾਜਿਕ ਸੁਰੱਖਿਆ ਭੱਤਾ, ਕਸ਼ਮੀਰੀ ਵਿਸਥਾਪਿਤ ਪਰਿਵਾਰਾਂ ਨੂੰ ਵਿਤੀ ਸਹਾਇਤਾ, ਬੌਨੇ ਲਈ ਭੱਤਾ ਯੋਜਨਾ, ਏਸਿਡ ਅਟੈਕ ਪੀੜਤ ਮਹਿਲਾ ਅਤ ਕੁੜੀਆਂ ਲਈ ਵਿਤੀ ਸਹਾਇਤਾ, ਵਿਧਵਾ ਅਤੇ ਅਵਿਵਾਹਿਤ ਮਹਿਲਾਵਾਂ ਲਈ ਵਿਤੀ ਸਹਾਇਤਾ, ਪਦਮ ਪੁਰਸਕਾਰ ਸਨਮਾਨਿਤ ਲਈ ਹਰਿਆਣਾ ਗੌਰਵ ਸਨਮਾਨ ਸਹਾਇਤਾ ਜਿਨ੍ਹਾਂ ਵਿੱਚ ਆਵੇਦਿਕਾਵਾਂ ਨੂੰ ਪਹਿਲਾਂ ਤੋਂ ਹੀ ਵੱਧ ਰਕਮ ਦੀ ਪੇਂਸ਼ਨ ਦਾ ਲਾਭ ਮਿਲ ਰਿਹਾ ਹੈ, ਉਨ੍ਹਾਂ ਨੂੰ ਦੀਨ ਦਿਆਲ ਲਾਡੋ ਲਛਮੀ ਯੋਜਾ ਦਾ ਲਾਭ ਨਹੀਂ ਮਿਲੇਗਾ।

ਕੈਬੀਨੇਟ ਵਿੱਚ ਫੈਸਲਾ ਲਿਆ ਗਿਆ ਕਿ ਸਟੇਜ 3 ਅਤੇ 4 ਕੈਂਸਰ ਪੀੜਤ ਮਰੀਜਾਂ, ਸੂਚੀਬੱਧ 54 ਦੁਰਲਬ ਬੀਮਾਰੀਆਂ ਅਤੇ ਹੀਮੋਫਿਲਿਆ, ਥੈਲੇਸਿਮਿਆ ਅਤੇ ਸਿਕਲ ਸੇਲ ਨਾਲ ਪੀੜਤ ਜਿਨ ਆਵੇਦਿਕਾਵਾਂ ਨੂੰ ਪੇਂਸ਼ਨ ਦਾ ਲਾਭ ਮਿਲ ਰਿਹਾ ਹੈ। ਉਨ੍ਹਾਂ ਨੇ ਦੀਨ ਦਿਆਲ ਲਾਡੋ ਲਛਮੀ ਯੋਜਨਾ ਦਾ ਵਧੀਕ ਲਾਭ ਵੀ ਮਿਲੇਗਾ। ਜਿਸ ਦਿਨ ਕੋਈ ਅਵਿਵਾਹਿਤ ਲਾਭਾਰਥੀ 45 ਸਾਲ ਦੀ ਉਮਰ ਪੂਰੀ ਕਰੇਗੀ ਉਸ ਦਿਨ ਉਹ ਆਟੋਮੈਟਿਕ ਵਿਧਵਾ ਅਤੇ ਨਿਰਾਸ਼ਰਿਤ ਮਹਿਲਾਵਾਂ ਨੂੰ ਵਿਤੀ ਸਹਾਇਤਾ ਯੋਜਨਾ ਲਈ ਯੋਗ ਹੋਣ ਜਾਣਗੀਆਂ।

ਇਸੇ ਤਰ੍ਹਾਂ ਲਾਭਾਰਥੀ ਮਹਿਲਾ ਜਿਵੇ ਹੀ 60 ਸਾਲ ਉਮਰ ਦੀ ਹੋਵੇਗੀ, ਉਹ ਆਟੋਮੈਟਿਕ ਬੁਢਾਪਾ ਸਨਮਾਨ ਭੱਤਾ ਪੇਂਸ਼ਨ ਯੋਜਨਾ ਲਈ ਯੋਗ ਹੋ ਜਾਣਗੀਆਂ। ਇਸ ਯੋਜਨਾ ਦੇ ਪਹਿਲੇ ਪੜਾਅ ਵਿੱਚ ਲਗਭਗ 20 ਲੱਖ ਮਹਿਲਾਵਾਂ ਨੂੰ ਲਾਭ ਮਿਲੇਗਾ।

## 11 ਸਤੰਬਰ ਨੂੰ ਸੂਰਜਕੁੰਡ ਵਿੱਚ ਹੋਵੇਗੀ ਉੱਤਰੀ ਖੇਤਰੀ ਪਰਿਸ਼ਦ ਦੀ ਮੀਟਿੰਗ

**ਚੰਡੀਗੜ੍ਹ, 2 ਸਤੰਬਰ -ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰੀ ਪਰਿਸ਼ਦ ਦੀ 32ਵੀਂ ਮੀਟਿੰਗ 11 ਸਤੰਬਰ ਨੂੰ ਫਰੀਦਾਬਾਦ ਦੇ ਸੂਰਜਕੁੰਡ ਵਿੱਚ ਹੋਵੇਗੀ। ਮੀਟਿੰਗ ਦੀ ਅਗਵਾਈ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਕਰਣਗੇ। ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਅੱਜ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਇਸ ਮੀਟਿੰਗ ਦੀ ਤਿਆਰੀਆਂ ਨੂੰ ਲੈ ਕੇ ਸਮੀਖਿਆ ਮੀਟਿੰਗ ਕੀਤੀ ਗਈ।

ਸ੍ਰੀ ਰਸਤੋਗੀ ਨੈ ਦਸਿਆ ਕਿ ਮੀਟਿੰਗ ਵਿੱਚ ਅੱਠ ਸੂਬਿਆਂ ਅਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀ, ਉੱਪ ਰਾਜਪਾਲ ਅਤੇ ਮੁੱਖ ਸਕੱਤਰ ਸ਼ਿਰਕਤ ਕਰਣਗੇ। ਇਸ ਵਿੱਚ ਹਰਿਆਣਾ, ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਰਾਜਸਤਾਨ ਦੇ ਨਾਲ-ਨਾਲ ਕੇਂਦਰ ਸ਼ਾਸਿਤ ਸੂਬੇ ਚੰਡੀਗੜ੍ਹ, ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ, ਜੰਮੂ ਅਤੇ ਕਸ਼ਮੀਰ ਅਤੇ ਲੱਦਾਖ ਸ਼ਾਮਿਲ ਹਨ। ਮੀਟਿੰਗ ਬਾਅਦ ਡਿਵੀਜਨਲ ਕਮਿਸ਼ਨਰ ਸ੍ਰੀ ਸੰਜੈ ਜੂਨ ਨੇ ਸੁਰੱਖਿਆ, ਆਵਾਜਾਈ ਪ੍ਰਬੰਧਨ, ਪਾਰਕਿੰਗ, ਆਵਾਸ ਟ੍ਰਾਂਸਪੋਰਟ, ਮੈਡੀਕਲ ਸਹੂਲਤਾਂ ਅਤੇ ਐਮਰਜੈਂਸੀ ਸੇਵਾਵਾਂ ਦੀ ਸਮੀਖਿਆ ਕਰਦੇ ਹੋਏ, ਅਧਿਕਾਰੀਆਂ ਨੂੰ ਸਾਰੀ ਤਿਆਰੀਆਂ ਸਮੇਂਬੱਧ ਢੰਗ ਨਾਲ ਪੂਰੀਆ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਕਿਹਾ ਕਿ ਰਾਸ਼ਟਰੀ ਮਹਤੱਵ ਨੂੰ ਇਸ ਮੀਟਿੰਗ ਦੀ ਤਿਆਰੀਆਂ ਵਿੱਚ ਕਿਸੇ ਵੀ ਤਰ੍ਹਾ ਦੀ ਕਮੀ ਨਹੀਂ ਰਹਿਣੀ ਚਾਹੀਦੀ ਹੈ।

# ਵੋਟ ਚੋਰੀ ਦੇ 'ਐਟਮ ਬੰਬ' ਮਗਰੋਂ ਆਉਣ ਵਾਲਾ ਹੈ 'ਹਾਈਡ੍ਰੋਜਨ ਬੰਬ': ਰਾਹੁਲ



**ਪਟਨਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਕਥਿਤ 'ਵੋਟ ਚੋਰੀ' ਨਾਲ ਜੁੜੇ ਆਪਣੇ ਖੁਲਾਸਿਆਂ ਦਾ ਹਵਾਲਾ ਦਿੰਦਿਆਂ ਸੋਮਵਾਰ ਨੂੰ ਕਿਹਾ ਕਿ 'ਐਟਮ ਬੰਬ' ਤੋਂ ਬਾਅਦ ਹੁਣ 'ਹਾਈਡ੍ਰੋਜਨ ਬੰਬ' ਆਉਣ ਵਾਲਾ ਹੈ। ਉਨ੍ਹਾਂ 'ਵੋਟਰ ਅਧਿਕਾਰ ਯਾਤਰਾ' ਦੀ ਸਮਾਪਤੀ ਮੌਕੇ ਇਹ ਦਾਅਵਾ ਵੀ ਕੀਤਾ ਕਿ ਵੋਟ ਚੋਰੀ ਦਾ 'ਹਾਈਡ੍ਰੋਜਨ ਬੰਬ' ਆਉਣ ਮਗਰੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਾਂ ਨੂੰ ਆਪਣਾ ਚਿਹਰਾ ਨਹੀਂ ਦਿਖਾ ਸਕਣਗੇ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ 'ਵੋਟ ਚੋਰੀ' ਦਾ ਅਰਥ ਹੈ ਅਧਿਕਾਰਾਂ, ਰਾਖਵੇਂਕਰਨ, ਰੁਜ਼ਗਾਰ, ਸਿੱਖਿਆ ਅਤੇ ਨੌਜਵਾਨਾਂ ਦੇ ਭਵਿੱਖ ਦੀ ਚੋਰੀ। ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਵੋਟ ਚੋਰੀ ਤੋਂ ਬਾਅਦ ਲੋਕਾਂ ਦੇ ਰਾਸ਼ਨ ਕਾਰਡ ਅਤੇ ਜ਼ਮੀਨ ਖੋਹ ਲਈ ਜਾਵੇਗੀ। ਉਨ੍ਹਾਂ ਕਿਹਾ, "ਅਸੀਂ ਉਨ੍ਹਾਂ (ਭਾਜਪਾ) ਨੂੰ ਸੰਵਿਧਾਨ ਖ਼ਤਮ ਨਹੀਂ ਕਰਨ ਦੇਵਾਂਗੇ।" ਕਾਂਗਰਸ ਆਗੂ ਨੇ ਮੁੜ ਦਾਅਵਾ ਕੀਤਾ ਕਿ ਪਿਛਲੇ ਸਾਲ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਚੋਰੀ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ, "ਭਾਜਪਾ ਦੇ ਲੋਕੋ, ਤਿਆਰ ਹੋ ਜਾਓ, ਹਾਈਡ੍ਰੋਜਨ ਬੰਬ ਆ ਰਿਹਾ ਹੈ। ਤੁਹਾਡੀ ਵੋਟ ਚੋਰੀ ਪੂਰੇ ਦੇਸ਼ ਸਾਹਮਣੇ ਬੇਨਕਾਬ ਹੋਣ ਜਾ ਰਹੀ ਹੈ।"

ਇਸ ਤੋਂ ਪਹਿਲਾਂ ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ, ਰਾਸ਼ਟਰੀ ਜਨਤਾ ਦਲ (ਆਰਜੇਡੀ) ਆਗੂ ਤੇਜਸਵੀ ਯਾਦਵ ਅਤੇ ਵਿਰੋਧੀ ਗੱਠਜੋੜ 'ਇੰਡੀਆ' ਦੇ ਕਈ ਹੋਰ ਆਗੂਆਂ ਨੇ ਗਾਂਧੀ ਮੈਦਾਨ ਤੋਂ ਡਾਕ ਬੰਗਲਾ ਚੌਂਕ ਤੱਕ ਖੁੱਲ੍ਹੇ ਵਾਹਨ ਵਿੱਚ ਸਵਾਰ ਹੋ ਕੇ ਮਾਰਚ ਕੱਢਿਆ।

'ਵੋਟਰ ਅਧਿਕਾਰ ਯਾਤਰਾ' 25 ਜ਼ਿਲ੍ਹਿਆਂ ਦੇ 110 ਤੋਂ ਵੱਧ ਵਿਧਾਨ ਸਭਾ ਹਲਕਿਆਂ ਵਿੱਚੋਂ ਲੰਘੀ ਅਤੇ ਇਸ ਦੌਰਾਨ 1300 ਕਿਲੋਮੀਟਰ ਤੋਂ ਵੱਧ ਦੀ ਦੂਰੀ ਤੈਅ ਕੀਤੀ ਗਈ।

ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਡੀ ਐਮ ਕੇ ਆਗੂ ਅਤੇ ਤਾਮਿਲ ਨਾਡੂ ਦੇ ਮੁੱਖ ਮੰਤਰੀ ਐਮ ਕੇ ਸਟਾਲਿਨ ਅਤੇ ਕਾਂਗਰਸ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀਆਂ ਅਤੇ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੇ ਇਸ ਯਾਤਰਾ ਵਿੱਚ ਹਿੱਸਾ ਲਿਆ। ਸਾਸਾਰਾਮ ਤੋਂ 17 ਅਗਸਤ ਨੂੰ ਸ਼ੁਰੂ ਹੋਈ ਇਸ ਯਾਤਰਾ ਨੂੰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮਹਾਗੱਠਜੋੜ ਦੀ ਵਿਆਪਕ ਚੋਣ ਮੁਹਿੰਮ ਵਜੋਂ ਦੇਖਿਆ ਜਾ ਰਿਹਾ ਹੈ।

ਬਿਹਾਰ ਵਿੱਚ ਇਸ ਸਾਲ ਦੇ ਅਖ਼ੀਰ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਹ ਯਾਤਰਾ ਰੋਹਤਾਸ, ਔਰੰਗਾਬਾਦ, ਗਯਾਜੀ, ਨਵਾਦਾ, ਸ਼ੇਖਪੁਰਾ, ਨਾਲੰਦਾ, ਲਖੀਸਰਾਏ, ਮੁੰਗੇਰ, ਕਟਿਹਾਰ, ਪੂਰਨੀਆ, ਸੁਪੌਲ, ਮਧੂਬਨੀ, ਦਰਭੰਗਾ, ਮੁਜ਼ੱਫਰਪੁਰ, ਸੀਤਾਮੜੀ, ਪੂਰਬੀ ਚੰਪਾਰਨ, ਪੱਛਮੀ ਚੰਪਾਰਨ, ਗੋਪਾਲਗੰਜ, ਸੀਵਾਨ, ਸਾਰਨ, ਭੋਜਪੁਰ ਅਤੇ ਕੁਝ ਹੋਰ ਇਲਾਕਿਆਂ ਵਿੱਚੋਂ ਲੰਘੀ।

# ਸ਼ੰਘਾਈ ਸਹਿਯੋਗ ਸੰਗਠਨ ਵੱਲੋਂ ਪਹਿਲਗਾਮ ਹਮਲੇ ਤੇ ਅਤਿਵਾਦ ਖਿਲਾਫ਼ ਲੜਾਈ 'ਚ ਦੋਹਰੇ ਮਾਪਦੰਡਾਂ ਦੀ ਨਿਖੇਧੀ

**ਤਿਆਨਜਿਨ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੰਘਾਈ ਸਹਿਯੋਗ ਸੰਗਠਨ ਨੇ ਸੋਮਵਾਰ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਭਾਰਤ ਦੇ ਇਸ ਸਟੈਂਡ ਨਾਲ ਸਹਿਮਤੀ ਪ੍ਰਗਟਾਈ ਕਿ ਅਤਿਵਾਦ ਵਿਰੁੱਧ ਲੜਾਈ ਵਿੱਚ 'ਦੋਹਰੇ ਮਾਪਦੰਡ' ਸਵੀਕਾਰਯੋਗ ਨਹੀਂ ਹਨ। ਇਸ ਪ੍ਰਭਾਵਸ਼ਾਲੀ ਸਮੂਹ ਨੇ ਸਾਂਝੇ ਐਲਾਨਨਾਮੇ ਵਿੱਚ ਅਤਿਵਾਦ ਨਾਲ ਲੜਨ ਲਈ ਆਪਣੇ ਮਜ਼ਬੂਤ ?ਇਰਾਦੇ ਨੂੰ ਸੂਚੀਬੱਧ ਕੀਤਾ। ਇਹ ਸਾਂਝਾ ਐਲਾਨਨਾਮਾ ਚੀਨੀ ਬੰਦਰਗਾਹੀ ਸ਼ਹਿਰ ਵਿੱਚ ਦੋ-ਰੋਜ਼ਾ ਐੱਸਸੀਓ ਸਿਖਰ ਸੰਮੇਲਨ ਦੇ ਅੰਤ ਵਿੱਚ ਜਾਰੀ ਕੀਤਾ ਗਿਆ।

ਸੰਮੇਲਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ, ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਅਤੇ ਕਈ ਹੋਰ ਆਲਮੀ ਆਗੂ ਸ਼ਾਮਲ ਹੋਏ ਸਨ।

ਐੱਸਸੀਓ ਮੈਂਬਰ ਮੁਲਕਾਂ ਨੇ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਕੀਤੇ ਗਏ ਫੌਜੀ



ਹਮਲਿਆਂ ਦੀ ਵੀ ਨਿੰਦਾ ਕੀਤੀ ਕਿਉਂਕਿ ਇਸ ਨਾਲ ਨਾਗਰਿਕ ਆਬਾਦੀ ਵਾਲੇ ਇਲਾਕਿਆਂ ਵਿੱਚ ਜਾਨੀ ਨੁਕਸਾਨ ਹੋਇਆ ਹੈ ਅਤੇ ਖਿੱਤੇ ਵਿੱਚ ਵਿਨਾਸ਼ਕਾਰੀ ਮਾਨਵਤਾਵਾਦੀ ਸਥਿਤੀ ਪੈਦਾ ਹੋਈ ਹੈ।

ਐਲਾਨਨਾਮੇ ਵਿੱਚ ਖੇਤਰੀ ਸੁਰੱਖਿਆ ਨੂੰ ਵਧਾਉਣ ਦੇ ਤਰੀਕਿਆਂ ਦਾ ਜ਼ਿਕਰ ਕੀਤਾ ਗਿਆ ਹੈ ਅਤੇ ਅਤਿਵਾਦ ਨਾਲ ਲੜਨ ਨੂੰ ਇੱਕ ਵੱਡੀ ਚੁਣੌਤੀ ਵਜੋਂ ਪਛਾਣਿਆ ਗਿਆ ਹੈ। ਇਸ ਵਿਚ ਕਿਹਾ ਗਿਆ, "ਮੈਂਬਰ ਦੇਸ਼ਾਂ ਨੇ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ।"

ਐਸਸੀਓ ਮੈਂਬਰ ਮੁਲਕਾਂ ਨੇ ਪਾਕਿਸਤਾਨ ਦੇ ਬਲੋਚਿਸਤਾਨ ਸੂਬੇ ਵਿੱਚ ਖੁਜ਼ਦਾਰ ਅਤੇ ਜਾਫਰ ਐਕਸਪ੍ਰੈਸ 'ਤੇ ਹੋਏ ਦਹਿਸ਼ਤੀ ਹਮਲਿਆਂ ਦੀ ਵੀ ਨਿੰਦਾ ਕੀਤੀ।

ਐਲਾਨਨਾਮੇ ਮੁਤਾਬਕ ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਹਮਲਿਆਂ ਦੇ ਦੋਸ਼ੀਆਂ, ਪ੍ਰਬੰਧਕਾਂ ਅਤੇ ਸਰਪ੍ਰਸਤਾਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਐਸਸੀਓ ਅਤਿਵਾਦ, ਵੱਖਵਾਦ ਅਤੇ ਕੱਟੜਵਾਦ ਵਿਰੁੱਧ ਲੜਾਈ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਅਤਿਵਾਦੀ, ਵੱਖਵਾਦੀ ਅਤੇ ਕੱਟੜਪੰਥੀ ਸਮੂਹਾਂ ਨੂੰ 'ਭਾੜੇ ਦੇ ਉਦੇਸ਼ਾਂ' ਲਈ ਵਰਤਣ ਦੀਆਂ ਕੋਸ਼ਿਸ਼ਾਂ ਨੂੰ ਅਸਵੀਕਾਰ ਕੀਤੇ ਜਾਣ 'ਤੇ ਜ਼ੋਰ ਦਿੰਦਾ ਹੈ।

ਐੱਸਸੀਓ ਨੇ ਕਿਹਾ ਕਿ ਉਹ ਅਤਿਵਾਦੀ ਅਤੇ ਕੱਟੜਪੰਥੀ ਖਤਰਿਆਂ ਦਾ ਮੁਕਾਬਲਾ ਕਰਨ ਵਿੱਚ ਪ੍ਰਭੂਸੱਤਾ ਸੰਪੰਨ ਰਾਜਾਂ ਅਤੇ ਉਨ੍ਹਾਂ ਦੇ ਸਮਰੱਥ ਅਧਿਕਾਰੀਆਂ ਦੀ ਮੋਹਰੀ ਭੂਮਿਕਾ ਨੂੰ ਮਾਨਤਾ ਦਿੰਦਾ ਹੈ। ਐਲਾਨਨਾਮੇ ਵਿਚ ਕਿਹਾ ਗਿਆ, "ਮੈਂਬਰ ਮੁਲਕ ਅਤਿਵਾਦ ਦੀ ਇਸ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਵਿੱਚ ਸਖ਼ਤ ਨਿੰਦਾ ਕਰਦੇ ਹਨ ਅਤੇ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਅਤਿਵਾਦ ਵਿਰੁੱਧ ਲੜਾਈ ਵਿੱਚ ਦੋਹਰੇ ਮਾਪਦੰਡ ਅਸਵੀਕਾਰਯੋਗ ਹਨ, ਅਤੇ ਕੌਮਾਂਤਰੀ ਭਾਈਚਾਰੇ ਨੂੰ ਅਤਿਵਾਦ ਦਾ ਮੁਕਾਬਲਾ ਕਰਨ ਦਾ ਸੱਦਾ ਦਿੰਦੇ ਹਨ, ਜਿਸ ਵਿੱਚ ਅਤਿਵਾਦੀਆਂ ਦੀ ਸਰਹੱਦ ਪਾਰੋਂ ਸਰਗਰਮੀਆਂ ਵੀ ਸ਼ਾਮਲ ਹਨ।"

ਐੱਸਸੀਓ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਕੇਂਦਰੀ ਭੂਮਿਕਾ ਹੈ ਕਿ ਉਹ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਪ੍ਰਸਤਾਵ ਅਤੇ ਸੰਯੁਕਤ ਰਾਸ਼ਟਰ ਦੀ ਗਲੋਬਲ ਅਤਿਵਾਦ ਵਿਰੋਧੀ ਰਣਨੀਤੀ ਨੂੰ ਯੂਐੱਨ ਚਾਰਟਰ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਸਿਧਾਂਤਾਂ ਅਨੁਸਾਰ ਪੂਰੀ ਤਰ੍ਹਾਂ ਲਾਗੂ ਕਰੇ, ਤਾਂ ਜੋ ਸਾਰੇ ਅਤਿਵਾਦੀ ਸਮੂਹਾਂ ਦਾ ਸਾਂਝੇ ਤੌਰ 'ਤੇ ਮੁਕਾਬਲਾ ਕੀਤਾ ਜਾ ਸਕੇ।

# ਕੁਦਰਤ ਦਾ ਕਹਿਰ: ਮੀਂਹ ਪੈਣ ਦਾ ਸਿਲਸਿਲਾ ਜਾਰੀ; ਨੌਂ ਜ਼ਿਲ੍ਹਿਆਂ ਲਈ 'ਰੈੱਡ' ਅਲਰਟ



**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਪਿਛਲੇ ਇੱਕ ਹਫਤੇ ਤੋਂ ਅੱਠ ਜ਼ਿਲ੍ਹਿਆਂ ਵਿੱਚ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ। ਇਨ੍ਹਾਂ ਜ਼ਿਲ੍ਹਿਆਂ ਦੇ 1300 ਤੋਂ ਵੱਧ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਚੁੱਕੇ ਹਨ ਅਤੇ 26 ਲੋਕਾਂ ਦੀ ਮੌਤ ਹੋ ਚੁੱਕੀ ਹੈ। ਲੰਘੇ ਦਿਨ ਤੋਂ ਰੁਕ ਰੁਕ ਕੇ ਪੈ ਰਹੇ ਮੀਂਹ ਨਾਲ ਸੂਬੇ ਵਿੱਚ ਹੜ੍ਹਾਂ ਕਰਕੇ ਹਾਲਤ ਹੋਰ ਵੀ ਗੰਭੀਰ ਹੋ ਗਏ ਹਨ। ਇਸ ਸਮੇਂ ਪੰਜਾਬ ਵਿੱਚ ਰਾਵੀ, ਬਿਆਸ ਅਤੇ ਸਤਲੁਜ ਦਰਿਆ ਦੇ ਨਾਲ ਨਾਲ ਘੱਗਰ ਨਦੀ ਵਿੱਚ ਵੀ ਪਾਣੀ ਦਾ ਪੱਧਰ ਵੱਧ ਗਿਆ। ਘੱਗਰ ਵਿੱਚ ਪਾਣੀ ਦਾ ਪੱਧਰ ਵਧਣ ਕਰਕੇ ਮੁਹਾਲੀ, ਪਟਿਆਲਾ, ਸੰਗਰੂਰ ਅਤੇ ਮਾਨਸਾ ਨੂੰ ਵੀ ਹੜ੍ਹਾਂ ਦਾ ਡਰ ਸਤਾਉਣ ਲੱਗਾ ਹੈ।

ਮੌਸਮ ਵਿਭਾਗ ਨੇ ਪੰਜਾਬ ਦੇ ਨੌਂ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਰੋਪੜ, ਮੁਹਾਲੀ ਅਤੇ ਫ਼ਤਹਿਗੜ੍ਹ ਸਾਹਿਬ 'ਚ ਪਹਿਲੀ ਸਤੰਬਰ ਲਈ ਰੈੱਡ ਅਲਰਟ ਜਾਰੀ ਕੀਤਾ ਹੈ ਅਤੇ 2 ਸਤੰਬਰ ਨੂੰ ਵੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ ਲਗਪਗ ਸਾਰੇ ਸ਼ਹਿਰਾਂ ਵਿੱਚ ਲੰਘੀ ਰਾਤ ਤੋਂ ਲਗਾਤਾਰ ਭਾਰੀ ਮੀਂਹ ਪੈ ਰਿਹਾ ਹੈ, ਜਿਸ ਨੇ ਸ਼ਹਿਰਾਂ ਨੂੰ ਜਲਥਲ ਕਰਕੇ ਰੱਖ ਦਿੱਤਾ ਹੈ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਮੁਤਾਬਕ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਪਿਛਲੇ 24 ਘੰਟਿਆਂ ਦੌਰਾਨ 76.5 ਐੱਮਐੱਮ ਮੀਂਹ ਪਿਆ ਹੈ। ਇਸ ਦੇ ਨਾਲ ਹੀ ਅੰਮ੍ਰਿਤਸਰ ਵਿੱਚ 24.1 ਐਮਐਮ, ਲੁਧਿਆਣਾ ਵਿੱਚ 216.7 ਐਮਐਮ, ਪਟਿਆਲਾ ਵਿੱਚ 80.4 ਐਮਐਮ, ਫਰੀਦਕੋਟ ਵਿੱਚ 10.2 ਐਮਐਮ, ਨਵਾਂ ਸ਼ਹਿਰ ਵਿੱਚ 112.7 ਐਮਐਮ, ਫਿਰੋਜ਼ਪੁਰ ਵਿੱਚ 12 ਐਮਐਮ, ਹੁਸ਼ਿਆਰਪੁਰ ਵਿੱਚ 26.5 ਐਮਐਮ, ਮਾਨਸਾ ਵਿੱਚ 42 ਐਮਐਮ, ਮੁਹਾਲੀ ਵਿੱਚ 64 ਐਮਐਮ ਅਤੇ ਰੋਪੜ ਵਿੱਚ 82.5 ਐਮਐਮ ਮੀਂਹ ਪਿਆ।

# ਅਮਿਤ ਸ਼ਾਹ ਨੇ ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਨਾਲ ਕੀਤੀ ਗੱਲਬਾਤ

**ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ, ਕੇਂਦਰੀ ਗ੍ਰਹਿ ਮੰਤਰੀ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ**



**ਨਵੀਂ ਦਿੱਲੀ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਗੱਲਬਾਤ ਕੀਤੀ ਅਤੇ ਸੂਬੇ ਵਿੱਚ ਹੜ੍ਹਾਂ ਦੀ ਸਥਿਤੀ ਦਾ ਜਾਇਜ਼ਾ ਲਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਟੈਲੀਫੋਨ 'ਤੇ ਹੋਈ ਗੱਲਬਾਤ ਦੌਰਾਨ ਰਾਜਪਾਲ ਅਤੇ ਮੁੱਖ ਮੰਤਰੀ ਨੇ ਗ੍ਰਹਿ ਮੰਤਰੀ ਨੂੰ ਮੌਜੂਦਾ ਸਥਿਤੀ ਅਤੇ ਪ੍ਰਭਾਵਿਤ ਲੋਕਾਂ ਦੇ ਬਚਾਅ ਅਤੇ ਰਾਹਤ ਲਈ ਪ੍ਰਸ਼ਾਸਨ ਵੱਲੋਂ ਚੁੱਕੇ ਗਏ ਕਦਮਾਂ ਬਾਰੇ ਜਾਣਕਾਰੀ ਦਿੱਤੀ।

ਅਧਿਕਾਰੀਆਂ ਨੇ ਕਿਹਾ ਕਿ ਸ਼ਾਹ ਨੇ ਦੋਵਾਂ ਨੂੰ ਹੜ੍ਹਾਂ ਨਾਲ ਨਜਿੱਠਣ ਲਈ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਲਗਾਤਾਰ ਮੀਂਹ ਕਾਰਨ ਪੰਜਾਬ ਦੇ ਕਈ ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ। ਰਾਜ ਸਰਕਾਰ ਨੇ ਐਤਵਾਰ ਨੂੰ ਸਕੂਲਾਂ ਵਿਚ ਛੁੱਟੀਆਂ 3 ਸਤੰਬਰ ਤੱਕ ਵਧਾ ਦਿੱਤੀਆਂ ਸਨ।

ਅਧਿਕਾਰੀਆਂ ਅਨੁਸਾਰ ਪੰਜਾਬ ਵਿੱਚ ਅਗਸਤ ਵਿੱਚ 253.7 ਮਿਲੀਮੀਟਰ ਮੀਂਹ ਪਿਆ, ਜੋ ਕਿ ਆਮ ਨਾਲੋਂ 74 ਪ੍ਰਤੀਸ਼ਤ ਵੱਧ ਹੈ ਅਤੇ 25 ਸਾਲਾਂ ਵਿੱਚ ਸੂਬੇ ਵਿੱਚ ਸਭ ਤੋਂ ਵੱਧ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਇੱਕ ਪੱਤਰ ਵਿੱਚ ਮਾਨ ਨੇ ਕਿਹਾ ਕਿ ਪੰਜਾਬ ਇਸ ਸਮੇਂ ਦਹਾਕਿਆਂ ਵਿੱਚ ਸਭ ਤੋਂ ਭਿਆਨਕ ਹੜ੍ਹ ਆਫ਼ਤ ਦਾ ਸਾਹਮਣਾ ਕਰ ਰਿਹਾ ਹੈ, ਜਿਸ ਨਾਲ ਕਰੀਬ 1,000 ਪਿੰਡ ਅਤੇ ਲੱਖਾਂ ਲੋਕ ਪ੍ਰਭਾਵਿਤ ਹੋਏ ਹਨ।

# ਚੀਮਾ ਵੱਲੋਂ ਹੜ੍ਹ ਪ੍ਰਭਾਵਿਤ ਪੰਜਾਬ ਦੀ ਅਣਦੇਖੀ ਲਈ ਪ੍ਰਧਾਨ ਮੰਤਰੀ ਦੀ ਆਲੋਚਨਾ



**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਕਿਹਾ ਕਿ ਇਹ ਬਹੁਤ ਹੀ ਮੰਦਭਾਗਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ, ਇੱਕ ਅਜਿਹਾ ਸੂਬਾ ਜਿਸ ਨੇ ਹਮੇਸ਼ਾ ਦੇਸ਼ ਦੀਆਂ ਚੁਣੌਤੀਆਂ ਦਾ ਮੋਹਰੀ ਹੋ ਕੇ ਸਾਹਮਣਾ ਕੀਤਾ ਹੈ, ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੇ ਹਨ। ਵਿੱਤ ਮੰਤਰੀ ਚੀਮਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵੀ ਨਿਖੇਧੀ ਕੀਤੀ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਚਿੱਠੀ, ਜਿਸ ਵਿੱਚ ਬਣਦੇ ਫੰਡ ਜਾਰੀ ਕਰਨ ਦੀ ਅਪੀਲ ਕੀਤੀ ਗਈ ਸੀ, ਦੇ ਜਵਾਬ ਵਿੱਚ 60,000 ਕਰੋੜ ਰੁਪਏ ਦੇ ਬਕਾਇਆ ਫੰਡਾਂ ਜਾਂ ਰਾਹਤ ਪੈਕੇਜ ਨੂੰ ਜਾਰੀ ਕਰਨ ਦਾ ਕੋਈ ਭਰੋਸਾ ਨਹੀਂ ਦਿੱਤਾ। ਵਿੱਤ ਮੰਤਰੀ ਚੀਮਾ ਨੇ ਕਿਹਾ, ਇਸ ਤੋਂ ਵੀ ਵੱਧ ਮੰਦਭਾਗਾ ਇਹ ਹੈ ਕਿ ਪੰਜਾਬ ਭਾਜਪਾ ਆਪਣੀ ਕੇਂਦਰੀ ਸਰਕਾਰ 'ਤੇ ਸੂਬੇ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਦਬਾਅ ਬਣਾਉਣ ਦੀ ਬਜਾਏ ਸਿਆਸੀ ਰੈਲੀਆਂ ਕਰਨ ਵਿੱਚ ਰੁੱਝੀ ਹੋਈ ਹੈ।

ਇੱਥੇ ਪੰਜਾਬ ਭਵਨ ਵਿੱਚ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਵਾਸਤੇ ਸੂਬੇ ਦੇ ਆਬਕਾਰੀ ਤੇ ਕਰ ਵਿਭਾਗ ਵੱਲੋਂ ਜਾਰੀ ਕੀਤਾ 50 ਲੱਖ ਰੁਪਏ ਦਾ ਚੈੱਕ ਦਿਖਾਉਂਦਿਆਂ ਕਿਹਾ ਕਿ ਜਦੋਂ ਪੰਜਾਬ ਸਰਕਾਰ, ਇਸ ਦੇ ਵਿਭਾਗ ਅਤੇ ਸੂਬੇ ਦੇ ਲੋਕ ਸਮੂਹਿਕ ਤੌਰ 'ਤੇ ਇਸ ਕੁਦਰਤੀ ਆਫ਼ਤ ਨਾਲ ਨਜਿੱਠ ਰਹੇ ਹਨ, ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੂਬੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਨੇ ਇਸ ਗੱਲ 'ਤੇ ਨਿਰਾਸ਼ਾ ਜ਼ਾਹਰ ਕੀਤੀ ਕਿ ਪ੍ਰਧਾਨ ਮੰਤਰੀ, ਜੋ ਜਨਮਦਿਨ ਦੀਆਂ ਸ਼ੁਭਕਾਮਨਾਵਾਂ ਵੀ ਟਵੀਟ ਕਰਦੇ ਹਨ, ਨੇ ਪੰਜਾਬ ਨੂੰ ਪ੍ਰਭਾਵਿਤ ਕਰਨ ਵਾਲੀ ਕੁਦਰਤੀ ਆਫ਼ਤ ਬਾਰੇ ਇੱਕ ਵੀ ਸ਼ਬਦ ਨਹੀਂ ਕਿਹਾ। ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ, ਜਿਨ੍ਹਾਂ ਵਿੱਚ ਸੂਬਾ ਪ੍ਰਧਾਨ ਸੁਨੀਲ ਜਾਖੜ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਸ਼ਾਮਲ ਹਨ, 'ਤੇ ਵੀ ਨਿਸ਼ਾਨਾ ਸਾਧਿਆ ਕਿ ਉਹ ਆਪਣੀ ਕੇਂਦਰੀ ਲੀਡਰਸ਼ਿਪ ਨੂੰ ਕਾਰਵਾਈ ਕਰਨ ਦੀ ਅਪੀਲ ਕਰਨ ਦੀ ਬਜਾਏ ਸਮਰਾਲਾ ਵਿੱਚ ਸਿਆਸੀ ਰੈਲੀਆਂ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ, ÷ਪੰਜਾਬ ਭਾਜਪਾ ਦੇ ਆਗੂਆਂ ਨੂੰ ਇਸ ਰਵੱਈਏ 'ਤੇ ਸ਼ਰਮ ਆਉਣੀ ਚਾਹੀਦੀ ਹੈ।

# ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਉਪ-ਰਾਸ਼ਟਰਪਤੀ ਚੋਣ 2025 ਦੇ ਸਬੰਧ 'ਚ ਪੋਸਟਲ ਬੈਲਟ ਜਾਰੀ ਕਰਨ ਦੇ ਨਿਰਦੇਸ਼

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਫ਼ਤਰ ਮੁੱਖ ਚੋਣ ਅਫ਼ਸਰ, ਪੰਜਾਬ ਨੇ ਦੱਸਿਆ ਹੈ ਕਿ ਭਾਰਤੀ ਚੋਣ ਕਮਿਸ਼ਨ ਨੇ ਖਡੂਰ ਸਾਹਿਬ-03 ਸੰਸਦੀ ਹਲਕਾ, ਪੰਜਾਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ, ਜੋ ਕਿ ਉਪ-ਰਾਸ਼ਟਰਪਤੀ ਚੋਣ, 2025 ਲਈ ਵੋਟਰ (ਇਲੈਕਟੋਰਲ ਕਾਲਜ ਦੇ ਮੈਂਬਰ) ਵੀ ਹਨ, ਨੂੰ ਵੋਟ ਪਾਉਣ ਦੀ ਸਹੂਲਤ ਦੇਣ ਸਬੰਧੀ ਜ਼ਰੂਰੀ ਨਿਰਦੇਸ਼ ਜਾਰੀ ਕੀਤੇ ਹਨ।

ਦੱਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਇਸ ਸਮੇਂ ਅਸਾਮ ਦੀ ਡਿਬਰੂਗੜ੍ਹ ਸਥਿਤ ਕੇਂਦਰੀ ਜੇਲ੍ਹ ਵਿੱਚ ਕੌਮੀ ਸੁਰੱਖਿਆ ਐਕਟ, 1980 ਤਹਿਤ ਨਜ਼ਰਬੰਦ ਹਨ। ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਚੋਣ ਨਿਯਮਾਂ, 1974 ਦੇ ਨਿਯਮ 26 ਦੇ ਉਪਬੰਧਾਂ ਅਨੁਸਾਰ ਕਮਿਸ਼ਨ ਨੇ ਨਿਰਦੇਸ਼ ਦਿੱਤਾ ਹੈ ਕਿ ਉਨ੍ਹਾਂ ਨੂੰ ਵੋਟ ਪਾਉਣ ਦੀ ਸਹੂਲਤ ਦੇਣ ਲਈ ਇੱਕ ਪੋਸਟਲ ਬੈਲਟ ਪੇਪਰ ਜਾਰੀ ਕੀਤਾ ਜਾਵੇ।

ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ ਨਜ਼ਰਬੰਦੀ (ਪ੍ਰੀਵੈਂਟਿਵ ਡਿਟੈਂਸ਼ਨ) ਅਧੀਨ ਜੇਲ੍ਹ 'ਚ ਬੰਦ ਵੋਟਰਾਂ ਲਈ ਪੋਸਟਲ ਬੈਲਟ ਪੇਪਰ ਸਿਰਫ਼ ਵੋਟਾਂ ਵਾਲੇ ਦਿਨ ਹੀ ਪ੍ਰਦਾਨ ਕੀਤੇ ਜਾਂਦੇ ਹਨ ਅਤੇ ਨਿਸ਼ਾਨ ਲੱਗਿਆ (ਮਾਰਕ ਕੀਤਾ) ਪੋਸਟਲ ਬੈਲਟ ਵਾਲਾ ਸੀਲਬੰਦ ਲਿਫ਼ਾਫ਼ਾ ਵੋਟਾਂ ਦੀ ਗਿਣਤੀ ਸ਼ੁਰੂ ਹੋਣ ਤੋਂ ਪਹਿਲਾਂ ਰਿਟਰਨਿੰਗ ਅਫਸਰ ਕੋਲ ਪਹੁੰਚਣਾ ਲਾਜ਼ਮੀ ਹੈ।

ਇਸ ਅਨੁਸਾਰ ਕਮਿਸ਼ਨ ਨੇ ਗ੍ਰਹਿ ਮੰਤਰਾਲੇ ਅਤੇ ਅਸਾਮ ਸਰਕਾਰ ਦੇ ਮੁੱਖ ਸਕੱਤਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਇਹ ਯਕੀਨੀ ਬਣਾਉਣ ਕਿ ਅੰਮ੍ਰਿਤਪਾਲ ਸਿੰਘ ਦੁਆਰਾ ਨਿਸ਼ਾਨ ਲੱਗਿਆ ਪੋਸਟਲ ਬੈਲਟ ਵਾਲਾ ਸੀਲਬੰਦ ਲਿਫ਼ਾਫ਼ਾ ਅਸਾਮ ਦੇ ਡਿਬਰੂਗੜ੍ਹ ਤੋਂ ਇੱਕ ਵਿਸ਼ੇਸ਼ ਸੰਦੇਸ਼ਵਾਹਕ ਦੁਆਰਾ ਹਵਾਈ ਸਫ਼ਰ ਰਾਹੀਂ ਲਿਜਾਇਆ ਜਾਵੇ ਤਾਂ ਜੋ ਇਹ ਵੋਟਾਂ ਦੀ ਗਿਣਤੀ ਲਈ ਨਿਰਧਾਰਤ ਮਿਤੀ 9 ਸਤੰਬਰ 2025 ਨੂੰ ਸ਼ਾਮ 6 ਵਜੇ ਤੋਂ ਪਹਿਲਾਂ ਰਿਟਰਨਿੰਗ ਅਫਸਰ ਕੋਲ ਪਹੁੰਚ ਜਾਵੇ।

ਸਬੰਧਤ ਅਧਿਕਾਰੀਆਂ ਨੂੰ ਇਸ ਸਬੰਧੀ ਤੁਰੰਤ ਪ੍ਰਬੰਧ ਕਰਕੇ ਕਮਿਸ਼ਨ ਨੂੰ ਇਸ ਬਾਰੇ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ।

# ਪੰਜਾਬ ਦੇ ਸਾਰੇ ਕਾਲਜਾਂ, ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਵਿੱਚ 3 ਸਤੰਬਰ ਤੱਕ ਛੁੱਟੀਆਂ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸੂਬੇ ਵਿੱਚ 8 ਜ਼ਿਲ੍ਹਿਆਂ ਦੇ ਹੜ੍ਹਾਂ ਦੀ ਮਾਰ ਹੇਠ ਆਉਣ ਤੋਂ ਬਾਅਦ ਅਤੇ ਸੂਬੇ ਵਿੱਚ ਰਾਤ ਤੋਂ ਲਗਾਤਾਰ ਹੋ ਰਹੇ ਭਾਰੀ ਮੀਂਹ ਦੇ ਮੱਦੇਨਜ਼ਰ ਸੂਬੇ ਦੇ ਸਾਰੇ ਕਾਲਜਾਂ, ਯੂਨੀਵਰਸਿਟੀਆਂ ਅਤੇ ਪੋਲੀਟੈਕਨੀਕਲ ਕਾਲਜਾਂ ਵਿੱਚ 3 ਸਤੰਬਰ ਤੱਕ ਛੁੱਟੀਆਂ ਕਰ ਦਿੱਤੀਆਂ ਹਨ। ਇਹ ਐਲਾਨ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਹੋਸਟਲਾਂ ਵਿੱਚ ਰਹਿ ਰਹੇ ਵਿਦਿਆਰਥੀਆਂ ਦੀ ਦੇਖਭਾਲ ਦੀ ਪੂਰੀ ਜ਼ਿੰਮੇਵਾਰੀ ਸਬੰਧਤ ਪ੍ਰਬੰਧਕਾਂ ਦੀ ਹੋਵੇਗੀ। ਇਸ ਲਈ ਉਨ੍ਹਾਂ ਸਾਰਿਆਂ ਨੂੰ ਬੇਨਤੀ ਹੈ ਕਿ ਸਥਾਨਕ ਪ੍ਰਸ਼ਾਸਨ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪੂਰੀ ਪਾਲਣਾ ਕੀਤੀ ਜਾਵੇ।

# ਹੜ੍ਹਾਂ ਦੌਰਾਨ 'ਨਾਇਕ' ਬਣ ਕੇ ਖੜ੍ਹਿਆ ਕਿਸਾਨ ਦਾ ਪੁੱਤ 'ਟਰੈਕਟਰ'

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ 1300 ਤੋਂ ਵੱਧ ਪਿੰਡ ਇਸ ਵੇਲੇ ਹੜ੍ਹਾਂ ਦੀ ਮਾਰ ਹੇਠ ਹਨ। 'ਟਰੈਕਟਰ' ਜਿਸ ਨੂੰ ਕਿਸਾਨ ਆਪਣਾ 'ਪੁੱਤ' ਮੰਨਦੇ ਹਨ ਅਤੇ ਧਰਨੇ ਪ੍ਰਦਰਸ਼ਨਾਂ ਦੌਰਾਨ ਕਿਸਾਨ ਇਨ੍ਹਾਂ ਟਰੈਕਟਰਾਂ ਦੀ ਆਮ ਕਰਕੇ ਵਰਤੋਂ ਕਰਦੇ ਹਨ। ਪਰ ਅੱਜ ਜਦੋਂ ਪੰਜਾਬ 'ਤੇ ਬਿਪਤਾ ਪਈ ਹੈ ਤਾਂ 'ਟਰੈਕਟਰ' ਕਿਸਾਨ ਨਾਲ ਨਾਇਕ ਬਣ ਕੇ ਉੱਭਰਿਆ ਹੈ। ਕਦੇ ਟਰੈਕਟਰ ਨੂੰ 'ਪਰੇਸ਼ਾਨੀ ਪੈਦਾ ਕਰਨ ਵਾਲਾ ਵਾਹਨ' (ਨਿਊਸੈਂਸ ਵਹੀਕਲ) ਕਿਹਾ ਜਾਂਦਾ ਸੀ।

ਸੜਕ ਨਿਯਮਾਂ ਦੀ ਉਲੰਘਣਾ ਲਈ ਅਕਸਰ ਟਰੈਕਟਰ ਚਾਲਕਾਂ ਦਾ ਚਲਾਨ ਕੀਤਾ ਜਾਂਦਾ ਸੀ। ਕਈ ਮਾਮਲਿਆਂ ਵਿੱਚ ਤਾਂ ਟਰੈਕਟਰ ਜ਼ਬਤ ਵੀ ਕੀਤੇ ਗਏ, ਪਰ ਉਹੀ ਟਰੈਕਟਰ ਹੁਣ ਹੜ੍ਹਾਂ ਦੌਰਾਨ ਪੰਜਾਬ ਦਾ ਸਭ ਤੋਂ ਭਰੋਸੇਮੰਦ ਬਚਾਅ ਸਾਧਨ ਬਣ ਗਿਆ ਹੈ। ਜਿਵੇਂ-ਜਿਵੇਂ ਭਾਰੀ ਮੀਂਹ ਕਾਰਨ



ਮਾਲਵਾ ਦੇ ਪਿੰਡਾਂ ਤੋਂ ਲੈ ਕੇ ਮਾਝਾ ਅਤੇ ਦੋਆਬਾ ਦੇ ਨੀਵੇਂ ਇਲਾਕਿਆਂ ਸਮੇਤ ਪੰਜਾਬ ਦੇ ਵੱਡੇ ਹਿੱਸੇ ਹੜ੍ਹਾਂ ਦੀ ਲਪੇਟ ਵਿੱਚ ਆ ਰਹੇ ਹਨ, ਇਹ ਟਰੈਕਟਰ ਪਾਣੀ ਵਿੱਚ ਡੁੱਬੇ ਇਲਾਕਿਆਂ ਵਿੱਚ ਜਾ ਕੇ ਫਸੇ ਪਰਿਵਾਰਾਂ ਨੂੰ ਬਚਾਉਣ ਵਿਚ ਮਦਦ ਕਰ ਰਿਹਾ ਹੈ ਅਤੇ ਭੋਜਨ, ਪੀਣਯੋਗ ਪਾਣੀ, ਦਵਾਈਆਂ ਵਰਗੀਆਂ ਜ਼ਰੂਰੀ ਵਸਤਾਂ ਪਹੁੰਚਾ ਰਹੇ ਹਨ।

ਕਦੇ ਟਰੈਫਿਕ ਮੁਹਿੰਮਾਂ ਦੌਰਾਨ ਸਹੀ ਪਰਮਿਟ ਨਾ ਹੋਣ ਜਾਂ ਸੜਕਾਂ 'ਤੇ ਰੁਕਾਵਟ ਪੈਦਾ ਕਰਨ ਲਈ ਨਿਸ਼ਾਨਾ ਬਣਾਏ ਜਾਣ ਵਾਲੇ ਇਹ ਟਰੈਕਟਰ ਹੁਣ ਜ਼ਮੀਨ 'ਤੇ ਸੱਚੇ ਨਾਇਕ ਬਣ ਕੇ ਉੱਭਰੇ ਹਨ। ਉਨ੍ਹਾਂ ਇਲਾਕਿਆਂ ਵਿੱਚ ਜਿੱਥੇ ਸਰਕਾਰੀ ਵਾਹਨ ਅਤੇ ਐਮਰਜੈਂਸੀ ਸੇਵਾਵਾਂ ਨਹੀਂ ਪਹੁੰਚ ਸਕਦੀਆਂ, ਟਰੈਕਟਰ ਲੱਕ-ਲੱਕ ਤੱਕ ਪਾਣੀ ਵਿੱਚੋਂ ਲੰਘ ਕੇ ਲੋਕਾਂ ਤੱਕ ਪਹੁੰਚ ਰਹੇ ਹਨ।

# ਮੋਦੀ ਨੇ ਪੂਤਿਨ ਨਾਲ ਮੁਲਾਕਾਤ ਦੌਰਾਨ ਯੂਕਰੇਨ ਸੰਘਰਸ਼ ਨੂੰ ਜਲਦ ਖ਼ਤਮ ਕਰਨ ਦੀ ਅਪੀਲ ਕੀਤੀ

**ਤਿਆਨਜਿਨ (ਚੀਨ), 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਗੱਲਬਾਤ ਦੌਰਾਨ ਕਿਹਾ ਕਿ ਯੂਕਰੇਨ ਸੰਘਰਸ਼ ਨੂੰ ਜਿੰਨੀ ਜਲਦੀ ਹੋ ਸਕੇ ਖ਼ਤਮ ਕਰਨਾ ਮਨੁੱਖਤਾ ਦਾ ਸੱਦਾ ਹੈ।

ਮੋਦੀ ਅਤੇ ਪੂਤਿਨ ਨੇ ਚੀਨ ਦੇ ਬੰਦਰਗਾਹ ਸ਼ਹਿਰ ਵਿੱਚ ਸ਼ੰਘਾਈ ਸਹਿਯੋਗ ਸੰਗਠਨ ਦੇ ਸਾਲਾਨਾ ਸੰਮੇਲਨ ਦੇ ਨਾਲ-ਨਾਲ ਗੱਲਬਾਤ ਕੀਤੀ। ਟੀਵੀ 'ਤੇ ਪ੍ਰਸਾਰਿਤ ਸ਼ੁਰੂਆਤੀ ਟਿੱਪਣੀਆਂ ਵਿੱਚ ਮੋਦੀ ਨੇ ਕਿਹਾ, "ਅਸੀਂ ਯੂਕਰੇਨ ਵਿੱਚ ਸ਼ਾਂਤੀ ਲਿਆਉਣ ਲਈ ਸਾਰੇ



ਹਾਲੀਆ ਯਤਨਾਂ ਦਾ ਸਵਾਗਤ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਸਾਰੀਆਂ ਸਬੰਧਤ ਧਿਰਾਂ 'ਰਚਨਾਤਮਕ' ਢੰਗ ਨਾਲ ਅੱਗੇ ਵਧਣਗੀਆਂ।"

ਉਨ੍ਹਾਂ ਕਿਹਾ ਕਿ ਮਨੁੱਖਤਾ ਦਾ ਸੱਦਾ ਹੈ ਕਿ ਇਸ ਸੰਘਰਸ਼ ਨੂੰ ਜਲਦੀ ਤੋਂ ਜਲਦੀ ਖ਼ਤਮ ਕੀਤਾ ਜਾਵੇ ਅਤੇ ਖੇਤਰ ਵਿੱਚ ਸਥਾਈ ਸ਼ਾਂਤੀ ਲਿਆਉਣ ਦੇ ਤਰੀਕੇ ਲੱਭੇ ਜਾਣ।

ਮੋਦੀ ਨੇ ਇਹ ਵੀ ਕਿਹਾ ਕਿ ਭਾਰਤ ਰੂਸੀ ਆਗੂ ਦੀ ਉਡੀਕ ਕਰ ਰਿਹਾ ਹੈ। ਪੂਤਿਨ ਦਸੰਬਰ ਵਿੱਚ ਮੋਦੀ ਨਾਲ ਸਿਖਰ ਸੰਮੇਲਨ ਦੀ ਗੱਲਬਾਤ ਲਈ ਭਾਰਤ ਦਾ ਦੌਰਾ ਕਰਨ ਵਾਲੇ ਹਨ। ਮੋਦੀ ਨੇ ਕਿਹਾ ਕਿ ਭਾਰਤ ਅਤੇ ਰੂਸ ਮੁਸ਼ਕਲ ਸਮਿਆਂ ਵਿੱਚ ਵੀ ਹਮੇਸ਼ਾ ਮੋਢੇ ਨਾਲ ਮੋਢਾ ਜੋੜ ਕੇ ਅੱਗੇ ਵਧੇ ਹਨ। ਉਨ੍ਹਾਂ ਕਿਹਾ ਕਿ ਭਾਰਤ ਅਤੇ ਰੂਸ ਵਿਚਾਲੇ ਨੇੜਲੇ ਸਬੰਧ ਵਿਸ਼ਵ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਲਈ ਮਹੱਤਵਪੂਰਨ ਹਨ।

# ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅਗਲੇ 24 ਘੰਟੇ ਭਾਰੀ ਮੀਂਹ ਪੈਣ ਦੀ ਚੇਤਾਵਨੀ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਪਿਛਲੇ 24 ਘੰਟਿਆਂ ਤੋਂ ਰੁਕ ਰੁਕ ਕੇ ਮੀਂਹ ਪੈਣਾ ਜਾਰੀ ਹੈ, ਜਿਸ ਨੇ ਪੰਜਾਬ ਵਿੱਚ ਹੜ੍ਹਾਂ ਦੇ ਹਾਲਾਤ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਇਸ ਦੇ ਨਾਲ ਹੀ ਮੌਸਮ ਵਿਭਾਗ ਨੇ ਪੰਜਾਬ, ਹਰਿਆਣਾ ਅਤੇ ਚੰਡੀਗੜ੍ਹ ਵਿੱਚ ਅਗਲੇ 24 ਘੰਟੇ ਭਾਰੀ ਮੀਂਹ ਪੈਣ ਦੀ ਚੇਤਾਵਨੀ ਜਾਰੀ ਕੀਤੀ ਹੈ।

ਮੌਸਮ ਵਿਭਾਗ ਨੇ ਹੁਸ਼ਿਆਰਪੁਰ, ਨਵਾਂ ਸ਼ਹਿਰ, ਗੜ੍ਹਸ਼ੰਕਰ, ਰੋਪੜ ਅਤੇ ਪਟਿਆਲਾ ਸਣੇ ਆਲੇ ਦੁਆਲੇ ਦੇ ਇਲਾਕੇ ਵਿੱਚ ਭਾਰੀ ਮੀਂਹ ਪੈਣ ਲਈ 'ਰੈੱਡ ਅਲਰਟ' ਵੀ ਜਾਰੀ ਕਰ ਦਿੱਤਾ ਹੈ। ਇਸ ਤੋਂ ਇਲਾਵਾ ਮੌਸਮ ਵਿਭਾਗ ਨੇ ਕੁਝ ਜ਼ਿਲ੍ਹਿਆਂ ਵਿੱਚ ਮੱਧਮ ਮੀਂਹ ਪੈਣ ਲਈ 'ਔਰੇਂਜ ਅਲਰਟ' ਵੀ ਜਾਰੀ ਕੀਤਾ ਹੈ।

# ਖੇਡਾਂ ਵਤਨ ਪੰਜਾਬ ਦੀਆਂ-2025' ਦੀ ਮਸ਼ਾਲ ਦਾ ਮਾਲੇਰਕੋਟਲਾ ਪਹੁੰਚਣ 'ਤੇ ਗਰਮ ਜੋਸ਼ੀ ਨਾਲ ਹੋਇਆ ਸਵਾਗਤ

**ਮਾਲੇਰਕੋਟਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤਮੰਦ ਤੇ ਰੰਗਲੇ ਪੰਜਾਬ ਦੀ ਸਿਰਜਣਾ ਅਤੇ ਸੂਬੇ ਨੂੰ ਖੇਡਾਂ ਵਿਚ ਦੇਸ਼ ਦਾ ਮੋਹਰੀ ਸੂਬਾ ਬਣਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀਆਂ ਗਈਆਂ 'ਖੇਡਾਂ ਵਤਨ ਪੰਜਾਬ ਦੀਆਂ-2025' ਸੀਜਨ-4 ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੰਗਰੂਰ ਤੋਂ ਸ਼ੁਰੂ ਕੀਤੀ ਮਸ਼ਾਲ ਅੱਜ ਵੱਖ ਵੱਖ ਜ਼ਿਲ੍ਹਿਆਂ ਤੋਂ ਹੁੰਦੀ ਹੋਈ ਦੇਰ ਸ਼ਾਮ ਜ਼ਿਲ੍ਹਾ ਲੁਧਿਆਣਾ ਤੋਂ ਮਾਲੇਰਕੋਟਲਾ ਵਿਖੇ ਪੁੱਜੀ। ਜ਼ਿਲ੍ਹਾ ਲੁਧਿਆਣਾ ਤੋਂ ਪੈਰ੍ਹਾ ਐਥਲੀਟ ਮੁਹੰਮਦ ਇਆਸਰ, ਏਸ਼ੀਅਨ ਪੈਰ੍ਹਾ ਗੇਮਜ, ਬਰਾਊਜ ਮੈਡਲਿਸਟ ਵੱਲੋ ਮਸਾਲ ਰਸੀਵ ਕੀਤੀ ਗਈ। ਜਾਗਰੂਕਤਾ ਮਸ਼ਾਲ ਦੇ ਸਥਾਨਕ ਜਾਕਿਰ ਹੁਸੈਨ ਸਟੇਡੀਅਮ ਵਿਖੇ ਪਹੁੰਚਣ 'ਤੇ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ, ਕੁਲਵੰਤ ਸਿੰਘ ਗੱਜਣਮਾਜਰਾ, ਤਹਿਸੀਲਦਾਰ ਗੀਤੂ,ਪੀ.ਏ.ਟੂ ਵਿਧਾਇਕ ਮਾਲੇਰਕੋਟਲਾ ਗੁਰਮੁੱਖ ਸਿੰਘ,ਪ੍ਰਧਾਨ ਸੰਤੋਖ ਸਿੰਘ, ਜ਼ਿਲ੍ਹਾ ਖੇਡ ਅਫ਼ਸਰ ਹਰਪਿੰਦਰ ਸਿੰਘ, ਤੋਂ ਇਲਾਵਾ ਵੱਡੀ ਤਦਾਰ ਵਿੱਚ ਖੇਡ ਪ੍ਰੇਮੀ ਵੀ ਮੌਜੂਦ ਸਨ।

# ਪੰਜਾਬ ਦੇ ਉਚੇਰੀ ਸਿੱਖਿਆ ਸੰਸਥਾਨ 3 ਸਤੰਬਰ ਤੱਕ ਬੰਦ ਰਹਿਣਗੇ: ਹਰਜੋਤ ਬੈਂਸ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਉਚੇਰੀ ਅਤੇ ਤਕਨੀਕੀ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਭਾਰੀ ਮੀਂਹ ਅਤੇ ਹੜ੍ਹਾਂ ਦੀ ਸਥਿਤੀ ਨੂੰ ਦੇਖਦਿਆਂ ਸੂਬੇ ਦੇ ਸਾਰੇ ਉਚੇਰੀ ਸਿੱਖਿਆ ਸੰਸਥਾਨ, ਜਿਨ੍ਹਾਂ ਵਿੱਚ ਕਾਲਜ, ਯੂਨੀਵਰਸਿਟੀਆਂ ਅਤੇ ਪੌਲੀਟੈਕਨਿਕ ਇੰਸਟੀਚਿਊਟ ਸ਼ਾਮਲ ਹਨ, 3 ਸਤੰਬਰ, 2025 ਤੱਕ ਬੰਦ ਰਹਿਣਗੇ।

ਸ. ਬੈਂਸ ਨੇ ਕਿਹਾ ਕਿ ਇਹ ਫੈਸਲਾ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੋਸਟਲਾਂ ਵਿੱਚ ਰਹਿਣ ਵਾਲੇ



ਵਿਦਿਆਰਥੀਆਂ ਦੀ ਦੇਖਭਾਲ ਅਤੇ ਸੁਰੱਖਿਆ ਦੀ ਜ਼ਿੰਮੇਵਾਰੀ ਸਬੰਧਤ ਵਿਦਿਅਕ ਸੰਸਥਾ ਦੀ ਹੈ। ਉਹ ਇਸ ਚੁਣੌਤੀਪੂਰਨ ਸਮੇਂ ਦੌਰਾਨ ਪੈਦਾ ਹੋਣ ਵਾਲੀ ਕਿਸੇ ਵੀ ਸਥਿਤੀ ਲਈ ਜ਼ਰੂਰੀ ਉਪਾਅ ਕਰਨਗੇ ਅਤੇ ਜ਼ਰੂਰੀ ਸੇਵਾਵਾਂ ਪ੍ਰਦਾਨ ਕਰਨਗੇ।

ਸ. ਹਰਜੋਤ ਸਿੰਘ ਬੈਂਸ ਨੇ ਸਾਰੇ ਲੋਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਅਤੇ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਜਾਂਦੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਨਾਗਰਿਕਾਂ, ਖਾਸ ਕਰਕੇ ਵਿਦਿਆਰਥੀਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਅਤੇ ਸਥਿਤੀ ਉਤੇ ਲਗਾਤਾਰ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ।

# ਵਿਧਾਇਕ ਨੇ ਹੜ੍ਹ ਪੀੜਤਾਂ ਲਈ ਰਾਸ਼ਨ ਦਾ ਸਮਾਨ ਲੈ ਕੇ ਗੁਰਦਾਸਪੁਰ ਲਈ ਟਰੱਕ ਕੀਤਾ ਟਰੱਕ ਰਵਾਨਾ



**ਮਲੇਰਕੋਟਲਾ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮਾਲੇਰਕੋਟਲਾ ਡਾਕਟਰ ਜਮੀਲ ਉਰ ਰਹਿਮਾਨ ਨੇ ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਪਿੰਡ ਭੈਣੀ ਕੰਬੋਆਂ ਵਿਖੇ ਮੁਸਲਿਮ ਭਾਈਚਾਰੇ ਵੱਲੋਂ ਇੱਕਤਰ ਕੀਤਾ ਰੋਜਮਰ੍ਹਾਂਦੇ ਰਾਸ਼ਨ ਦਾ ਸਮਾਨ ਗੁਰਦਾਸਪੁਰ ਦੇ ਹੜ੍ਹ ਪੀੜਤਾਂ ਲਈ ਰਵਾਨਾ ਕਰਨ ਮੌਕੇ ਹਲਕਾ ਨਿਵਾਸੀਆਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਸੂਬੇ ਦੇ ਲੋਕਾਂ ਨਾਲ ਖੜ੍ਹੀ ਹੈ ਤੇ ਲੋਕਾਂ ਦੇ ਹਰ ਮੁਸ਼ਕਲ ਵਿੱਚ ਸਾਥ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇੱਕ ਵੱਡੇ ਖੇਤਰ ਦੇ ਲੋਕ ਹੜ੍ਹਾਂ ਦੀ ਮਾਰ ਨਾਲ ਜੂਝ ਰਹੇ ਹਨ। ਪੰਜਾਬ ਸਰਕਾਰ ਇਨ੍ਹਾਂ ਇਲਾਕਿਆਂ ਵਿਚ ਵਿਆਪਕ ਪੱਧਰ ਤੇ ਰਾਹਤ ਤੇ ਬਚਾਓ ਦਾ ਕੰਮ ਕਰ ਰਹੀ ਹੈ, ਜਿਸ ਵਿੱਚ ਸਮੁੱਚੇ ਪੰਜਾਬ ਵਾਸੀ ਸਹਿਯੋਗ ਦੇ ਰਹੇ ਹਨ, ਇਹ ਪੰਜਾਬ ਦੀ ਭਾਈਚਾਰਕ ਸਾਂਝ ਦੀ ਅਸਲ ਤਸਵੀਰ ਹੈ। ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਫਿਲਹਾਲ ਰਾਹਤ ਅਤੇ ਬਚਾਓ ਦੇ ਕਾਰਜ ਜਾਰੀ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਸਥਿਤੀ ਆਮ ਵਾਂਗ ਹੋਣ ਉਤੇ ਮੁਆਵਜ਼ੇ ਲਈ ਵਿਸ਼ੇਸ਼ ਗਿਰਦਾਵਰੀ ਕਰਕੇ ਹਰੇਕ ਤਰ੍ਹਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਰਾਹਤ ਦੇ ਕੰਮਾਂ ਲਈ ਉੱਚ ਪੱਧਰੀ ਕਮੇਟੀ ਬਣਾਈ ਗਈ ਹੈ, ਜਿਸ ਦੇ ਚਲਦੇ ਹੜ੍ਹ ਪੀੜ੍ਹਤ ਇਲਾਕਿਆਂ ਵਿਖੇ ਸੀਨੀਅਰ ਅਧਿਕਾਰੀ ਨਿਯੁਕਤ ਕੀਤੇ ਗਏ ਹਨ ਤਾਂ ਜੋ ਰਾਹਤ ਦਾ ਕੰਮ ਸੰਚਾਰੂ ਅਤੇ ਨਿਰਵਿਘਨ ਤਰੀਕੇ ਨਾਲ ਸੰਭਵ ਹੋ ਸਕੇ।

ਉਨ੍ਹਾਂ ਕਿਹਾ ਕਿ ਰਾਹਤ ਸਮੱਗਰੀ ਦੇ ਟਰੱਕ ਹਲਕੇ ਵਿੱਚੋਂ ਲਗਾਤਾਰ ਲੋਕਾਂ ਦੇ ਸਹਿਯੋਗ ਨਾਲ ਭੇਜੇ ਜਾ ਰਹੇ ਹਨ ਇਹ ਕਾਰਜ ਲਗਾਤਾਰ ਜਾਰੀ ਰਹੇਗਾ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ, ਨਿੱਜੀ ਤੌਰ 'ਤੇ ਵਿੱਤੀ ਸਹਾਇਤਾ ਦਾ ਕੀਤਾ ਵਾਅਦਾ

**ਚੰਡੀਗੜ੍ਹ, 2 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪਿੰਡ ਨੜ੍ਹਾਂਵਾਲੀ, ਕਲਾਨੌਰ, ਮਛਰਾਲਾ, ਪੱਖੋਕੇ ਤੇ ਡੇਰਾ ਬਾਬਾ ਨਾਨਕ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਗਏ ਰਾਹਤ ਕੈਂਪਾਂ ਵਿੱਚ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਹੜ੍ਹ ਪ੍ਰਭਾਵਿਤ ਖੇਤਰਾਂ ▾ਚੋਂ ਰਾਹਤ ਕੈਂਪਾਂ ਵਿੱਚ ਪਹੁੰਚੇ ਵਿਅਕਤੀਆਂ ਨੂੰ ਰਾਹਤ ਸਮਗਰੀ ਵੰਡੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸੰਕਟ ਦੀ ਇਹ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਉਹ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਅਤੇ ਹੜ੍ਹਾਂ ਕਾਰਨ ਲੋਕਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੁੱਚੀ ਪੰਜਾਬ ਸਰਕਾਰ ਹੀ ਹੜ੍ਹ ਪੀੜ੍ਹਤਾਂ ਦੀ ਹਰ ਤਰ੍ਹਾਂ ਨਾਲ ਮਦਦ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸਭ ਤੋਂ ਪਹਿਲਾਂ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਲਈ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ ਅਤੇ ਹੋਰ ਲੋੜਵੰਦ ਤੱਕ ਖਾਣ-ਪੀਣ ਦੀ ਰਾਹਤ ਸਮਗਰੀ ਪਹੁੰਚਾਈ ਜਾ ਰਹੀ ਹੈ। ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ ਅਤੇ ਇਸ ਸਭ ਵਿੱਚ ਸਮਾਜ ਸੇਵੀ ਸੰਸਥਾਵਾਂ ਦਾ ਵੀ ਵੱਡਾ ਸਹਿਯੋਗ ਮਿਲ ਰਿਹਾ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਲੋਕਾਂ ਨੂੰ ਸਿਹਤ ਪੱਖੋਂ ਕੋਈ ਸਮੱਸਿਆ ਨਾ ਆਵੇ ਇਸ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ ਅਤੇ ਹੜ੍ਹ ਦੇ ਪਾਣੀ ਨਾਲ ਹੋਣ ਵਾਲੇ ਡੇਂਗੂ, ਮਲੇਰੀਆ ਤੇ ਡਾਇਰੀਆ ਸਮੇਤ ਹੋਰਨਾਂ ਬਿਮਾਰੀ ਦੇ ਖਤਰੇ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਕੋਲੋਂ ਪੈਰਾ ਮੈਡੀਕਲ ਸਟਾਫ਼ ਸਮੇਤ 100 ਐਂਬੂਲੈਂਸਾਂ ਦੀ ਮੰਗ ਕੀਤੀ ਹੈ ਜੋ ਜਲਦੀ ਹੀ ਪਹੁੰਚ ਜਾਣਗੀਆਂ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹਾਂ ਨਾਲ ਲੋਕਾਂ ਦੀਆਂ ਫਸਲਾਂ ਤੇ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜ੍ਹਤ ਪਰਿਵਾਰਾਂ ਦੀ ਜਿੱਥੇ ਪੰਜਾਬ ਸਰਕਾਰ ਵੱਲੋਂ ਹਰ ਤਰਾਂ ਨਾਲ ਮਦਦ ਕੀਤੀ ਜਾ ਰਹੀ ਹੈ ਉੱਥੇ ਉਹ ਆਪਣੇ ਵੱਲੋਂ ਵੀ ਇੱਕ ਹੜ੍ਹ ਪੀੜ੍ਹਤ ਕਿਸਾਨ ਦਾ ਪਰਿਵਾਰ ਤੇ ਇੱਕ ਮਜ਼ਦੂਰ ਦਾ ਪਰਿਵਾਰ ਦੀ ਇੱਕ-ਇੱਕ ਲੱਖ ਰੁਪਏ ਦੀ ਮਾਲੀ ਸਹਾਇਤਾ ਕਰਨਗੇ।

## ਨਹੀਂ ਰੁਕ ਰਿਹਾ ਕੁਦਰਤ ਦਾ ਕਹਿਰ ! ਪੰਜਾਬ 'ਚ ਹੜ੍ਹਾਂ ਨਾਲ ਭਾਰੀ ਤਬਾਹੀ

ਚੰਡੀਗੜ੍ਹ/ਜਲੰਧਰ 2 ਸਤੰਬਰ। ਪੰਜਾਬ ਦੇ ਮਾਲ, ਮੁੜ-ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਐਤਵਾਰ ਨੂੰ ਦੱਸਿਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ 'ਚੋਂ ਹੁਣ ਤੱਕ ਕੁੱਲ੍ਹ 14936 ਲੋਕਾਂ ਨੂੰ ਬਾਹਰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ। ਸੂਬਾ ਸਰਕਾਰ ਦੀ ਪੂਰੀ ਮਸ਼ੀਨਰੀ, ਐੱਨ. ਡੀ. ਆਰ. ਐੱਫ., ਐੱਸ. ਡੀ. ਆਰ. ਐੱਫ, ਫ਼ੌਜ ਅਤੇ ਪੰਜਾਬ ਪੁਲਸ ਦੇ ਜਵਾਨ ਹੜ੍ਹਾਂ 'ਚ ਜਾਨ-ਮਾਲ ਦੀ ਰਾਖੀ ਲਈ ਦਿਨ-ਰਾਤ ਲੱਗੇ ਹੋਏ ਹਨ। ਜ਼ਿਲ੍ਹਾ ਅੰਮ੍ਰਿਤਸਰ 'ਚ 1700 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ ਜਦਕਿ ਬਰਨਾਲਾ 'ਚ 25, ਫ਼ਾਜ਼ਿਲਕਾ 'ਚ 1599, ਫਿਰੋਜ਼ਪੁਰ 'ਚ 3265, ਗੁਰਦਾਸਪੁਰ 'ਚ 5456, ਹੁਸ਼ਿਆਰਪੁਰ 'ਚ 1052, ਕਪੂਰਥਲਾ 'ਚ 362, ਮਾਨਸਾ 'ਚ 163, ਮੋਗਾ 'ਚ 115, ਪਠਾਨਕੋਟ 'ਚ 1139 ਤੇ ਜ਼ਿਲਾ ਤਰਨਤਾਰਨ 'ਚ ਹੁਣ ਤੱਕ 60 ਵਿਅਕਤੀ ਹੜ੍ਹਾਂ ਦੇ ਪਾਣੀ 'ਚੋਂ ਸੁਰੱਖਿਅਤ ਕੱਢੇ ਗਏ ਹਨ। ਮੁੰਡੀਆਂ ਨੇ ਦੱਸਿਆ ਕਿ ਹੜ੍ਹਾਂ 'ਚੋਂ ਕੱਢੇ ਜਾ ਰਹੇ ਵਿਅਕਤੀਆਂ ਦੀ ਗਿਣਤੀ ਵਧਣ ਦੇ ਨਾਲ-ਨਾਲ ਹੀ ਕੈਂਪਾਂ ਦੀ ਗਿਣਤੀ ਵੀ ਵਧਾਈ ਗਈ ਹੈ। ਇਸ ਸਮੇਂ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ 122 ਰਾਹਤ ਕੈਂਪ ਚਲ ਰਹੇ ਹਨ, ਜਿਨ੍ਹਾਂ 'ਚ 6582 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ 'ਚ 16 ਕੈਂਪ ਸਥਾਪਤ ਕੀਤੇ ਗਏ ਹਨ। ਇਸੇ ਤਰ੍ਹਾਂ ਬਰਨਾਲਾ 'ਚ 1, ਫ਼ਾਜ਼ਿਲਕਾ 'ਚ 7, ਫਿਰੋਜ਼ਪੁਰ 'ਚ 8, ਗੁਰਦਾਸਪੁਰ 'ਚ 25, ਹੁਸ਼ਿਆਰਪੁਰ 'ਚ 20, ਕਪੂਰਥਲਾ 'ਚ 4, ਮਾਨਸਾ 'ਚ 1, ਮੋਗਾ 'ਚ 5, ਪਠਾਨਕੋਟ 'ਚ 14, ਸੰਗਰੂਰ 'ਚ 1 ਅਤੇ ਪਟਿਆਲਾ 'ਚ 20 ਕੈਂਪ ਸਥਾਪਤ ਕੀਤੇ ਗਏ ਹਨ। ਸਮੂਹ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਇਨ੍ਹਾਂ ਕੈਂਪਾਂ 'ਚ ਜ਼ਰੂਰਤ ਦੀਆਂ ਸਾਰੀਆਂ ਵਸਤਾਂ ਯਕੀਨੀ ਬਣਾਉਣ। ਉਨ੍ਹਾਂ ਦੱਸਿਆ ਕਿ ਜ਼ਿਲਾ ਅੰਮ੍ਰਿਤਸਰ ਦੇ ਕੈਂਪਾਂ 'ਚ 170 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ ਜਦਕਿ ਬਰਨਾਲਾ ਵਿਖੇ 25, ਫ਼ਾਜ਼ਿਲਕਾ ਵਿਖੇ 652, ਫਿਰੋਜ਼ਪੁਰ ਵਿਖੇ 3987, ਗੁਰਦਾਸਪੁਰ ਵਿਖੇ 411, ਹੁਸ਼ਿਆਰਪੁਰ ਵਿਖੇ 478, ਕਪੂਰਥਲਾ ਵਿਖੇ 110, ਮਾਨਸਾ ਵਿਖੇ 163, ਮੋਗਾ ਵਿਖੇ 115, ਪਠਾਨਕੋਟ ਵਿਖੇ 411 ਅਤੇ ਜ਼ਿਲ੍ਹਾ ਸੰਗਰੂਰ ਦੇ ਰਾਹਤ ਕੈਂਪਾਂ ਵਿਚ 60 ਵਿਅਕਤੀ ਰੁਕੇ ਹੋਏ ਹਨ। ਹੜ੍ਹਾਂ ਕਾਰਨ ਹੁਣ ਤੱਕ ਪੰਜਾਬ ਦੇ ਕੁੱਲ੍ਹ 1312 ਪਿੰਡ ਪ੍ਰਭਾਵਿਤ ਹੋਏ ਹਨ।

## ਗਰੀਬ ਪਰਿਵਾਰ ਲਈ ਕਹਿਰ ਬਣਿਆ ਮੀਂਹ ! ਘਰ ਡਿੱਗਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ

ਬੁਢਲਾਡਾ 2 ਸਤੰਬਰ। ਬਾਰਿਸ਼ ਕਾਰਨ ਇਕ ਗਰੀਬ ਕਿਸਾਨ ਦਾ ਘਰ ਡਿੱਗ ਗਿਆ। ਇਸ ਘਟਨਾ ਵਿਚ ਜਾਨੀ ਨੁਕਸਾਨ ਤੋਂ ਤਾਂ ਬਚਾਅ ਰਿਹਾ, ਪਰ ਪਰਿਵਾਰ ਦਾ ਲੱਖਾਂ ਰੁਪਏ ਦਾ ਆਰਥਿਕ ਨੁਕਸਾਨ ਹੋ ਗਿਆ। ਜਾਣਕਾਰੀ ਮੁਤਾਬਕ ਗਰੀਬ ਕਿਸਾਨ ਸ਼ਿੰਦਰ ਸਿੰਘ ਪੁੱਤਰ ਮਹਿਲ ਸਿੰਘ ਜੋ ਵਾਰਡ ਨੰਬਰ 6 ਬੁਢਲਾਡਾ 'ਚ ਰਹਿੰਦਾ ਸੀ। ਰਾਤ ਨੂੰ ਮੀਂਹ ਪੈਣ ਕਾਰਨ ਮਕਾਨ ਉੱਪਰ ਚੁਬਾਰਾ ਅਤੇ ਕਮਰਿਆਂ ਦੀ ਛੱਤ ਡਿੱਗ ਗਈਆਂ, ਜਿਸ ਕਾਰਨ ਕਮਰੇ ਵਿਚ ਫਰਿੱਜ, ਅਲਮਾਰੀ, ਬੈੱਡ ਆਦਿ ਘਰੇਲੂ ਸਮਾਨ ਪੂਰੀ ਤਰ੍ਹਾਂ ਟੁੱਟ ਗਿਆ ਹੈ ਅਤੇ ਉਕਤ ਗਰੀਬ ਪਰਿਵਾਰ ਦਾ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ ਹੈ। ਇਸ ਮਕਾਨ ਦੇ ਬਾਕੀ ਹਿੱਸੇ ਦੀ ਹਾਲਤ ਵੀ ਡਿੱਗਣ ਵਾਲੀ ਬਣੀ ਹੋਈ ਹੈ। ਇਸ ਮੌਕੇ 'ਤੇ ਨਗਰ ਸੁਧਾਰ ਸਭਾ ਬੁਢਲਾਡਾ ਦੇ ਆਗੂ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਅਤੇ ਕਾਂਗਰਸ ਪਾਰਟੀ ਦੇ ਆਗੂ ਬਾਜ ਸਿੰਘ ਹੰਝਰਾ ਨੇ ਦੱਸਿਆ ਕਿ ਉਕਤ ਕਿਸਾਨ ਪਰਿਵਾਰ ਆਰਥਿਕ ਪੱਖੋਂ ਪਹਿਲਾਂ ਹੀ ਕਾਫੀ ਟੁੱਟਿਆ ਹੋਇਆ ਹੈ ਅਤੇ ਮਜ਼ਦੂਰੀ ਕਰਕੇ ਆਪਣਾ ਜੀਵਨ ਨਿਰਵਾਹ ਕਰ ਰਿਹਾ ਹੈ। ਉਕਤ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਮੁੱਖ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਉਕਤ ਗਰੀਬ ਪਰਿਵਾਰ ਨੂੰ ਰਾਹਤ ਫੰਡ 'ਚੋਂ ਆਰਥਿਕ ਮਦਦ ਕੀਤੀ ਜਾਵੇ।

### ਭਾਰੀ ਮੀਂਹ ਕਾਰਣ ਪੰਜਾਬ ਦਾ ਇਹ ਹਾਈਵੇਅ ਕੁਝ ਦਿਨਾਂ ਲਈ ਬੰਦ !

ਪਟਿਆਲਾ/ਪਾਤੜਾਂ 2 ਸਤੰਬਰ। ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਨੇ ਲਗਾਤਾਰ ਬਾਰਿਸ਼ ਕਾਰਨ ਦੌਲਤਪੁਰ ਵਿਖੇ ਵੱਡੀ ਨਦੀ 'ਤੇ ਬਣਿਆ ਅਸਥਾਈ ਡਾਇਵਰਜ਼ਨ (ਹਾਈਵੇਅ) ਨੂੰ ਅਗਲੇ ਕੁਝ ਦਿਨਾਂ ਲਈ ਬੰਦ ਕਰ ਦਿੱਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ (ਸਿਵਲ) ਪੰਜਾਬ ਮੰਡੀ ਬੋਰਡ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਡਾਇਵਰਜ਼ਨ ਦੀ ਮਿੱਟੀ ਨਰਮ ਅਤੇ ਅਸਥਿਰ ਹੋ ਗਈ ਹੈ, ਜਿਸ ਨਾਲ ਯਾਤਰੀਆਂ ਲਈ ਸੁਰੱਖਿਆ ਜ਼ੋਖਮ ਪੈਦਾ ਹੋ ਗਿਆ ਹੈ। ਇਸ ਲਈ ਜਨਤਕ ਸੁਰੱਖਿਆ ਦੇ ਹਿੱਤ ਵਿਚ ਡਾਇਵਰਜ਼ਨ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰ ਦਿੱਤਾ ਗਿਆ ਹੈ ਜਦੋਂ ਤੱਕ ਬਾਰਿਸ਼ ਘੱਟ ਨਹੀਂ ਜਾਂਦੀ ਅਤੇ ਹਾਲਾਤ ਸਥਿਰ ਨਹੀਂ ਹੋ ਜਾਂਦੇ, ਜਿਸ ਵਿਚ ਲਗਭਗ 4-5 ਦਿਨ ਲੱਗਣ ਦੀ ਉਮੀਦ ਹੈ। ਉਨ੍ਹਾਂ ਨੇ ਇਸ ਰਸਤੇ ਵਿਚੋਂ ਲੰਘਣ ਵਾਲੇ ਰਾਹਗੀਰਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਬਦਲਵੇਂ ਰਸਤੇ ਅਰਬਨ ਅਸਟੇਟ ਫੇਜ਼-2, ਸਾਧੂ ਬੇਲਾ ਰੋਡ, ਮਹਿਮੂਦਪੁਰ ਅਰਾਈਆਂ, ਦੌਲਤਪੁਰ ਰਾਹੀਂ ਦੌਲਤਪੁਰ ਜਾਣ ਵਾਲੇ ਰਸਤੇ ਦੀ ਵਰਤੋਂ ਕਰਨ। ਉਨ੍ਹਾਂ ਲੋਕਾਂ ਦੀ ਸੁਰੱਖਿਆ ਲਈ ਸਹਿਯੋਗ ਦੀ ਮੰਗ ਕੀਤੀ ਹੈ।

# ਮੋਦੀ ਜੀ ਦੇ ਜਨਮਦਿਨ ਮੌਕੇ ਤੇ ਦਿੱਲੀ ਵਿੱਚ 'ਸੇਵਾ ਪਖਵਾੜਾ' ਦਾ ਆਯੋਜਨ ਕੀਤਾ ਜਾਵੇਗਾ: ਰੇਖਾ ਗੁਪਤਾ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 2 ਸਤੰਬਰ: ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਐਲਾਨ ਕੀਤਾ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 17 ਸਤੰਬਰ ਤੋਂ 2 ਅਕਤੂਬਰ ਤੱਕ, ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ 'ਤੇ ਸੇਵਾ ਪਖਵਾੜਾ ਆਯੋਜਿਤ ਕੀਤਾ ਜਾਵੇਗਾ। ਇਸ ਸਮੇਂ ਦੌਰਾਨ, ਦਿੱਲੀ ਸਰਕਾਰ 75 ਨਵੀਆਂ ਸੇਵਾਵਾਂ ਅਤੇ ਯੋਜਨਾਵਾਂ ਜਨਤਾ ਨੂੰ ਸਮਰਪਿਤ ਕਰੇਗੀ। ਇਸ ਵਿੱਚ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ, ਨੀਂਹ ਪੱਥਰ ਰੱਖਣਾ ਅਤੇ ਲੰਬੇ ਸਮੇਂ ਤੋਂ ਲਟਕ ਰਹੇ ਕੰਮਾਂ ਦੀ ਸ਼ੁਰੂਆਤ ਸ਼ਾਮਲ ਹੋਵੇਗੀ। ਮੁੱਖ ਮੰਤਰੀ ਨੇ ਵਿਰੋਧੀ ਆਗੂਆਂ ਦੇ ਹਾਲ ਹੀ ਵਿੱਚ ਵਿਵਾਦਪੂਰਨ ਬਿਆਨਾਂ 'ਤੇ ਸਖ਼ਤ ਗੁੱਸਾ ਪ੍ਰਗਟ ਕੀਤਾ ਅਤੇ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਦੀ ਸਵਰਗੀ ਮਾਤਾ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਨਾ ਸਿਰਫ਼ ਰਾਜਨੀਤੀ ਦੇ ਪੱਧਰ ਨੂੰ ਨੀਵਾਂ ਕਰਦੀ ਹੈ, ਸਗੋਂ ਸਮੁੱਚੇ ਮਹਿਲਾ ਸਮਾਜ ਦਾ ਅਪਮਾਨ ਵੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਕੱਲ੍ਹ ਦਿੱਲੀ ਸਕੱਤਰੇਤ ਵਿਖੇ ਇੱਕ ਪ੍ਰੈਸ ਕਾਨਫਰੰਸ ਵਿੱਚ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮਦਿਨ ਅਤੇ ਸੇਵਾ ਪਖਵਾੜੇ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਇਹ ਸੇਵਾ ਪਖਵਾੜਾ ਸਿਰਫ਼ ਇੱਕ ਰਸਮੀ ਸਮਾਗਮ ਨਹੀਂ ਹੋਵੇਗਾ, ਸਗੋਂ ਜਨਤਾ ਨੂੰ ਅਸਲ ਲਾਭ ਪਹੁੰਚਾਉਣ ਵਾਲੀਆਂ ਯੋਜਨਾਵਾਂ ਨੂੰ ਲਾਗੂ ਕਰਨਾ ਯਕੀਨੀ ਬਣਾਏਗਾ। ਇਹ ਸਮਾਗਮ ਉਨ੍ਹਾਂ ਦੇ ਸਮਰਪਣ ਅਤੇ ਤਪੱਸਿਆ ਨੂੰ ਸ਼ਰਧਾਂਜਲੀ ਹੈ, ਜਿਸ ਰਾਹੀਂ ਉਨ੍ਹਾਂ ਨੇ ਆਪਣੇ ਜੀਵਨ ਦੇ ਹਰ ਪਲ ਨੂੰ ਦੇਸ਼ ਦੇ ਵਿਕਾਸ ਅਤੇ ਤਰੱਕੀ ਲਈ ਸਮਰਪਿਤ ਕੀਤਾ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਕਦੇ ਵੀ ਇਹ




ਨਹੀਂ ਦੇਖਿਆ ਕਿ ਕਿਹੜੀ ਪਾਰਟੀ ਕਿਸ ਰਾਜ ਵਿੱਚ ਸੱਤਾ ਵਿੱਚ ਹੈ; ਉਨ੍ਹਾਂ ਨੇ ਹਮੇਸ਼ਾ ਹਰ ਰਾਜ ਅਤੇ ਹਰ ਨਾਗਰਿਕ ਲਈ ਬਰਾਬਰ ਕੰਮ ਕੀਤਾ ਹੈ। ਦਿੱਲੀ ਸਰਕਾਰ ਵੀ ਉਨ੍ਹਾਂ ਦੇ ਸਨਮਾਨ ਵਿੱਚ ਇਸੇ ਭਾਵਨਾ ਨਾਲ ਇਸ ਸੇਵਾ ਪਖਵਾੜੇ ਦਾ ਆਯੋਜਨ ਕਰ ਰਹੀ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਦੱਸਿਆ ਕਿ ਦਿੱਲੀ ਸਰਕਾਰ ਪ੍ਰਧਾਨ ਮੰਤਰੀ ਦੇ ਜਨਮਦਿਨ ਤੋਂ ਸ਼ੁਰੂ ਹੋਣ ਵਾਲੇ ਇਸ ਸੇਵਾ ਪਖਵਾੜੇ ਦੌਰਾਨ ਕਈ ਯੋਜਨਾਵਾਂ ਦਾ ਉਦਘਾਟਨ ਅਤੇ ਸ਼ੁਰੂਆਤ ਕਰੇਗੀ। ਇਨ੍ਹਾਂ ਵਿੱਚ 150 ਆਯੁਸ਼ਮਾਨ ਅਰੋਗਿਆ ਮੰਦਰਾਂ ਦਾ ਉਦਘਾਟਨ, ਤੀਬਰ ਸਫਾਈ ਮੁਹਿੰਮ (ਦਿੱਲੀ ਨੂੰ ਕੂੜੇ ਤੋਂ ਮੁਕਤ ਕਰਨਾ), ਪੰਜ ਵੱਡੇ ਹਸਪਤਾਲਾਂ ਦਾ ਉਦਘਾਟਨ, ਸਿੱਖਿਆ, ਰਿਹਾਇਸ਼, ਆਵਾਜਾਈ ਅਤੇ ਨਾਗਰਿਕ ਸਹੂਲਤਾਂ ਨਾਲ ਸਬੰਧਤ ਕਈ ਮਹੱਤਵਪੂਰਨ ਪ੍ਰੋਜੈਕਟ ਸ਼ਾਮਲ ਹੋਣਗੇ। ਇਹ ਸਾਰੇ ਕੰਮ ਨਾ ਸਿਰਫ਼ ਜਨਹਿੱਤ ਨਾਲ ਸਬੰਧਤ ਹੋਣਗੇ, ਸਗੋਂ 'ਵਿਕਸਤ ਦਿੱਲੀ' ਪ੍ਰਤੀ ਸਾਡੀ ਵਚਨਬੱਧਤਾ ਨੂੰ ਵੀ ਅੱਗੇ ਵਧਾਉਣਗੇ। ਉਨ੍ਹਾਂ ਕਿਹਾ ਕਿ ਦਿੱਲੀ ਸਰਕਾਰ ਮਾਣਯੋਗ ਪ੍ਰਧਾਨ ਮੰਤਰੀ ਦੀ ਅਗਵਾਈ ਤੋਂ ਪ੍ਰੇਰਿਤ ਹੋ ਕੇ ਸੇਵਾ ਅਤੇ ਵਿਕਾਸ ਦੇ ਰਾਹ 'ਤੇ ਲਗਾਤਾਰ ਅੱਗੇ ਵਧ ਰਹੀ ਹੈ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਸ ਸੇਵਾ ਪਖਵਾੜੇ ਦੌਰਾਨ ਯੋਜਨਾਵਾਂ ਦੇ ਸਿੱਧੇ ਲਾਭ ਜਨਤਾ ਤੱਕ ਪਹੁੰਚਣ ਅਤੇ ਦਿੱਲੀ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਪਹੁੰਚੇ। ਮੁੱਖ ਮੰਤਰੀ ਰੇਖਾ ਗੁਪਤਾ ਨੇ ਵਿਰੋਧੀ ਆਗੂਆਂ ਦੇ ਹਾਲੀਆ ਵਿਵਾਦਤ ਬਿਆਨਾਂ 'ਤੇ ਸਖ਼ਤ ਗੁੱਸਾ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਦੀ ਸਵਰਗੀ ਮਾਂ ਵਿਰੁੱਧ ਅਪਮਾਨਜਨਕ ਭਾਸ਼ਾ ਦੀ ਵਰਤੋਂ ਨਾ ਸਿਰਫ਼ ਰਾਜਨੀਤੀ ਦੇ ਪੱਧਰ ਨੂੰ ਘਟਾਉਂਦੀ ਹੈ ਬਲਕਿ ਸਮੁੱਚੇ ਮਹਿਲਾ ਸਮਾਜ ਦਾ ਅਪਮਾਨ ਵੀ ਹੈ। ਉਨ੍ਹਾਂ ਕਿਹਾ ਕਿ ਜਦੋਂ ਕੋਈ ਨੇਤਾ ਜਨਤਕ ਮੰਚ ਤੋਂ ਮਾਂ ਵਰਗੇ ਪਵਿੱਤਰ ਉਪਾਧੀ ਦੀ ਦੁਰਵਰਤੋਂ ਕਰਦਾ ਹੈ, ਤਾਂ ਇਹ ਪੂਰੀ ਮਾਂ ਦਾ ਅਪਮਾਨ ਹੈ। ਇਹ ਰਾਜਨੀਤੀ ਦਾ ਸਭ ਤੋਂ ਨੀਵਾਂ ਪੱਧਰ ਹੈ। ਅਫ਼ਸੋਸ ਦੀ ਗੱਲ ਹੈ ਕਿ ਅੱਜ ਤੱਕ ਇਨ੍ਹਾਂ ਆਗੂਆਂ ਨੇ ਨਾ ਤਾਂ ਮੁਆਫ਼ੀ ਮੰਗੀ ਹੈ ਅਤੇ ਨਾ ਹੀ ਕਿਸੇ ਕਿਸਮ ਦਾ ਪਛਤਾਵਾ ਪ੍ਰਗਟ ਕੀਤਾ ਹੈ।

# ਮੀਤ ਹੇਅਰ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ, ਹੜ੍ਹਾਂ ਮਾਰੇ ਪੰਜਾਬ ਨੂੰ ਤੁਰੰਤ ਮਿਲੇ ਵਿਸ਼ੇਸ਼ ਪੈਕੇਜ

**ਕੌਮੀ ਪਤ੍ਰਿਕਾ**

ਚੰਡੀਗੜ੍ਹ 2 ਸਤੰਬਰ। ਪਿਛਲੀ ਅੱਧੀ ਸਦੀ ਦੇ ਸਭ ਤੋਂ ਭਿਆਨਕ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਨੂੰ ਇਸ ਆਫ਼ਤ ਵਿੱਚੋਂ ਉਭਰਨ ਅਤੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਬਾਂਹ ਫੜਨ ਲਈ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪੰਜਾਬ ਲਈ ਵਿਸ਼ੇਸ਼ ਰਾਹਤ ਪੈਕੇਜ ਮੰਗਿਆ ਹੈ। ਮੀਤ ਹੇਅਰ ਨੇ ਮੰਗ ਰੱਖੀ ਹੈ ਕਿ ਪੰਜਾਬ ਨੂੰ ਤੁਰੰਤ 20 ਹਜ਼ਾਰ ਕਰੋੜ ਰੁਪਏ ਦੀ ਅੰਤਰਿਮ ਰਾਹਤ ਦਿੱਤੀ ਜਾਵੇ ਅਤੇ ਬਾਕੀ ਨੁਕਸਾਨ ਦੇ ਪੂਰੇ ਜਾਇਜ਼ੇ ਤੋਂ ਬਾਅਦ ਵਿਆਪਕ ਪੈਕੇਜ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਕੇਂਦਰ ਸਰਕਾਰ ਨੂੰ ਪੰਜਾਬ ਦੇ ਰੁਕੇ ਪਏ 60 ਹਜ਼ਾਰ ਕਰੋੜ ਰੁਪਏ ਦੇ ਫੰਡ ਤੁਰੰਤ ਜਾਰੀ ਕਰਨ ਦੀ ਵੀ ਮੰਗ ਰੱਖੀ ਹੈ ਜਿਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਤੁਰੰਤ ਦਖ਼ਲ ਦੇਣ ਦੀ ਮੰਗ ਕੀਤੀ ਹੈ। ਦੇਸ਼ ਦਾ ਢਿੱਡ ਭਰਨ ਵਾਲੇ ਪੰਜਾਬ ਦੀ ਮੱਦਦ ਕਰਨਾ ਹੁਣ ਕੇਂਦਰ ਦਾ ਫਰਜ਼ ਬਣਦਾ ਹੈ। ਮੀਤ ਹੇਅਰ ਨੇ ਕਿਹਾ ਕਿ ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਜਿੱਥੇ ਜਾਨੀ-ਮਾਲੀ, ਪਸ਼ੂ ਡੰਗਰ ਤੇ ਬੁਨਿਆਦੀ ਢਾਂਚੇ ਦਾ ਨੁਕਸਾਨ ਹੋਇਆ ਹੈ ਉਥੇ ਵੱਡੇ ਰਕਬੇ ਵਿਚ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ ਜਿਸ ਦਾ ਸਿੱਧਾ ਮਾੜਾ ਅਸਰ ਦੇਸ਼ ਦੇ ਅੰਨ ਭੰਡਾਰ ਉਪਰ ਹੋਵੇਗਾ। ਦੇਸ਼ ਦੇ ਅੰਨ ਭੰਡਾਰ ਸੂਬੇ ਉਤੇ ਆਈ ਇਸ ਆਫ਼ਤ ਵਿਚ ਕੇਂਦਰ ਸਰਕਾਰ ਨੂੰ ਪੰਜਾਬ ਦੀ ਬਾਂਹ ਫੜਨੀ ਚਾਹੀਦੀ ਹੈ। ਫਸਲ ਦਾ ਨੁਕਸਾਨ ਉਦੋਂ ਹੋਇਆ ਹੈ ਜਦੋਂ ਕਿ ਵਾਢੀ ਸੀਜ਼ਨ ਬੂਹਾਂ ਉਤੇ ਹੈ। ਲੋਕਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਦੇ ਨਾਲ ਪਸ਼ੂਆਂ ਦਾ ਵੀ ਕਾਫ਼ੀ ਨੁਕਸਾਨ ਹੋਇਆ ਹੈ, ਜਿਸ ਨਾਲ ਡੇਅਰੀ ਫਾਰਮਿੰਗ ਅਤੇ ਪਸ਼ੂ ਪਾਲਣ ਦੇ



ਸਹਾਇਕ ਧੰਦਿਆਂ ਉਤੇ ਮਾੜਾ ਅਸਰ ਹੋਇਆ ਹੈ। ਲੋਕ ਸਭਾ ਮੈਂਬਰ ਨੇ ਪੰਜਾਬ ਵਿਚ ਆਏ ਹੜ੍ਹਾਂ ਪਿਛਲੇ ਕਾਰਨਾਂ ਉਤੇ ਝਾਤੀ ਮਾਰਦਿਆਂ ਦੱਸਿਆ ਕਿ ਹਿਮਾਚਲ ਤੇ ਜੰਮੂ ਕਸ਼ਮੀਰ ਵਿਚ ਭਾਰੀ ਬਾਰਸ਼ਾਂ ਕਾਰਨ ਰਾਵੀ ਦਰਿਆ ਵਿਚ ਆਏ ਹੜ੍ਹਾਂ ਕਾਰਨ ਰਣਜੀਤ ਸਾਗਰ ਡੈਮ ਵਿਚ ਪਿਛਲੇ 10 ਦਿਨਾਂ ਵਿਚ 25 ਫੁੱਟ ਪਾਣੀ ਦਾ ਪੱਧਰ ਵਧਿਆ ਜਿਸ ਕਾਰਨ 1988 ਵਿਚ ਛੱਡੇ ਪਾਣੀ ਤੋਂ ਵੱਧ ਪਾਣੀ ਛੱਡਿਆ ਜਾ ਰਿਹਾ ਹੈ। ਇਸ ਦੇ ਸਿੱਟੇ ਵਜੋਂ ਮਾਝੇ ਦੇ ਤਿੰਨ ਜ਼ਿਲਿਆਂ ਵਿਚ 300 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ। ਇਸੇ ਤਰ੍ਹਾਂ ਪੌਂਗ ਡੈਮ ਵਿਚ ਵਧੇ ਪਾਣੀ ਦੇ ਪੱਧਰ ਕਾਰਨ ਬਿਆਸ ਵਿਚ ਪਾਣੀ ਛੱਡੇ ਜਾਣ ਨਾਲ ਕਪੂਰਥਲਾ, ਹੁਸ਼ਿਆਰਪੁਰ ਜ਼ਿਲੇ ਦੇ ਕਈ ਪਿੰਡ ਹੜ੍ਹਾਂ ਦੀ ਮਾਰ ਹੇਠ ਆਏ। ਹਿਮਾਚਲ ਪ੍ਰਦੇਸ਼ ਵਿਚ ਭਾਰੀ ਬਾਰਸ਼ਾਂ ਕਾਰਨ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ ਵਧਣ ਕਾਰਨ ਸਤਲੁਜ ਦਰਿਆ ਕੰਡੇ ਜ਼ਿਲ੍ਹਿਆਂ ਨੂੰ ਵੱਡੀ ਮਾਰ ਪਈ ਹੈ। ਬੀਤੇ ਦਿਨ ਤੋਂ ਪੈ ਰਹੀ ਬਾਰਸ਼ ਕਾਰਨ ਘੱਗਰ ਕੰਡਿਆਂ ਵਿਚ ਹਾਈ ਅਲਰਟ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਨਿਰੰਤਰ ਮੀਂਹ ਪੈ ਰਹੇ ਹਨ ਅਤੇ ਜੋ ਸਤੰਬਰ ਵਿਚ ਵੀ ਜਾਰੀ ਹਨ। ਮੀਤ ਹੇਅਰ ਨੇ ਪ੍ਰਧਾਨ ਮੰਤਰੀ ਨੂੰ ਇਸ ਸਥਿਤੀ ਦੇ ਮੱਦੇਨਜ਼ਰ ਪੰਜਾਬ ਨੂੰ ਵਿਸ਼ੇਸ਼ ਕੇਂਦਰੀ ਪੈਕੇਜ ਦੇਣ ਦੀ ਮੰਗ ਕੀਤੀ ਹੈ। ਇਸ ਪੈਕੇਜ ਵਿਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ, ਨੁਕਸਾਨੇ ਬੁਨਿਆਦੀ ਢਾਂਚਾ ਨੂੰ ਮੁੜ ਤਿਆਰ ਕਰਨਾ ਜਿਸ ਵਿੱਚ ਸਿੰਜਾਈ ਵਿਵਸਥਾ ਅਤੇ ਦਰਿਆਵਾਂ ਦੇ ਕੰਡਿਆਂ ਦੀ ਮੁਰੰਮਤ ਸ਼ਾਮਲ ਹੋਵੇ। ਘੱਗਰ ਦੇ ਪੱਕੇ ਪ੍ਰਬੰਧ ਦੇ ਨਾਲ ਦਰਿਆਵਾਂ ਦੇ ਕੰਡੇ ਘੱਟੋ-ਘੱਟ ਸਾਢੇ ਚਾਰ ਫੁੱਟ ਤੱਕ ਮਜ਼ਬੂਤੀ ਨਾਲ ਤਿਆਰ ਕਰਨਾ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਜਿਵੇਂ ਕੇਂਦਰੀ ਗ੍ਰਹਿ ਮੰਤਰੀ ਵੱਲੋਂ ਜੰਮੂ ਕਸ਼ਮੀਰ ਦਾ ਦੌਰਾ ਕੀਤਾ ਗਿਆ, ਉਸੇ ਤਰ੍ਹਾਂ ਪੰਜਾਬ ਵਿਚ ਵੀ ਕੇਂਦਰ ਸਰਕਾਰ ਵਿਚ ਤਾਇਨਾਤ ਉਚ ਆਗੂਆਂ ਦਾ ਦੌਰਾ ਕਰਵਾਇਆ ਜਾਵੇ ਤਾਂ ਜੋ ਉਹ ਜ਼ਮੀਨੀ ਪੱਧਰ ਉਤੇ ਹੋਏ ਨੁਕਸਾਨ ਨੂੰ ਖੁਦ ਦੇਖ ਸਕਣ।

## ਖੰਨਾ 'ਚ ਬਿਜਲੀ ਸਪਲਾਈ ਠੱਪ ! ਗਰਿੱਡ 'ਚ ਵੜਿਆ ਬਰਸਾਤੀ ਪਾਣੀ

ਖੰਨਾ 2 ਸਤੰਬਰ। ਖੰਨਾ 'ਚ ਭਾਰੀ ਮੀਂਹ ਦੇ ਨਾਲ 66 ਕੇਵੀ ਗਰਿੱਡ ਦੀ ਕੰਧ ਟੁੱਟ ਗਈ ਤੇ ਮੀਂਹ ਦਾ ਪਾਣੀ ਗਰਿੱਡ 'ਚ ਆ ਵੜਿਆ। ਇਸ ਕਾਰਨ ਸ਼ਹਿਰ ਦੀ ਬਿਜਲੀ ਸਪਲਾਈ ਠੱਪ ਹੋ ਗਈ। ਪਾਣੀ ਕੱਢਣ ਲਈ ਬਚਾਅ ਕਾਰਜ ਜਾਰੀ ਹਨ। ਬਿਜਲੀ ਮਹਿਕਮੇ ਦੇ ਐਕਸੀਅਨ ਅਮਨ ਗੁਪਤਾ ਨੇ ਕਿਹਾ ਕਿ ਜੀ.ਟੀ. ਰੋਡ ਤੋਂ ਪਾਣੀ ਗਰਿੱਡ ਅੰਦਰ ਆ ਰਿਹਾ ਸੀ। ਪਹਿਲਾਂ ਥੈਲੇ ਲਗਾ ਕੇ ਪਾਣੀ ਰੋਕਿਆ ਗਿਆ। ਇਸੇ ਦੌਰਾਨ ਕੰਧ ਡਿੱਗ ਗਈ ਅਤੇ ਪਾਣੀ ਅੰਦਰ ਆ ਗਿਆ। ਇਸ ਕਾਰਨ ਤੁਰੰਤ ਬਿਜਲੀ ਸਪਲਾਈ ਬੰਦ ਕੀਤੀ ਗਈ। ਪ੍ਰਸ਼ਾਸਨ ਨੇ ਆ ਕੇ ਮਦਦ ਕੀਤੀ ਅਤੇ ਕਾਫੀ ਹੱਦ ਤੱਕ ਬਚਾਅ ਕੀਤਾ ਗਿਆ। ਦੂਜੇ ਪਾਸੇ ਨਗਰ ਕੌਂਸਲ ਦੇ ਈ.ਓ. ਗੁਰਬਖਸ਼ੀਸ਼ ਸਿੰਘ ਨੇ ਕਿਹਾ ਕਿ ਬਿਜਲੀ ਮਹਿਕਮੇ ਦੀ ਪੂਰੀ ਮਦਦ ਕੀਤੀ ਜਾ ਰਹੀ ਹੈ।

### ਇਨ੍ਹਾਂ ਇਲਾਕਿਆਂ 'ਚ ਅਣਮਿੱਥੇ ਸਮੇਂ ਲਈ ਬੰਦ ਰਹੇਗੀ ਬਿਜਲੀ !

ਦੋਰਾਹਾ 2 ਸਤੰਬਰ। ਪੰਜਾਬ ਵਿਚ ਇਸ ਵੇਲੇ ਜਿੱਥੇ ਬਹੁਤ ਸਾਰੇ ਇਲਾਕੇ ਹੜ੍ਹ ਦੀ ਲਪੇਟ ਵਿਚ ਹਨ, ਉੱਥੇ ਹੀ ਅੱਜ ਸਵੇਰ ਤੋਂ ਹੋ ਰਹੀ ਬਰਸਾਤ ਕਾਰਨ ਬਾਕੀ ਇਲਾਕਿਆਂ ਵਿਚ ਵੀ ਪਾਣੀ ਜਮ?ਹਾਂ ਹੋ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵਿਚਾਲੇ ਕਈ ਬਿਜਲੀ ਘਰਾਂ ਵਿਚ ਵੀ ਪਾਣੀ ਭਰ ਗਿਆ ਹੈ, ਜਿਸ ਕਾਰਨ ਅਹਿਤਿਆਤਨ ਬਿਜਲੀ ਸਪਲਾਈ ਵੀ ਬੰਦ ਕਰਨੀ ਪਈ ਹੈ। ਜਾਣਕਾਰੀ ਮੁਤਾਬਕ ਲਗਾਤਾਰ ਬਾਰਿਸ਼ ਕਾਰਨ ਫ਼ੋਕਲ ਪੁਆਇੰਟ ਫੇਜ਼ 5 ਸਥਿਤ 66 ਕੇ. ਵੀ. ਗਰਿੱਡ ਸ਼ੇਰਪੁਰ ਤੇ ਫੇਜ਼ 6 ਸਥਿਤ ਢੰਡਾਰੀ ਕਲਾਂ ਬਿਜਲੀ ਸਬ-ਸਟੇਸ਼ਨ ਵਿਚ ਪਾਣੀ ਭਰ ਗਿਆ ਹੈ। ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਇੱਥੋਂ ਦੇ ਸਾਰੇ ਫ਼ੀਡਰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤੇ ਗਏ ਹਨ

# ਕੁਦਰਤੀ ਆਫ਼ਤ ਕਾਰਨ ਬੱਚੇ ਦੀ ਮੌਤ 'ਤੇ ਵਿਧਾਇਕ ਨੇ ਦਿੱਤਾ 4 ਲੱਖ ਰੁਪਏ ਦਾ ਮੁਆਵਜ਼ਾ

**ਕੌਮੀ ਪਤ੍ਰਿਕਾ**

ਤਪਾ ਮੰਡੀ 2 ਸਤੰਬਰ। ਵਿਧਾਇਕ ਲਾਭ ਸਿੰਘ ਉਗੋਕੇ ਨੇ ਕਰੰਟ ਲੱਗਣ ਕਾਰਨ ਮਰਨ ਵਾਲੇ 12 ਸਾਲ ਦੇ ਬੱਚੇ ਲਈ ਉਸ ਦੇ ਪਰਿਵਾਰ ਨੂੰ ਪਿਆਰਾ ਲਾਲ ਬਸਤੀ ਵਿਚ ਜਾ ਕੇ 4 ਲੱਖ ਰੁਪਏ ਦੀ ਸਰਕਾਰੀ ਸਹਾਇਤਾ ਦਾ ਚੈੱਕ ਦਿੱਤਾ। ਬਾਅਦ ਵਿਚ ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁਦਰਤੀ ਆਫਤ ਨਾਲ ਬਰਨਾਲਾ ਜ਼ਿਲ੍ਹੇ ਵਿਚ ਮੀਂਹ ਦੀ ਮਾਰ ਨਾਲ ਕਿਸਾਨਾਂ ਦੀਆਂ ਫਸਲਾਂ, ਲੋਕਾਂ ਦੇ ਮਕਾਨ ਡਿੱਗਣ ਅਤੇ ਛੱਤਾਂ ਹੇਠ ਆ ਕੇ ਮਰਨ ਵਾਲਿਆਂ ਦੇ ਪਰਿਵਾਰਾਂ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ, ਜਿਸ ਨੂੰ ਦੇਖਦੇ ਹੋਏ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਫ਼ੈਸਲਾ ਕੀਤਾ ਹੈ ਕਿ ਪੀੜਤ ਪਰਿਵਾਰਾਂ ਦੀ ਮਾਇਕ ਸਹਾਇਤਾ ਲਈ ਪਾਰਟੀ ਦੇ ਸਾਰੇ ਵਿਧਾਇਕ 1-1 ਮਹੀਨੇ ਦੀ ਤਨਖ਼ਾਹ ਦੇਣਗੇ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਪਰਿਵਾਰਾਂ ਦੀਆਂ ਮੀਂਹ ਕਾਰਨ ਛੱਤਾਂ ਡਿੱਗ ਗਈਆਂ ਹਨ। ਉਨ੍ਹਾਂ ਦੇ ਪਰਿਵਾਰਾਂ ਨੂੰ ਸਵਾ ਮਹੀਨੇ ਦੇ ਅੰਦਰ-ਅੰਦਰ 1 ਲੱਖ 80 ਹਜ਼ਾਰ ਰੁਪਏ ਦੀ ਮਦਦ ਕੀਤੀ ਜਾਵੇਗੀ। ਇਸੇ ਤਰ੍ਹਾਂ ਮਕਾਨਾਂ ਦੀਆਂ ਛੱਤਾਂ ਡਿੱਗਣ ਕਾਰਨ ਜਿਨ੍ਹਾਂ ਦੀ ਮੌਤ ਹੋ ਗਈ ਹੈ ਉਨ੍ਹਾਂ ਦੇ ਪਰਿਵਾਰ ਨੂੰ 4 ਲੱਖ ਰੁਪਏ ਦਿੱਤੇ



ਜਾਣਗੇ। ਉਨ੍ਹਾਂ ਦੱਸਿਆ ਕਿ ਹਲਕਾ ਭਦੌੜ ਵਿਚ ਅਜਿਹੇ 2 ਪਰਿਵਾਰਾਂ ਨਾਲ ਅਣਹੋਣੀ ਹੋਈ ਹੈ ਜਿਨ੍ਹਾਂ ਵਿਚ ਦੋ ਜਣਿਆਂ ਦੀ ਮੌਤ ਹੋ ਗਈ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ 4-4 ਲੱਖ ਰੁਪਏ ਉਨ੍ਹਾਂ ਦੇ ਘਰ ਜਾ ਕੇ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਹਲਕੇ ਦੇ ਪਿੰਡਾਂ ਅਤੇ ਸ਼ਹਿਰਾਂ ਦਾ ਸਰਵੇਖਣ ਕਰਵਾਇਆ ਜਾ ਰਿਹਾ ਹੈ ਤਾਂ ਕਿ ਮਕਾਨਾਂ ਦੀਆਂ ਛੱਤਾਂ ਅਤੇ ਮੀਂਹ ਨਾਲ ਹੋਏ ਹੋਰ ਨੁਕਸਾਨ ਦਾ ਜਾਇਜ਼ਾ ਲੈ ਕੇ ਭਰਪਾਈ ਕੀਤੀ ਜਾ ਸਕੇ। ਇਸੇ ਤਰ੍ਹਾਂ ਜਿਨ੍ਹਾਂ ਕਿਸਾਨਾਂ ਦੀ ਮੀਂਹ ਨਾਲ ਝੋਨੇ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਦੀ ਵੀ ਗਿਰਦਾਵਰੀ ਕਰਵਾ ਜਾ ਰਹੀ ਹੈ ਵਿਧਾਇਕ ਉਗੋਕੇ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਕਿਸਾਨਾਂ ਅਤੇ ਹੋਰ ਪ੍ਰਭਾਵਿਤ ਪਰਿਵਾਰਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਨਗਰ ਕੌਂਸਲ ਤਪਾ ਦੇ ਪ੍ਰਧਾਨ ਸੋਨਿਕਾ ਬਾਂਸਲ ਦੇ ਪਤੀ ਡਾ. ਬਾਲ ਚੰਦ ਬਾਂਸਲ,ਮੀਤ ਪ੍ਰਧਾਨ ਦੇ ਪਤੀ ਅਰਵਿੰਦ ਰੰਗੀ,ਮਾਰਕੀਟ ਕਮੇਟੀ ਭਦੌੜ ਦੇ ਚੇਅਰਮੈਨ ਅੰਮ੍ਰਿਤ ਸਿੰਘ ਢਿਲਵਾਂ,ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਜਸਵਿੰਦਰ ਸਿੰਘ ਚੱਠਾ ਅਤੇ ਗੁਰਤੇਜ ਸਿੰਘ ਦਰਾਕਾ,ਅਮਨਦੀਪ ਸਿੰਘ ਦਰਾਕਾ,ਹੈਰੀ ਧੂਰਕੋਟ,ਮਿੰਟੂ,ਸਿਕੰਦਰ ਸਿੰਘ ਸਵਰਨਕਾਰ,ਜਗਦੇਵ ਸਿੰਘ ਜੱਗਾ,ਮੁਨੀਸ਼ ਗਰਗ,ਰਿੰਕਾ ਅਰੋੜਾ,ਜੱਸੀ ਬਾਸੀ,ਰਾਜ ਮਾਰਕੰਡਾ,ਮੁਖਤਿਆਰ ਸਿੰਘ,ਬਿੰਦਰ ਖਰੋੜ,ਪਰਮਜੀਤ ਸਿੰਘ ਢਿੱਲੋਂ ਬਸਤੀ,ਦੇਵ ਮਹਿਰਾ,ਚੌਂਕੀ ਇੰਚਾਰਜ ਬਲਜੀਤ ਸਿੰਘ ਢਿਲੋਂ ਆਦਿ ਤੋਂ ਇਲਾਵਾ ਵਿਧਾਇਕ ਉਗੋਕੇ ਮਕਾਨ ਦੀ ਛੱਤ ਡਿੱਗਣ ਕਾਰਨ ਇਕ ਮਹਿਲਾ ਦੀ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਉਨ੍ਹਾਂ ਦੇ ਘਰ ਵੀ ਗਏ।

### ਪੰਜਾਬ 'ਚ ਹੜ੍ਹਾਂ ਨੂੰ ਦੇਖਦਿਆਂ ਸਰਕਾਰ ਦਾ ਵੱਡਾ ਫ਼ੈਸਲਾ

ਚੰਡੀਗੜ੍ਹ 2 ਸਤੰਬਰ। ਪੰਜਾਬ ਵਿੱਚ ਪੈਦਾ ਹੋਏ ਹੜ੍ਹਾਂ ਦੇ ਹਾਲਾਤ ਨੂੰ ਧਿਆਨ ਵਿੱਚ ਰੱਖਦਿਆਂ ਇਹ ਫ਼ੈਸਲਾ ਲਿਆ ਗਿਆ ਹੈ ਕਿ SCVT ਦੀਆਂ ਪ੍ਰੀਖਿਆਵਾਂ ਨੂੰ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਫ਼ੈਸਲਾ ਵਿਦਿਆਰਥੀਆਂ ਅਤੇ ਆਈ. ਟੀ. ਆਈ. ਦੇ ਸਟਾਫ਼ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਸੂਬੇ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੋਸ਼ਲ ਮੀਡੀਆ ਰਾਹੀਂ ਇਸ ਫ਼ੈਸਲੇ ਸਬੰਧੀ ਐਲਾਨ ਕੀਤਾ। ਮੰਤਰੀ ਹਰਜੋਤ ਸਿੰਘ ਬੈਂਸ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਮੁਤਾਬਕ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿਚ ਰੱਖਦੇ ਹੋਏ ਸੂਬੇ ਦੇ ਸਾਰੇ ਸਰਕਾਰੀ/ਏਡਿਡ/ਮਾਨਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲਾਂ ਵਿੱਚ 3 ਸਤੰਬਰ 2025 ਤੱਕ ਛੁੱਟੀਆਂ ਕਰ ਦਿੱਤੀਆਂ ਗਈਆਂ ਹਨ।

## ਬਾਬਾ ਨੰਦ ਸਿੰਘ ਜੀ ਨੇ ਸਮੁੱਚੀ ਲੋਕਾਈ ਨੂੰ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ: ਭੁਪਿੰਦਰ ਸਿੰਘ

ਲੁਧਿਆਣਾ 2 ਸਤੰਬਰ: ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਵੱਲੋਂ ਅੱਜ ਗੁਰਦੁਆਰਾ ਸ਼?ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ ਵਿਖੇ ਬੜੀ ਸ਼ਰਧਾ ਭਾਵਨਾ ਦੇ ਨਾਲ ਸੰਤ ਬਾਬਾ ਨੰਦ ਸਿੰਘ ਨਾਨਕਸਰ ਵਾਲਿਆਂ ਦੀ 82ਵੀਂ ਬਰਸੀ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ ਗਿਆ। ਜਿਸ ਅੰਦਰ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਲਖਬੀਰ ਸਿੰਘ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ । ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਨੇ ਕਿਹਾ ਕਿ ਨਾਨਕਸਰ ਸੰਪਰਦਾਇ ਦੇ ਬਾਨੀ ਸੰਤ ਬਾਬਾ ਨੰਦ ਸਿੰਘ ਜੀ ਸੇਵਾ ਤੇ ਭਗਤੀ ਦਾ ਮੁਜੱਸਮਾ ਸਨ, ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲਦਿਆਂ ਹੋਇਆਂ ਸਮੁੱਚੀ ਲੋਕਾਈ ਨੂੰ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ। ਜਿਸ ਦੇ ਸਦਕਾ ਸਮੁੱਚੇ ਸੰਸਾਰ ਅੰਦਰ ਉਨ੍ਹਾਂ ਦਾ ਤਪ ਅਸਥਾਨ ਗੁਰਦੁਆਰਾ ਨਾਨਕਸਰ ਕਲੇਰਾਂ ਨੂੰ ਭਗਤੀ ਦੇ ਘਰ ਵਜੋਂ ਜਾਣਿਆ ਜਾਂਦਾ ਹੈ। ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਅਸੀਂ ਸੰਤ ਬਾਬਾ ਨੰਦ ਸਿੰਘ ਜੀ ਦੇ ਉਪਦੇਸ਼ਾਂ ਤੇ ਸਿੱਖਿਆਵਾਂ ਨੂੰ ਸਮੁੱਚੀ ਮਾਨਵਤਾ ਤੱਕ ਪੁਹੰਚਾਣ ਦਾ ਯਤਨ ਕਰੀਏ ਅਤੇ ਆਪ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ ਆਪਣਾ ਜੀਵਨ ਸਫਲ ਬਣਾਈਏ। ਇਸ ਦੌਰਾਨ ਨਿਸ਼ਕਾਮ ਨਾਮ ਸਿਮਰਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸ੍ਰ: ਭੁਪਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਜਿੱਥੇ ਸਾਝੇ ਤੌਰ ਤੇ ਗੁਰੂ ਘਰ ਦੇ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਕੀਤਾ,ਉੱਥੇ ਨਾਲ ਹੀ ਜਾਣਕਾਰੀ ਦਿੱਤੀ ਕਿ ਅਗਲੇ ਹਫਤੇ ਦੇ ਕੀਰਤਨ ਸਮਾਗਮ ਅੰਦਰ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਸੁਖਦੇਵ ਸਿੰਘ ਲੁਧਿਆਣੇ ਵਾਲੇ ਤੇ ਭਾਈ ਪਰਮਿੰਦਰ ਸਿੰਘ ਪਵਾਰ ਦੇ ਕੀਰਤਨੀ ਜੱਥੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕਰਨਗੇ।ਕੀਰਤਨ ਸਮਾਗਮ ਦੌਰਾਨ ਸ੍ਰ: ਇੰਦਰਜੀਤ ਸਿੰਘ ਮੱਕੜ, ਬਾਬਾ ਅਜੀਤ ਸਿੰਘ, ਸ੍ਰ: ਜਤਿੰਦਰਪਾਲ ਸਿੰਘ ਸਲੂਜਾ, ਕਰਨੈਲ ਸਿੰਘ ਬੇਦੀ, ਪ੍ਰਿਤਪਾਲ ਸਿੰਘ, ਇੰਦਰਪਾਲ ਸਿੰਘ ਕਾਲੜਾ, ਕਮਲਦੀਪ ਸਿੰਘ ਕਾਲੜਾ , ਮੁਹੰਮਦ ਸਿਰਾਜ ਫਰੈਸ਼ ਮਿਲਕ ਵਾਲੇ, ਡਾ: ਮਨਰੂਪ ਕੌਰ ਬਾਣੀ, ਪਰਮਜੀਤ ਸਿੰਘ ਡੀਮਾਰਟੇ,ਪਰਮਿੰਦਰਪਾਲ ਸਿੰਘ ਡੀਮਾਰਟੇ, ਹਰਮੀਤ ਸਿੰਘ ਡੰਗ, ਜਗਬੀਰ ਸਿੰਘ, ਡਾ: ਕਰਨਦੀਪ ਸਿੰਘ ਸਿਮਰਨ, ਬਲਫਤਿਹ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਸ਼ੈਫ ਕੁਨਾਲ ਕਪੂਰ ਨੇ ਬਾਵਰਚੀ ਸੀਜ਼ਨ-2 ਨੂੰ ਆਪਣੀ ਰਸੋਈ ਕਲਾ ਨਾਲ ਬਣਾਇਆ ਖ਼ਾਸ, ਸੀ.ਟੀ. ਯੂਨੀਵਰਸਿਟੀ 'ਚ ਹੋਇਆ ਭਵਿਆ ਸਮਾਪਨ

**ਕੌਮੀ ਪਤ੍ਰਿਕਾ**

ਲੁਧਿਆਣਾ 2 ਸਤੰਬਰ। ਬਾਵਰਚੀ ਸੀਜ਼ਨ-2, ਇੱਕ ਵੱਡਾ ਪੈਨ-ਇੰਡੀਆ ਲੈਵਲ ਕੂਕਿੰਗ ਮੁਕਾਬਲਾ, ਸ਼ੈਫਕਲਾ ਵੱਲੋਂ ਨੌਂਲੂ ਕੌਰਾ, ਨਵਿਆ ਕੌਰਾ ਤੇ ਕਨੁਪ੍ਰਿਆ ਕੌਰਾ ਦੇ ਸਾਥ ਨਾਲ, ਸੀ.ਟੀ. ਯੂਨੀਵਰਸਿਟੀ, ਲੁਧਿਆਣਾ ਵਿੱਚ ਸ਼ਾਨਦਾਰ ਢੰਗ ਨਾਲ ਸਮਾਪਤ ਹੋਇਆ। ਇਸ ਪ੍ਰੋਗਰਾਮ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਬਿਹਤਰੀਨ ਰਸੋਈ-ਕਲਾਕਾਰਾਂ ਨੇ ਭਾਗ ਲਿਆ, ਜਿੱਥੇ ਨਵੀਂ ਸੋਚ, ਰਚਨਾਤਮਕਤਾ ਤੇ ਖਾਣੇ ਪ੍ਰਤੀ ਜਜ਼ਬੇ ਦਾ ਜਸ਼ਨ ਮਨਾਇਆ ਗਿਆ। ਇਸ ਸੀਜ਼ਨ ਵਿੱਚ 180 ਤੋਂ ਵੱਧ ਭਾਗੀਦਾਰਾਂ ਨੇ ਦੋ ਸ਼੍ਰੇਣੀਆਂ - ਹੋਮ ਕੁੱਕ ਅਤੇ ਸਟੂਡੈਂਟ - ਵਿੱਚ ਹਿੱਸਾ ਲਿਆ। ਪਹਿਲਾ ਰਾਊਂਡ ਮਹਾਰਾਜਾ ਰੀਜੈਂਸੀ, ਲੁਧਿਆਣਾ ਵਿੱਚ ਹੋਇਆ, ਜਿਸ ਤੋਂ ਬਾਅਦ 31 ਫਾਈਨਲਿਸਟ ਸੀ.ਟੀ. ਯੂਨੀਵਰਸਿਟੀ ਵਿੱਚ ਹੋਏ ਫਾਈਨਲ ਲਈ ਚੁਣੇ ਗਏ। ਇਸ ਸ਼ਾਮ ਦੀ ਸਭ ਤੋਂ ਵੱਡੀ ਖ਼ਾਸੀਅਤ ਸੀ ਸੈਲੀਬ੍ਰਿਟੀ ਸ਼ੈਫ ਕੁਨਾਲ ਕਪੂਰ ਦੀ ਹਾਜ਼ਰੀ, ਜਿਨ੍ਹਾਂ ਨੇ ਨਾ ਸਿਰਫ਼ ਫਾਈਨਲ ਜੱਜ ਕੀਤਾ, ਸਗੋਂ ਦਰਸ਼ਕਾਂ ਨਾਲ ਗੱਲਬਾਤ ਕਰਦਿਆਂ ਆਪਣੇ ਰਸੋਈ ਅਨੁਭਵ ਤੇ ਟਿਪਸ ਵੀ ਸਾਂਝੇ ਕੀਤੇ। ਜੂਰੀ ਪੈਨਲ ਵਿੱਚ ਭਾਰਤ ਦੇ ਮਸ਼ਹੂਰ ਸ਼ੈਫ ਸ਼ਾਮਲ ਸਨ - ਸ਼ੈਫ ਸੰਜੀਵ ਵਰਮਾ, ਸ਼ੈਫ ਅਜੈ ਸੂਦ, ਸ਼ੈਫ ਆਸ਼ੀਸ਼ ਭਸੀਨ, ਸ਼ੈਫ ਗੁੰਜਨ ਗੋਇਲਾ, ਸ਼ੈਫ ਵਿਕਾਸ ਚਾਵਲਾ, ਸ਼ੈਫ ਰਾਹੁਲ ਵਾਲੀ, ਡਾ. ਸ਼ੈਫ ਵਰਿੰਦਰ ਸਿੰਘ ਰਾਣਾ ਅਤੇ ਸ਼ੈਫ ਵਿਸ਼ਵਦੀਪ ਬਾਲੀ। ਇਨ੍ਹਾਂ ਦੀਆਂ ਸਲਾਹਾਂ ਅਤੇ ਤਜਰਬੇ ਨੇ ਮੁਕਾਬਲੇ ਨੂੰ ਹੋਰ ਵੀ ਵਿਸ਼ਵਾਸਯੋਗ ਬਣਾਇਆ। ਕਾਰਜਕ੍ਰਮ ਦੀ ਸ਼ੋਭਾ ਵਧਾਉਣ ਲਈ ਹਾਜ਼ਰ ਸਨ - ਚਾਂਸਲਰ ਸ੍ਰ: ਚਰਨਜੀਤ ਸਿੰਘ ਚੰਨੀ, ਪ੍ਰੋ: ਚਾਂਸਲਰ ਡਾ: ਮਨਬੀਰ ਸਿੰਘ, ਪਦਮ ਸ਼੍ਰੀ ਅਵਾਰਡੀ ਤੇ ਕ੍ਰੇਮਿਕਾ ਦੀ ਸੰਸਥਾਪਕ ਰਜਨੀ ਬੈਕਟਰ, ਲੁਧਿਆਣਾ ਦੇ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਮਹੀਲਾ ਮੋਰਚਾ ਦੀ ਪ੍ਰਧਾਨ ਰਾਸ਼ੀ ਅਗਰਵਾਲ ਅਤੇ ਪ੍ਰਸਿੱਧ ਸ਼ਿਕਸ਼ਕ ਵੀਨਾ ਡੀ'ਸੂਜ਼ਾ ਤੇ ਮਾਰੀਆ (ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ, ਸੈਕਰੇਡ ਹਾਰਟ ਕਾਨਵੈਂਟ ਸਕੂਲ, ਸਰਾਭਾ ਨਗਰ)। ਸਮਾਗਮ ਦੀ ਸ਼ੁਰੂਆਤ ਦੀਵੇ ਦੀ ਲੌ ਜਲਾਉਣ ਅਤੇ ਗਣੇਸ਼ ਵੰਦਨਾ ਨਾਲ ਹੋਈ। ਪ੍ਰੋਗਰਾਮ ਦਾ ਖ਼ਾਸ ਆਕਰਸ਼ਣ ਰਿਹਾ ਸ਼ੈਫ ਰਾਹੁਲ ਵਾਲੀ ਅਤੇ ਸ਼ੈਫ ਵਿਸ਼ਵਦੀਪ ਬਾਲੀ ਵਿਚਕਾਰ ਮਨੋਰੰਜਕ ਕੂਕ-ਆਫ਼, ਜਦਕਿ ਸ਼ੈਫ ਕੁਨਾਲ ਕਪੂਰ ਦੀ ਦਰਸ਼ਕਾਂ ਨਾਲ ਗੱਲਬਾਤ ਨੇ ਹਾਲ ਵਿੱਚ ਰੌਣਕ ਪਾਈ ਰੱਖੀ। ਇਸ ਦੌਰਾਨ ਸ਼ੈਫ ਵਿਕਾਸ ਚਾਵਲਾ ਨੇ ਅੱਜ ਦੇ ਭੋਜਨ ਵਿੱਚ ਮਿਲਟਸ (ਸ਼੍ਰੀ ਅੰਨ) ਦੀ ਮਹੱਤਤਾ ਬਾਰੇ ਸੋਚਵਾਂਧਕ ਵਿਚਾਰ ਸਾਂਝੇ ਕੀਤੇ। ਐਂਕਰ ਸਾਹਿਲ ਸਾਹਨੀ ਨੇ ਮਨੋਰੰਜਕ ਖੇਡਾਂ ਨਾਲ ਦਰਸ਼ਕਾਂ ਨੂੰ ਜੋੜਿਆ ਰੱਖਿਆ ਅਤੇ ਫਾਈਨਲ ਦਾ ਸਮਾਪਨ ਸੀ.ਟੀ. ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਭੰਗੜੇ ਨਾਲ ਹੋਇਆ। ਅੰਤ ਵਿੱਚ ਸਪਾਂਸਰਾਂ, ਜੂਰੀ ਮੈਂਬਰਾਂ ਅਤੇ ਖ਼ਾਸ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ ਅਤੇ ਫਿਰ ਜੇਤੂਆਂ ਦੀ ਘੋਸ਼ਣਾ ਹੋਈ। ਖੁਸ਼ੀ ਅਤੇ ਤਾਲੀਆਂ ਦੇ ਸ਼ੋਰ ਨਾਲ ਗੂੰਜਦੇ ਹਾਲ ਵਿੱਚ ਬਾਵਰਚੀ ਸੀਜ਼ਨ-2 ਨੇ ਰਸੋਈ ਕਲਾ ਦੇ ਖੇਤਰ ਵਿੱਚ ਨਵਾਂ ਮਾਪਦੰਡ ਸੈੱਟ ਕੀਤਾ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਖ਼ਾਸ ਤੌਰ 'ਤੇ ਹਾਜ਼ਰੀ ਭਰ ਕੇ ਨੌਜਵਾਨ ਰਸੋਈ-ਕਲਾਕਾਰਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਖਾਣੇ ਨੂੰ ਕੇਵਲ ਕਰੀਅਰ ਹੀ ਨਹੀਂ ਸਗੋਂ ਕਲਾ ਦੇ ਰੂਪ ਵਿੱਚ ਵੀ ਅਪਣਾਉਣ। ਉਨ੍ਹਾਂ ਦੇ ਸ਼ਬਦਾਂ ਨੇ ਭਾਗੀਦਾਰਾਂ ਨੂੰ ਸੀਮਾਵਾਂ ਤੋਂ ਬਾਹਰ ਸੋਚਣ ਅਤੇ ਭਾਰਤ ਦੀ ਵਿਭਿੰਨ ਭੋਜਨ ਵਿਰਾਸਤ 'ਤੇ ਮਾਣ ਕਰਨ ਲਈ ਉਤਸ਼ਾਹਿਤ ਕੀਤਾ। ਬਾਵਰਚੀ, ਜਿਸਦੀ ਸ਼ੁਰੂਆਤ ਨੌਂਲੂ ਕੌਰਾ ਨੇ



ਕੀਤੀ ਸੀ, ਭਾਰਤ ਦੀ ਧਨਵਾਨ ਭੋਜਨ-ਸੰਸਕ੍ਰਿਤੀ ਦਾ ਜਸ਼ਨ ਹੈ। ਇਹ ਮੰਚ ਘਰੇਲੂ ਰਸੋਈਏ ਅਤੇ ਵਿਦਿਆਰਥੀਆਂ ਨੂੰ ਰਾਸ਼ਟਰੀ ਪੱਧਰ 'ਤੇ ਆਪਣੀ ਛੁਪੀ ਹੋਈ ਪ੍ਰਤਿਭਾ ਵਿਖਾਉਣ ਦਾ ਮੌਕਾ ਦਿੰਦਾ ਹੈ। ਸੀਜ਼ਨ-2 ਦੀ ਕਾਮਯਾਬੀ ਨਾਲ ਇਹ ਪਹਿਲ ਰਾਸ਼ਟਰੀ ਪੱਧਰ 'ਤੇ ਪਛਾਣ ਹਾਸਲ ਕਰ ਚੁੱਕੀ ਹੈ ਅਤੇ ਰਸੋਈ ਨਵੀਨਤਾ ਤੇ ਜਜ਼ਬੇ ਨੂੰ ਇੱਕ ਮੰਚ 'ਤੇ ਲਿਆਉਣ ਦੇ ਆਪਣੇ ਮਿਸ਼ਨ ਨੂੰ ਜਾਰੀ ਰੱਖ ਰਹੀ ਹੈ। ਸ਼ੈਫ ਕੁਨਾਲ ਕਪੂਰ ਦੀ ਟਿੱਪਣੀ:"ਇਹ ਦੇਖਣਾ ਬਹੁਤ ਪ੍ਰੇਰਣਾਦਾਇਕ ਹੈ ਕਿ ਭਾਰਤ ਦੇ ਹਰ ਕੋਨੇ ਤੋਂ ਇੰਨੀ ਪ੍ਰਤਿਭਾ ਸਾਹਮਣੇ ਆ ਰਹੀ ਹੈ। ਬਾਵਰਚੀ ਵਰਗੇ ਮੰਚ ਨਾ ਸਿਰਫ਼ ਖਾਣਾ ਬਣਾਉਣ ਦੇ ਜਜ਼ਬੇ ਨੂੰ ਪਛਾਣਦੇ ਹਨ, ਸਗੋਂ ਆਉਣ ਵਾਲੇ ਸ਼ੈਫਜ਼ ਨੂੰ ਪ੍ਰੇਰਿਤ ਕਰਦੇ ਹਨ ਕਿ ਉਹ ਭਾਰਤੀ ਭੋਜਨ ਨੂੰ ਵਿਸ਼ਵ ਪੱਧਰ ਤੱਕ ਲੈ ਕੇ ਜਾਣ। ਸੀ.ਟੀ. ਯੂਨੀਵਰਸਿਟੀ ਨੇ ਇਸ ਸੁਆਦ ਤੇ ਹੁਨਰ ਦੇ ਜਸ਼ਨ ਲਈ ਸ਼ਾਨਦਾਰ ਮੰਚ ਪ੍ਰਦਾਨ ਕੀਤਾ ਹੈ। "ਸੀ.ਟੀ. ਯੂਨੀਵਰਸਿਟੀ ਹਮੇਸ਼ਾਂ ਹਰ ਖੇਤਰ ਵਿੱਚ ਪ੍ਰਤਿਭਾ ਨੂੰ ਉਭਾਰਨ ਵਿੱਚ ਵਿਸ਼ਵਾਸ ਰੱਖਦੀ ਹੈ ਅਤੇ ਬਾਵਰਚੀ ਸੀਜ਼ਨ-2 ਦੀ ਮੇਜ਼ਬਾਨੀ ਕਰਨਾ ਸਾਡੇ ਲਈ ਮਾਣ ਦੀ ਗੱਲ ਹੈ। ਸਾਨੂੰ ਗਰਵ ਹੈ ਕਿ ਇਸ ਮੁਕਾਬਲੇ ਨੇ ਰਸੋਈ ਕਲਾ ਦੇ ਮਹਾਨ ਸ਼ੈਫਜ਼, ਉਭਰਦੇ ਕੂਕਜ਼ ਅਤੇ ਖਾਣੇ ਦੇ ਸ਼ੌਕੀਨਾਂ ਨੂੰ ਇੱਕ ਮੰਚ 'ਤੇ ਲਿਆ ਕੇ ਰਚਨਾਤਮਕਤਾ ਦਾ ਜਸ਼ਨ ਮਨਾਇਆ।